ਅਗਸਤ 2023

# ਗੁਰਮਤਿ ਵਿਰਸਾ

# GURMAT VIRSA गुरमति विरसा

Year-5, Issue-1, August 2023, Ludhiana gurmatvirsa@gmail.com Multilingual Price 25/-

## ਗਰਮੀਆਂ ਦੀਆਂ ਛੁੱਟੀਆਂ ਦੌਰਾਨ

## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਲਗਾਏ ਗਏ

# ੪੬ ਗੁਰਮਤਿ ਕੈਂਪ



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਕੁੱਬਾ ਵਲੋਂ ਪਿੰਡ ਓਟਾਲਾਂ (ਸਮਰਾਲਾ) ਵਿਖੇ ਨਵੀਂ ਗੁਰਮਤਿ ਕਲਾਸ ਅਰੰਭ ਕੀਤੀ ਗਈ



ਕੇਂਦਰ ਕੁੱਬਾ ਵਲੋਂ ਲਗਾਏ ਗੁਰਮਤਿ ਕੈਂਪ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਜੰਮੂ ਵਿਖੇ ਗੁਰਮਤਿ ਕੈਂਪ ਲਗਾਉਣ ਵਾਲੇ ਬੱਚੇ ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਨਾਲ।



ਕੇਂਦਰ ਜੰਮੂ ਦੇ ਗੁਰਦੁਆਰਾ ਸਿੰਘ ਸਭਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਡੱਲ੍ਹ ਦੇ ਪਿੰਡ ਖਾਲੜਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਬਾਣੀ ਕੀਰਤਨ ਦੀ ਕਲਾਸ।



ਪਿੰਡ ਨਵੀਂ ਗਲੌਲੀ ਵਿਖੇ ਪ੍ਰਚਾਰਕ ਭਾਈ ਰਾਹੁਲਵੀਰ ਸਿੰਘ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਂਦੇ ਹੋਏ।



ਕੇਂਦਰ ਤਰਨਤਾਰਨ ਦੇ ਰਾਮਗੜ੍ਹੀਆ ਪਬਲਿਕ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਦੇ ਪਿੰਡ ਜੰਡੋਕੇ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।

# ਗੁਰਮਤਿ ਵਿਰਸਾ

**ਅਗਸਤ 2023** **(ਮਾਸਿਕ ਮੈਗਜ਼ੀਨ)**

**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ




**ਸਾਵਣ-ਭਾਦੋਂ ਮਹੀਨੇ ਦੇ ਖਾਸ ਦਿਹਾੜੇ**

- **ਮੋਰਚਾ ਗੁਰੂ ਕਾ ਬਾਗ**
  : 24 ਸਾਵਣ (8 ਅਗਸਤ)
- **ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ**
  : 15 ਭਾਦੋਂ (30 ਅਗਸਤ)

**ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 79733-70542**
ਤੁਸੀਂ ਚੰਦਾ AXIS Bank ਵਿਚ ਸਿੱਧਾ (Online) ਵੀ ਜਮ੍ਹਾ ਕਰਵਾ ਸਕਦੇ ਹੋ
**Branch: Phullanwal, IFS Code - UTIB0000196**

**A/C Name : GURMAT VIRSA**
**A/C No.: 913010032526897**

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
- Responsible for collection of all Printed matter as per PRB Act

**Registration Number of the Newspaper PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਰੋਜ਼ਾਨਾ ਅੰਮ੍ਰਿਤ ਵੇਲਾ ਅਤੇ ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਭਾਰਤ ਦੀ ਅਜ਼ਾਦੀ ਲਈ ਸਿੱਖਾਂ ਦੀਆਂ ਕੁਰਬਾਨੀਆਂ | 9 |
| ਕੀ ਵਾਕਈ ਅੱਜ ਪੰਥ ਖਤਰੇ ਵਿਚ ਹੈ? | 11 |
| ਸ਼ਹੀਦ ਦਲੀਪ ਸਿੰਘ ਸਾਹੋਵਾਲ ਦਾ ਜੀਵਨ | 13 |
| ਯੂਨੀਫਾਰਮ ਸਿਵਲ ਕੋਡ (UCC) | 14 |
| ਅਕਲ, ਗਿਆਨ ਅਤੇ ਸਿਆਣਪ | 17 |
| ਸਤਾਰਾਂ ਹਜ਼ਾਰ ਨਹਿਰੀ ਖਾਲ਼ੇ ਹੋਏ ‘ਗ਼ਾਇਬ’... ! | 20 |
| ਨੰਨੇ ਵਾਰਸ | 22 |
| ਰਾਜਸਥਾਨ ’ਚ ਆਪਣੇ ਹਿਤ ਸਾਧਨ ਲਈ ਮਾਨ ਸਰਕਾਰ ਦੇ... | 24 |
| ਹਾਲੀਵੁੱਡ ਦਾ ਪੂਰਨ ਸਿੱਖੀ ਸਰੂਪ ਵਾਲਾ....ਵਾਰਿਸ ਸਿੰਘ... | 26 |
| ਕਾਵਿ ਕਿਆਰੀ | 27 |
| ਬੇਬੇ ਦੀਆਂ ਯਾਦਾਂ | 28 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 29 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 |
| ਅਖੰਡ ਪਾਠ (ਸਿੱਖ ਰਹੁਰੀਤ) ਕਿਤਾਬਚਾ | 32 |
| ਔਰਤ ਦਾ ਸਤਿਕਾਰ | 33 |
| **ਬਾਬਾ ਸੁੰਦਰ ਜੀ** | **34** |
| ਸਿਹਤ ਸੰਭਾਲ | 35 |
| ਸਾਡੀ ਖੇਤੀ | 37 |
| ਗੁਰਮਤਿ ਸੰਜੋਗ | 38 |
| ਕੈਂਪਾਂ ਦੀ ਸੰਖੇਪ ਰਿਪੋਰਟ | 39 |
| ਜੂਨ ਮਹੀਨੇ ਦੀਆਂ ਸਰਗਰਮੀਆਂ | 41 |

## ਗੁਰਮਤਿ ਵਿਰਸਾ ਮੰਗਵਾਉਣ ਲਈ ਚੰਦਾ

| ਚੰਦਾ | ਦੇਸ਼ | ਵਿਦੇਸ਼ |
|---|---|---|
| ਸਾਲਾਨਾ | 250/- | 50 $ USA |
| ਲਾਈਫ | 3000/- | 300 $ USA |

**ਹੇਠ ਲਿਖੇ ਬੈਂਕ ਅਕਾਊਂਟਸ ਰਾਹੀਂ ਸੇਵਾ ਭੇਜੋ ਜੀ**

**Axis Bank** **Branch : Phullanwal (Ldh)**
**IFS Code : UTIB0000196**

| | |
|---|---|
| - Gurmat Gian | : 913010032529069 |
| - Gurmat Gian Missionary College | : 913010032837193 |
| - Gurmat Gian Charitable Trust | : 913010032525014 |
| - Gurmat Parchar Kendra | : 913010032551518 |
| - Gurmat Virsa | : 913010032526897 |
| - GGT Edu Aid | : 913010032526884 |

## ਜ਼ਰੂਰੀ ਸੂਚਨਾਵਾਂ

- ‘ਗੁਰਮਤਿ ਵਿਰਸਾ’ ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ



# ਚੋਣਾਂ ਤੋਂ ਪਹਿਲਾਂ ਨਫਰਤ, ਦੰਗੇ ਤੇ ਕਤਲੇਆਮ ਦੀ ਫਸਲ ਕਿਉਂ?

ਮੁਲਕ ਨੂੰ ਅਜ਼ਾਦ ਹੋਇਆਂ 76 ਸਾਲ ਹੋ ਗਏ ਹਨ। 15 ਅਗਸਤ ਹਰ ਸਾਲ ਆਉਂਦਾ ਹੈ ਤੇ ਚਲਾ ਜਾਂਦਾ ਹੈ। ਨੇਤਾ ਜਨ ਸਾਰੇ ਭਾਰਤੀਆਂ ਨੂੰ ਸੰਵਿਧਾਨ ਦਾ ਪਾਠ ਪੜ੍ਹਾਉਂਦੇ ਹਨ। ਤਿਰੰਗੇ ਲਹਿਰਾਅ ਕੇ ਜੈ ਹਿੰਦ ਦਾ ਨਾਅਰਾ ਲਾਉਂਦੇ ਹਨ, ਦਾਅਵਾ ਕਰਦੇ ਹਨ, ਕਿ ਸਾਰੀ ਦੁਨੀਆਂ ਨਾਲੋਂ ਸਭ ਤੋਂ ਵਧੀਆ, ਲੋਕਤੰਤਰ ਭਾਰਤ ਵਿਚ ਹੀ ਹੈ। ਲਾਲ ਕਿਲ੍ਹੇ ਤੋਂ ਭਾਸ਼ਣ ਏਦਾਂ ਦਾ ਦਿੱਤਾ ਜਾਂਦਾ ਹੈ ਕਿ ਜੇ ਸਾਡੀ ਪਾਰਟੀ ਨਾ ਹੁੰਦੀ ਤਾਂ ਲੋਕਤੰਤਰ ਖਤਰੇ ਵਿਚ ਪੈ ਸਕਦਾ ਹੈ। ਇਸ ਭਾਸ਼ਣ ਦਾ ਆਮ ਲੋਕਾਂ ਨੂੰ ਕੋਈ ਲਾਭ ਨਹੀਂ ਹੁੰਦਾ ਕੇਵਲ ਅਗਲੀਆਂ ਚੋਣਾਂ ਨੂੰ ਮੁੱਖ ਰੱਖ ਕੇ ਸ਼ਬਦੀ ਜਾਲ ਬੁਣਿਆ ਜਾਂਦਾ ਹੈ। ਮਨੀਪੁਰ ਦੀਆਂ ਘਟਨਾਵਾਂ ਤੋਂ ਸਮਝ ਆਉਂਦੀ ਜਿਵੇਂ 2024 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਕੀਤੀ ਜਾ ਰਹੀ ਹੋਵੇ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਅਜ਼ਾਦੀ ਦੇ ਬਾਅਦ ਚੋਣ ਜਿੱਤਣ ਲਈ ਰਾਜਸੀ ਪਾਰਟੀਆਂ ਜਾਤੀਵਾਦ, ਨਫਰਤ, ਦੰਗੇ ਤੇ ਫਿਰ ਕਤਲੇਆਮ ਕਰਾ ਕੇ ਹਮਦਰਦੀ ਲਈ ਤੁਰ ਪੈਂਦੇ ਹਨ। ਦੰਗੇ ਕਰਾਉਣ ਵਾਲਿਆਂ ਦੀ ਸ਼ਨਾਖ਼ਤ ਹੋਣ ਦੇ ਬਾਵਜੂਦ ਵੀ ਕਿਸੇ ਨੂੰ ਕੋਈ ਮਿਆਰੀ ਸਜ਼ਾ ਨਹੀਂ ਹੁੰਦੀ।

ਅਸਲ ਵਿਚ ਬ੍ਰਿਤਾਂਤ ਹੋਰ ਹੁੰਦਾ ਹੈ ਪਰ ਦਿਖਾਇਆ ਕੁਝ ਹੋਰ ਜਾਂਦਾ ਹੈ। ਰਾਜਨੀਤਿਕ ਪਾਰਟੀਆਂ ਆਪੋ ਆਪਣੀ ਸਰਕਾਰ ਬਣਾਉਣ ਲਈ ਕਈ ਨੀਵੇਂ ਪੱਧਰ ਦੇ ਹੱਥ ਕੰਡੇ ਵਰਤਦੀਆਂ ਹਨ। ਚੋਣਾਂ ਆਉਣ ਤੋਂ ਪਹਿਲਾਂ ਹੀ ਧਰਮ, ਜਾਤ-ਬਰਾਦਰੀ, ਦੇਸ਼ ਨੂੰ ਖਤਰਾ ਤੇ ਰਾਸ਼ਟਰ ਵਿਰੋਧੀ ਹੋਣ ਦਾ ਢੰਡੋਰਾ ਪਿੱਟ ਕੇ ਜਨਤਾ ਨੂੰ ਆਪਸ ਵਿਚ ਲੜਾਇਆ ਜਾਂਦਾ ਹੈ। ਨਫ਼ਰਤ, ਈਰਖਾ ਦੀ ਫਸਲ ਨੂੰ ਪਰਫੁੱਲਤ ਕਰਨ ਲਈ ਮੀਡੀਏ ਰਾਹੀਂ ਭੜਕਾਊ ਪਾਣੀ ਦਿੱਤਾ ਜਾਂਦਾ ਹੈ। ਨਫਰਤ ਘਟਾਉਣ ਦੀ ਬਜਾਏ ਹੋਰ ਹਵਾ ਦਿੱਤੀ ਜਾਂਦੀ ਹੈ। ਨਫਰਤ, ਦੰਗੇ, ਕਤਲੇਆਮ ਦੀ ਫਸਲ ਚੋਣਾਂ ਆਉਣ ਤਕ ਪੂਰੀ ਤਰ੍ਹਾਂ ਪੱਕ ਜਾਂਦੀ ਹੈ।

ਇਤਿਹਾਸ ਵਿਚ ਕੁਝ ਘਟਨਾਵਾਂ ਬੀਤੇ ਕੱਲ ਦੀਆਂ ਲੱਗਦੀਆਂ ਹਨ। 1984 ਨੂੰ ਦਰਬਾਰ ਸਾਹਿਬ 'ਤੇ ਹਮਲਾ, ਨਵੰਬਰ 1984 ਦੀ ਸਿੱਖ ਕਤਲੇਆਮ ਦੇ ਘਿਨਾਉਣੇ ਕਾਰਨਾਮਿਆਂ ਲਈ ਕਾਂਗਰਸ ਪਾਰਟੀ ਦੀ ਸਰਕਾਰ ਜ਼ਿੰਮੇਵਾਰ ਹੈ। ਇਨ੍ਹਾਂ ਨੇ ਨਫਰਤ ਦੀ ਅੱਗ ਬਾਲ ਕੇ ਜਿੱਤ ਦੀਆਂ ਰੋਟੀਆਂ ਸੇਕੀਆਂ। ਭਾਰਤੀ ਜਨਤਾ ਪਾਰਟੀ ਦੀ ਗੁਜਰਾਤ ਵਿਚ ਸਰਕਾਰ ਸੀ ਇਨ੍ਹਾਂ ਦੇ ਸਮੇਂ 2002 ਦਾ ਕਤਲੇਆਮ ਹੋਇਆ। 2014 ਵਿਚ ਫਿਰ ਨਫਰਤ ਦਾ ਬੀਜ ਬੀਜ ਕੇ ਨਫਰਤ ਦੀ ਖੇਤੀ ਵੱਢੀ। ਇਸ ਪਾਰਟੀ ਨੇ ਦੇਸ਼ ਨੂੰ ਧਰਮ ਦੇ ਅਧਾਰ 'ਤੇ ਵੰਡਣ ਦਾ ਰੱਜ ਕੇ ਪ੍ਰਚਾਰ ਕੀਤਾ। ਜੇ ਨਫਰਤ ਤੇ ਦੰਗੇ ਭੜਕਾ ਕੇ ਜਾਂ ਗਿਣ ਮਿਥ ਕੇ ਕਤਲੇਆਮ ਕਰਾ ਕੇ ਕਿ ਰਾਜ ਗੱਦੀ ਮਿਲਦੀ ਹੈ ਤਾਂ ਰਾਜਨੀਤਿਕ ਲੋਕਾਂ ਲਈ ਕੋਈ ਸੌਦਾ ਮਹਿੰਗਾ ਨਹੀਂ ਹੈ।

ਤਾਜ਼ਾ ਘਟਨਾ ਕਰਮ ਨੂੰ ਵੇਖੀਏ ਤਾਂ ਪਿਛਲੇ ਛੇ ਕੁ ਸਾਲ ਤੋਂ ਸਰਕਾਰੀ ਸ਼ਹਿ 'ਤੇ ਸਮਾਜ ਵਿਰੋਧੀ ਅਨਸਰਾਂ ਵਲੋਂ ਦੇਸ਼ ਵਿੱਚ ਮੁਸਲਮਾਨਾਂ, ਦਲਿਤਾਂ, ਆਦੀ ਵਾਸੀਆਂ, ਬੁੱਧੀ ਜੀਵੀਆਂ, ਘੱਟ ਗਿਣਤੀਆਂ ਆਦਿ ਉਤੇ ਵੱਖ-ਵੱਖ ਢੰਗਾਂ ਨਾਲ ਹਮਲੇ ਜਾਰੀ ਹਨ। ਦੇਸ਼ ਅੰਦਰ ਘੱਟ ਗਿਣਤੀਆਂ ਬਹੁਤ ਸਹਿਮ ਵਿਚ ਹਨ ਕਿਉਂਕਿ ਹੁਣ ਇਕਸਾਰ ਨਾਗਰਿਕ ਕਾਨੂੰਨ ਬਣਾਉਣ ਦੀ ਤਿਆਰੀ ਵਿੱਢੀ ਗਈ ਹੈ। ਇਹ ਸਾਰਾ ਕੁਝ ਕਿਉਂ ਕੀਤਾ ਜਾ ਰਿਹਾ ਹੈ? ਇਸ ਦੇ ਕੀ ਸਿੱਟੇ ਨਿਕਲਣਗੇ? ਅਜਿਹੇ ਕਈ ਸਵਾਲ ਇਤਿਹਾਸ ਦੇ ਗਰਭ ਵਿਚ ਪਏ ਹੋਏ ਹਨ।

ਮਨੁੱਖੀ ਸੁਭਾਅ ਵਿਚ ਕੁਦਰਤੀ ਨਫਰਤ ਪਈ ਹੋਈ ਹੈ। ਅਸਲ ਵਿਚ ਨਫਰਤ ਦੀ ਵਰਤੋਂ ਕਿਹੜੀ ਜਗ੍ਹਾ ਕਰਨੀ ਹੈ ਇਹ ਸਮਝ ਦਾ ਮੁੱਦਾ ਹੈ। ਜੇ ਮਨੁੱਖ ਵਿਕਾਰਾਂ, ਈਰਖਾ, ਚੁਗਲੀ, ਨਿੰਦਿਆ, ਜਾਤੀਵਾਦ ਦੇ ਹੰਕਾਰ ਵਰਗੀਆਂ ਬਿਮਾਰੀਆਂ ਵਲੋਂ ਨਫਰਤ ਕਰਦਾ ਤਾਂ ਨਿਸ਼ਚੇ ਸਮਾਜ ਦੀ ਰੂਪ-ਰੇਖਾ ਹੋਰ ਹੋਣੀ ਸੀ। ਰਾਜਨੀਤਿਕ ਨੇਤਾਵਾਂ ਲਈ ਨਫਰਤ ਤੇ ਦੰਗਿਆਂ ਦਾ ਬੀਜ ਬਹੁਤ ਫਿੱਟ ਬੈਠਦਾ ਹੈ।

ਵੱਖ ਵੱਖ ਧਰਮਾਂ ਵਿਚ ਮੁੱਢ ਤੋਂ ਹੀ ਨਫਰਤ ਈਰਖਾ ਤੁਰੀ ਆਉਂਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਦੂਰ-ਅੰਦੇਸ਼ੀ ਨਾਲ ਦੇਖਿਆ ਕਿ ਲੋਕ ਗੁਲਾਮ ਕਿਉਂ ਹਨ? ਇਸ ਦਾ ਕਾਰਨ ਉਨ੍ਹਾਂ ਦੱਸਿਆ ਕਿ ਭਾਈਚਾਰਕ ਸਾਂਝ ਵਿਚ ਨਫਰਤ ਹੀ ਨਫਰਤ ਭਰੀ ਪਈ ਹੈ। ਸਮਾਜ ਤਰੱਕੀ ਕਰਨ ਦੀ ਬਜਾਏ ਇਹ ਇਕ ਦੂਜੇ ਨਾਲ ਨਫਰਤ ਤੇ ਈਰਖਾ ਕਰ ਰਹੇ ਹਨ। ਜਿਸ ਨੂੰ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਲਿਖਦੇ ਹਨ—

**ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ॥ (ਵਾਰ-1, ਪਉੜੀ-19)**

ਦੁਨੀਆਂ ਵਿਖੇ ਗਿਲਾਨੀ (ਨਫਰਤ) ਉੱਠੀ, (ਇਕ ਦੂਜੇ ਤੋਂ ਨੱਕ ਵੱਟਣ ਲੱਗੇ) ਚਾਰ ਵਰਨ (ਖਤਰੀ, ਬ੍ਰਾਹਮਣ, ਵੈਸ਼, ਸ਼ੂਦਰ) ਤੇ ਚਾਰ ਆਸ਼੍ਰਮ (ਗ੍ਰਹਿਸਤੀ, ਬਾਨਪ੍ਰਸਤੀ, ਬ੍ਰਹਮਚਾਰੀ, ਸੰਨਿਆਸੀ) ਪ੍ਰਗਟ ਹੋ ਗਏ।

ਭਾਈ ਗੁਰਦਾਸ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੀ ਆਪਸੀ ਨਫਰਤ ਸਬੰਧੀ ਹੋਰ ਲਿਖਿਆ ਹੈ—

**ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ॥**

**(ਵਾਰ-1, ਪਉੜੀ-33)**

ਆਪੋ ਵਿਚ ਲੋਕ ਈਰਖਾ ਕਰਦੇ ਹਨ, ਰਾਮ ਤੇ ਰਹੀਮ ਇੱਕੋ ਥਾਂ ਖਲੋਤੇ ਹਨ, ਭਾਵ ਦਰਜਾ ਬਰਾਬਰ ਹੈ।

ਨਫਰਤ ਦਾ ਮੂਲ ਰੂਪ ਹਉਮੈ ਵਿਚ ਆਉਂਦਾ ਹੈ-

**ਉਠੀ ਗਿਲਾਨਿ ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ॥**

**(ਵਾਰ-1, ਪਉੜੀ-7)**

ਜਗਤ ਵਿਚ ਵਿਚ ਗਿਲਾਨ (ਨਫਰਤ) ਉਠ ਖਲੋਤੀ, ਹਉਮੈ ਵਿਚ ਲੋਕ ਸੜਨ ਲਗੇ। ਭਾਰਤ ਵਿਚ ਮੁਗਲਾਂ ਦਾ ਰਾਜ ਸੀ ਉਹ ਹਿੰਦੂਆਂ ਨਾਲ ਨਫਰਤ ਕਰਦੇ ਸਨ। ਹਾਕਮ ਧਿਰ ਦੀ ਨਫਰਤ ਤੋਂ ਬਚਣ ਲਈ ਬਹੁ-ਗਿਣਤੀ ਵਿਚ ਹਿੰਦੂ ਲੋਕ ਹਾਕਮਾਂ ਨਾਲ ਰਲ ਕੇ ਚੱਲਣ ਨੂੰ ਤਰਜੀਹ ਦਿੰਦੇ ਸਨ। ਜੇਹਾ ਕਿ ਗੁਰੂ ਨਾਨਕ ਸਾਹਿਬ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ ਕਿ ਭਾਰਤ ਦੇ ਹਿੰਦੂ ਇਕ ਪਾਸੇ ਮੁਸਲਮਾਨਾਂ ਨੂੰ ਮਲੇਸ਼ ਆਖਦੇ ਹਨ ਦੂਜੇ ਪਾਸੇ ਉਨ੍ਹਾਂ ਦੀ ਨੌਕਰੀ ਵੀ ਕਰੀ ਜਾਂਦੇ ਹਨ—

**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੈ ਪੂਜਹਿ ਪੁਰਾਣੁ॥ (472)**

ਨੀਲੇ ਰੰਗ ਦੇ ਵਸਤ੍ਰ ਪਹਿਨ ਕੇ ਹੀ ਤੁਰਕ ਹਾਕਮਾਂ ਪਾਸ ਜਾਇਆ ਜਾ ਸਕਦਾ ਸੀ। ਨਫਰਤ ਦੀ ਅੱਗ ਵੀ ਪੂਰੀ ਸੀ ਪਰ ਨੌਕਰੀ ਵੀ ਉਨ੍ਹਾਂ ਪਾਸ ਹੀ ਕਰਦੇ ਸਨ। ਨਫਰਤ ਦੀ ਅੱਗ ਕਦੇ ਵੀ ਮਧਮ ਨਹੀ ਹੋਈ। ਗੁਰੂ ਨਾਨਕ ਸਾਹਿਬ ਦੇ ਫਲਸਫੇ ਨਾਲ ਇਸਲਾਮ ਤੇ ਹਿੰਦੂ ਮਤ ਦੇ ਧਾਰਮਿਕ ਆਗੂ ਮੁੱਢ ਤੋਂ ਹੀ ਨਫਰਤ ਕਰਦੇ ਆਏ ਹਨ। ਸਮੇਂ ਸਮੇਂ ਸਰਕਾਰਾਂ ਪਾਸ ਸ਼ਕਾਇਤਾਂ ਵੀ ਦਰਜ ਕਰਾਉਂਦੇ ਆਏ। ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਵੀ ਸ਼ਕਾਇਤਾਂ ਦਰਜ ਕਰਾਈਆਂ ਗਈਆਂ। ਅਕਬਰ ਜਦੋਂ ਲਾਹੌਰ ਆਇਆ ਤਾਂ ਸ਼ਕਾਇਤਾਂ ਦਾ ਨਿਬੇੜਾ ਕਰਨ ਲਈ ਗੁਰੂ ਅਮਰਦਾਸ ਜੀ ਨੂੰ ਸੱਦਿਆ ਗਿਆ। ਗੁਰੂ

ਸਾਹਿਬ ਜੀ ਨੇ ਇਸ ਦੇ ਨਿਪਟਾਰੇ ਲਈ ਭਾਈ ਜੇਠਾ ਜੀ ਭਾਵ (ਗੁਰੂ ਰਾਮਦਾਸ ਜੀ) ਨੂੰ ਭੇਜਿਆ। ਭਾਈ ਜੇਠਾ ਜੀ ਦੇ ਜੁਆਬਾਂ ਤੋਂ ਅਕਬਰ ਬਾਦਸ਼ਾਹ ਨੇ ਤਸੱਲੀ ਪ੍ਰਗਟ ਕੀਤੀ। ਗੁਰੂ ਅਰਜਨ ਪਾਤਸ਼ਾਹ ਜੀ ਨੇ ਸਮੇਂ ਦੀ ਹਕੂਮਤ ਵਲੋਂ ਕੀਤੇ ਜਾ ਰਹੇ ਜ਼ੁਲਮ, ਨਫਰਤ ਤੇ ਬੇ-ਇਨਸਾਫੀ ਨੂੰ ਖ਼ਤਮ ਕਰਨ ਲਈ ਸ਼ਹਾਦਤ ਦਿੱਤੀ। ਜਹਾਂਗੀਰ ਜਾਂ ਔਰੰਗਜ਼ੇਬ ਹੋਵੇ, ਇਨ੍ਹਾਂ ਦੇ ਮਨ ਵਿਚ ਗੈਰ ਮੁਲਸਮਾਨਾਂ ਲਈ ਕੋਈ ਥਾਂ ਨਹੀਂ ਸੀ। ਔਰੰਗਜ਼ੇਬ ਨੇ ਆਪਣੇ ਰਾਜ ਵਿਚ ਨਫਰਤ ਤੇ ਕਤਲੇਆਮ ਦਾ ਪੂਰਾ ਬੀਜ ਬੀਜਿਆ। ਉਹ ਸਾਰੇ ਭਾਰਤ ਨੂੰ ਇਕ ਧਰਮ ਦਾ ਨਿਯਮ ਲਾਗੂ ਕਰਦਾ ਕਰਦਾ ਦੁਨੀਆਂ ਤੋਂ ਚਲਾ ਗਿਆ।

ਔਰੰਗਜ਼ੇਬ ਨੇ ਹਿੰਦੂਆਂ ਲਈ ਧਾਰਮਿਕ ਤੇ ਆਰਥਿਕ ਔਕੜਾਂ ਪੈਦਾ ਕੀਤੀਆਂ। 1665 ਈਸਵੀ ਵਿਚ ਹਿੰਦੂਆਂ ਦੀ ਮਹਿਸੂਲ ਚੁੰਗੀ ਦੁਗਣੀ ਤੇ ਮੁਸਲਮਾਨਾਂ ਲਈ ਅੱਧੀ ਕੀਤੀ। 1669 ਈਸਵੀ ਨੂੰ ਬਨਾਰਸ, ਤੇ ਹੋਰ ਕਈ ਥਾਵਾਂ ਤੋਂ ਪਾਠਸ਼ਾਲਾਵਾਂ ਬੰਦ ਕਰਵਾ ਦਿੱਤੀਆਂ। ਏਸੇ ਸਾਲ ਬਨਾਰਸ ਦਾ ਮੰਦਰ ਢਾਹਿਆ। 1670 ਵਿਚ ਕਈ ਮੰਦਰ ਇਸ ਲਈ ਢਾਹ ਦਿੱਤੇ ਕਿ ਏਥੇ ਬੁੱਤਾਂ ਦੀ ਪੂਜਾ ਹੁੰਦੀ ਹੈ। ਸਮੇਂ ਸਮੇਂ ਹਿੰਦੂਆਂ 'ਤੇ ਜ਼ੁਲਮ ਕਰਨ ਲਈ ਹੁਕਮ ਜਾਰੀ ਕਰਦਾ ਰਹਿੰਦਾ ਸੀ ਭਾਵ ਉਸ ਵਿਚ ਹਿੰਦੂਆਂ ਪ੍ਰਤੀ ਨਫਰਤ ਭਰੀ ਹੋਈ ਸੀ।--ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਜ਼ੁਲਮੀ ਰਾਜ ਨੂੰ ਠੱਲ ਪਾਈ। ਸਚਾਈ ਨੂੰ ਬਰਕਰਾਰ ਰੱਖਿਆ। ਅਨੰਦਪੁਰ ਸਾਹਿਬ ਵਿਚ ਨਗਾਰੇ ਦੀ ਗੂੰਜ ਪਹਾੜੀ ਰਾਜਿਆਂ ਨੂੰ ਚੁੱਭਦੀ ਸੀ। ਨਾਨਕਈ ਫਲਸਫੇ ਨਾਲ ਪੂਰੀ ਨਫਰਤ ਕਰਦਿਆਂ ਕੇਂਦਰ ਤੇ ਸੂਬਾ ਸਰਕਾਰ ਦਾ ਸਾਥ ਦਿੰਦਿਆਂ ਬਾਈਧਾਰ ਦੇ ਰਾਜਿਆਂ ਨੇ ਅਨੰਦਪੁਰ 'ਤੇ ਹਮਲਾ ਕੀਤਾ।

ਓਦੋਂ ਭਾਰਤ ਵਿਚ ਮੁਗਲ ਸਾਮਰਾਜ ਸੀ ਜਿਹੜਾ ਸਿੱਖਾਂ ਨੂੰ ਕੌੜੀ ਅੱਖ ਨਾਲ ਦੇਖਦਾ ਸੀ। ਇਸ ਨਫਰਤ ਵਿਚੋਂ ਸ਼ਹੀਦੀਆਂ ਦਾ ਦੌਰ ਸ਼ੁਰੂ ਹੋਇਆ ਤੇ ਨਿੰਰਤਰ ਚੱਲਦਾ ਰਿਹਾ। ਬੇਗਾਨਿਆਂ ਨੇ ਨਫਰਤ ਨਾਲ ਸਾਡੀ ਤਾਰੀਫ਼ ਕਰਦਿਆਂ ਕੁੱਤੇ ਸ਼ਬਦ ਵੀ ਵਰਤੇ ਪਰ ਸਾਡੇ ਕਿਰਦਾਰ 'ਤੇ ਉਂਗਲ਼ ਨਹੀਂ ਚੁੱਕ ਸਕੇ। ਮਹਾਂਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ ਜਿਸ ਸਬੰਧੀ ਸ਼ਾਹ ਮੁਹੰਮਦ ਆਪਣੇ ਜੰਗ ਨਾਮੇ ਵਿਚ ਲਿਖਦਾ ਹੈ—

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉੱਤੇ ਆਫ਼ਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕੋਈ ਨਹੀਂ ਸੀ ਦੂਸਰੀ ਜਾਤ ਆਈ।

ਅੰਗਰੇਜ਼ ਹਾਕਮ ਉਂਝ ਹੀ ਕਾਲੀ ਚਮੜੀ ਵਾਲਿਆਂ ਨਾਲ ਨਫਰਤ ਕਰਦਾ ਸੀ। ਅੰਗਰੇਜ਼ ਸਰਕਾਰ ਦੀ ਨਫ਼ਰਤ ਦਾ ਪੰਜਾਬੀਆਂ ਨੂੰ ਜ਼ਿਆਦਾ ਸ਼ਿਕਾਰ ਹੋਣਾ ਪਿਆ। (ਏਹੀ ਕਾਰਨ ਹੈ ਕਿ ਦੇਸ਼ ਪੰਜਾਬ ਵੱਖਰਾ ਮੁਲਕ ਹੋਣ ਦੇ ਬਾਵਜੂਦ ਵੀ ਅੰਗਰੇਜ਼ਾਂ ਨੇ ਜਾਣ ਲੱਗਿਆਂ ਇਸ ਨੂੰ ਮਾਨਤਾ ਨਹੀਂ ਦਿੱਤੀ)। ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨਫਰਤ ਦੀ ਅੱਗ ਵਿਚੋਂ ਨਿਕਲੀ ਸੀ। ਅੰਗਰੇਜ਼ ਸਰਕਾਰ ਨੇ ਕਾਲ਼ੇ ਪਾਣੀਆਂ ਦੀਆਂ ਸਜਾਵਾਂ ਇਸ ਲਈ ਦਿੱਤੀਆਂ ਕਿ ਸਾਡੇ ਰਾਜ ਦੀ ਸਲਾਮਤੀ ਨੂੰ ਕੋਈ ਵੰਗਾਰ ਨਾ ਸਕੇ। ਕਹਿਆ ਜਾ ਸਕਦਾ ਹੈ ਜਿੰਨਾਂ ਪੁਰਾਣਾ ਮਨੁੱਖ ਹੈ ਓਨਾ ਪੁਰਾਣਾ ਨਫਰਤ, ਦੰਗਿਆਂ ਤੇ ਕਤਲੇਆਮ ਦਾ ਇਤਿਹਾਸ ਹੈ। ਰਾਜਸੀ ਪਾਰਟੀਆਂ ਜਾਂ ਰਾਜ ਕਰ ਰਹੀ ਧਿਰ ਕਰਾਉਂਦੀ ਗਿਣ ਮਿੱਥ ਕੇ ਕਤਲੇਆਮ ਹੈ ਪਰ ਨਾਂ ਦੰਗਿਆਂ ਦਾ ਦਿੰਦੀ ਹੈ। ਦੰਗਿਆਂ ਦਾ ਭਾਵ ਹੈ ਬਰਾਬਰ ਦੀ ਟੱਕਰ, ਇਕ ਦੂਜੇ 'ਤੇ ਹਮਲੇ ਕਰਨੇ।

ਮੁਲਕ ਦੀ ਅਜ਼ਾਦੀ ਵਾਲੀ ਲੜਾਈ ਵਿਚ ਪ੍ਰਤੱਖ ਤੇ ਅਪ੍ਰਤੱਖ ਵਿਚ ਬੜਾ ਕੁਝ ਪਿਆ ਹੋਇਆ ਹੈ। ਪ੍ਰਤੱਖ ਮੁਲਕ ਨੂੰ ਅਜ਼ਾਦ ਕਰਾਉਣ ਤੋਂ ਸੀ ਤੇ ਅਪ੍ਰਤੱਖ ਵਿਚ ਹਿੰਦੂ ਰਾਜ ਦੀ ਕਾਇਮੀ ਵਾਸਤੇ ਲੜਾਈ ਲੜੀ ਜਾ ਰਹੀ ਸੀ। ਭਾਵੇਂ ਕਾਂਗਰਸ ਕਹਿਣ ਨੂੰ ਧਰਮ-ਨਿਰਪੱਖ ਸੀ ਪਰ ਕਿਤੇ ਨਾ ਕਿਤੇ ਉਸ ਦੇ ਮਨ ਵਿਚ ਹਿੰਦੂਤਵ ਛੁੱਪਿਆ ਹੋਇਆ ਸੀ। ਸਰਦਾਰ ਖੁਸ਼ਵੰਤ ਸਿੰਘ ਸਿੱਖ ਇਤਿਹਾਸ ਭਾਗ ਦੂਜਾ ਦੇ ਪੰਨਾ ਨੰਬਰ 155 'ਤੇ ਲਿਖਦੇ ਹਨ, **"ਭਾਰਤੀ ਰਾਸ਼ਟਰੀ ਕਾਂਗਰਸ ਵਿੱਚ ਆਰੀਆ ਸਮਾਜੀਆਂ ਦੇ ਗਲਬੇ ਨੇ ਆਜ਼ਾਦੀ ਲਹਿਰ ਨੂੰ ਹਿੰਦੂ ਪੁਨਰ-ਉਥਾਨ ਦਾ ਇਕ ਅੰਸ਼ ਬਣਾ ਦਿੱਤਾ ਤੇ ਇਹੋ ਸਿੱਖਾਂ ਤੇ ਮੁਸਲਮਾਨਾਂ ਦੇ ਵੱਖਰੇ ਰਹਿਣ ਦਾ ਵੱਡਾ ਕਾਰਨ ਸੀ"।**

ਇਸ ਦਾ ਹੋਰ ਮੂਲ ਕਾਰਨ ਦਸਦੇ ਹੋਏ ਪਿਛਲੇ ਪੰਨੇ ਤੇ ਲਿਖਦੇ ਹਨ ਕਿ ਆਰੀਆ ਸਮਾਜੀਆਂ ਨੇ ਇਹ ਗੱਲ ਜ਼ੋਰ-ਸ਼ੋਰ ਨਾਲ ਕਹਿਣੀ ਸ਼ੁਰੂ ਕੀਤੀ ਕਿ ਸਿੱਖ, ਹਿੰਦੂ ਧਰਮ ਦਾ ਹੀ ਇਕ ਮੱਤ ਹੈ। ਇਸ ਪ੍ਰਤੀਕਰਮ ਨੇ ਆਪਸੀ ਭਾਈਚਾਰਕ ਸਾਂਝ ਵਿਚ ਡੂੰਘੀ ਤ੍ਰੇੜ ਪੈਦਾ ਕੀਤੀ। ਅਜਿਹੇ ਬਿਆਨ ਸਿੱਖੀ ਦੇ ਨਿਆਰੇਪਨ 'ਤੇ ਬਹੁਤ ਵੱਡੀ ਸੱਟ ਸਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ "ਹਮ ਹਿੰਦੂ ਨਹੀਂ" ਪੁਸਤਕ ਲਿਖ ਕੇ ਸਿੱਕੇ ਬੰਦ ਜੁਆਬ ਦਿੱਤਾ।

ਮੁਲਕ ਦੀ ਅਜ਼ਾਦੀ ਦੀ ਲੜਾਈ ਸਮੇਂ ਹੀ ਹਿੰਦੂ ਮੁਸਲਮਾਨਾਂ ਵਿਚ ਨਫਰਤ ਪੈਦਾ ਹੋ ਗਈ ਸੀ। ਇਸ ਦੇ ਕੁਝ ਕਾਰਨ ਹਨ— ਅਸਲ ਵਿਚ ਭਾਰਤੀ ਰਾਸ਼ਟਰੀ ਕਾਂਗਰਸ ਵਿਚ ਹਿੰਦੂਆਂ ਦੀ ਬਹੁ-ਗਿਣਤੀ ਸੀ। ਅੰਗਰੇਜ਼ਾਂ ਦੀ ਫੁੱਟ ਪਾਓ ਨੀਤੀ ਤਹਿਤ ਕਈ ਤਰ੍ਹਾਂ ਦੀਆਂ ਅਫਵਾਵਾਂ ਫੈਲਾਈਆਂ ਗਈਆਂ। ਜਿਸ ਨੂੰ ਲੋਕ ਸਹੀ ਸਮਝਣ ਲੱਗ ਪਏ। ਅੰਗਰੇਜ਼ਾਂ ਨੇ ਭਾਰਤ ਦੇ ਨਾਗਰਿਕਾਂ ਨੂੰ ਸੰਪਰਦਾਏ ਦੀ ਪੂਰੀ ਪੁੱਠ ਚਾੜ੍ਹੀ ਹੋਈ ਸੀ। 20ਵੀਂ ਸਦੀ ਦੇ ਆਉਂਦੇ ਆਉਂਦੇ ਮੁਸਲਮਾਨ ਹਿੰਦੂਆਂ ਦੇ ਬਹੁਮਤ ਤੋਂ ਡਰਨ ਲੱਗ ਗਏ। ਹਿੰਦੂ ਬਹੁ-ਮਤ ਵਾਲੀ ਭਾਰਤੀ ਰਾਸ਼ਟਰੀ ਕਾਂਗਰਸ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਲਗ ਪਏ। ਐਸੇ ਡਰ ਵਾਲੇ ਮਾਹੌਲ ਵਿਚ ਮੁਸਲਮਾਨਾਂ ਨੇ 1906 ਨੂੰ ਢਾਕਾ ਵਿੱਚ "ਮੁਸਲਮਾਨ ਲੀਗ" ਦੀ ਸਥਾਪਨਾ ਕੀਤੀ। 1930 ਦੇ ਮੁਸਲਮ ਸੰਮੇਲਨ ਵਿਚ ਉਰਦੂ ਦੇ ਪ੍ਰਸਿੱਧ ਕਵੀ ਸਰ ਮੁਹੰਮਦ ਇਕਬਾਲ ਨੇ ਪਹਿਲੀ ਵਾਰ ਵੱਖਰੇ ਮੁਲਕ ਦੀ ਮੰਗ ਰੱਖੀ। ਇਹ ਮੰਗ ਫਿਰ ਲਾਹੌਰ ਦੇ ਇਜਲਾਸ ਵਿਚ 23 ਮਾਰਚ 1940 ਨੂੰ ਦੁਹਰਾਈ ਗਈ। ਏਦਾਂ ਦੇ ਮਾਹੌਲ ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਦਸੰਬਰ 1943 ਨੂੰ ਸਿੱਖ ਵਿਦਵਾਨਾਂ ਨੇ ਅਜ਼ਾਦ ਪੰਜਾਬ ਦੀ ਸਕੀਮ ਦੇ ਹੱਕ ਵਿਚ ਆਪਣਾ ਮੈਨੀਫ਼ੈਸਟੋ ਜਾਰੀ ਕੀਤਾ। ਫਿਰ 7 ਜੂਨ 1943 ਨੂੰ ਅਜ਼ਾਦ ਪੰਜਾਬ ਦੀ ਕਾਇਮੀ ਵਾਸਤੇ ਮਤਾ ਪਾਸ ਕਰ ਦਿੱਤਾ। ਅਜ਼ਾਦ ਪੰਜਾਬ ਦੀ ਮੰਗ ਨੂੰ ਜਿੱਥੇ ਭਾਰਤੀ ਰਾਸ਼ਟਰੀ ਕਾਂਗਰਸ ਤੇ ਮੁਸਲਮ ਲੀਗ ਵਾਲੇ ਮੰਨਣ ਲਈ ਤਿਆਰ ਨਹੀਂ ਸਨ ਓਥੇ ਅੰਗਰੇਜ਼ਾਂ ਨੇ ਵੀ ਪੰਜਾਬ ਨੂੰ ਰਗੜਨ ਦਾ ਪੂਰਾ ਮਨ ਬਣਾਇਆ ਹੋਇਆ ਸੀ।

ਮੁਲਕ ਦੀ ਅਜ਼ਾਦੀ ਵਿਚ ਨਫਰਤ ਦੀ ਅੱਗ ਬਾਲੀ ਗਈ, ਜਿਸ ਦਾ ਸਭ ਤੋਂ ਵੱਧ ਸੇਕ ਪੰਜਾਬ ਨੂੰ ਲੱਗਿਆ। ਦੇਸ਼ ਪੰਜਾਬ ਦੇ ਮਾਲਕ ਹੁੰਦੇ ਹੋਏ ਨਿਕੀ ਜੇਹੀ ਸੂਬੀ ਲਈ ਤਰਸਣ ਲਾ ਦਿੱਤੇ। ਇਹ ਅੰਗਰੇਜ਼ ਦੀ ਖੋਟੀ ਨੀਤੀ ਸੀ ਜਿਸ ਨਾਲ ਸਾਰਾ ਪੰਜਾਬ ਲਹੂ-ਲੁਹਾਨ ਹੋ ਗਿਆ। 1951 ਦੀ ਮਰਦਮ ਸ਼ੁਮਾਰੀ ਅਨੁਸਾਰ 7226000 ਮੁਸਲਮਾਨ ਭਾਰਤ ਛੱਡ ਕੇ ਪਛਮੀ ਪੰਜਾਬ (ਪਾਕਿਸਤਾਨ) ਗਏ 7249000 ਸਿੱਖ ਹਿੰਦੂ ਪਛਮੀ ਪੰਜਾਬ (ਪਾਕਿਸਤਾਨ) ਛੱਡ ਕੇ ਪੂਰਬੀ ਪੰਜਾਬ (ਭਾਰਤ) ਪਹੁੰਚੇ। ਇਕ ਲੱਖ ਬੀਬੀਆਂ ਨੂੰ ਉਧਾਲ਼ਿਆ ਗਿਆ। ਪੰਜਾਬ ਦੀ ਵੰਡ ਸਮੇਂ ਸਭ ਤੋਂ ਵੱਧ ਸਿੱਖਾਂ ਨੂੰ ਨਫਰਤ, ਦੰਗਿਆਂ ਤੇ ਕਤਲੇਆਮ ਦਾ ਸ਼ਿਕਾਰ ਹੋਣਾ ਪਿਆ। ਇਸ ਨਫਰਤ ਦੀ ਬਲ਼ ਰਹੀ ਅੱਗ ਵਿਚ ਮਹਾਸ਼ਾ ਅਖ਼ਬਾਰਾਂ ਨੇ ਤੇਲ ਦਾ ਕੰਮ ਕੀਤਾ। ਹਿੰਦੂਆਂ ਨੂੰ ਸਿੱਖਾਂ ਦੇ ਵਿਰੁਧ ਭੜਕਾਉਣ ਦਾ ਪੂਰਾ ਯਤਨ ਕੀਤਾ।

ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਇਕ ਸਰਕੂਲਰ ਜਾਰੀ ਕੀਤਾ ਕਿ "ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ ਤੇ ਸੂਬੇ ਦੇ ਇਨਸਾਫ਼-ਪਸੰਦ ਹਿੰਦੂਆਂ ਲਈ ਖਤਰਾ ਹਨ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਦੇ ਖਿਲਾਫ਼ ਕਦਮ ਚੁੱਕਣੇ ਚਾਹੀਦੇ ਹਨ। ਦੁਖ ਦੀ ਗੱਲ ਇਹ ਕਿ ਉਸ ਵੇਲੇ ਪੰਜਾਬ ਦਾ ਗ੍ਰਹਿ ਮੰਤ੍ਰੀ ਸਵਰਨ ਸਿੰਘ ਸੀ। ਜਿਸ ਨੇ ਆਪਣੀ ਹੀ ਕੌਮ ਨਾਲ ਹੋਏ ਧੱਕੇ ਸਮੇਂ ਜ਼ਬਾਨ ਨੂੰ ਬੰਦ ਰੱਖਿਆ"।

ਸਾਰੇ ਭਾਰਤ ਵਿਚ ਬੋਲੀ ਦੇ ਅਧਾਰਤ ਸੂਬੇ ਬਣਾਏ ਗਏ ਪਰ ਪੰਜਾਬ ਨਾਲ ਵਿਤਕਰਾ ਕੀਤਾ ਗਿਆ। ਜੇ 1952 ਵਿੱਚ ਅਕਾਲੀ ਦਲ ਦੇ ਪ੍ਰਧਾਨ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਨਵੈਨਸ਼ਨ ਵਿਚ ਬੋਲਦਿਆਂ ਪੰਜਾਬੀ ਸੂਬੇ ਦੀ ਮੰਗ ਦੁਹਰਾਈ ਤਾਂ ਹਿੰਦੂ ਫਿਰਕਾ ਪ੍ਰਸਤਾਂ ਨੇ ਇਸ ਦਾ ਵਿਰੋਧ ਕੀਤਾ।

1947 ਤੋਂ ਲੈ ਕੇ 1955 ਤਕ ਪੰਜਾਬ ਵਿਚ ਨਫਰਤ, ਈਰਖਾ ਦਾ ਬੀਜ ਬੀਜਣ ਵਿਚ ਹਿੰਦੂ ਫਿਰਕਾਪ੍ਰਸਤੀ, ਆਰੀਆ ਸਮਾਜੀ ਪ੍ਰੈਸ, ਫਿਰਕੂ ਹਿੰਦੂ ਕਾਂਗਰਸ, ਕਾਂਗਰਸ ਸਰਕਾਰ ਤੇ ਸਿੱਖ ਵਿਰੋਧੀ ਅਨਸਰਾਂ ਨੇ ਆਪੋ ਆਪਣਾ

ਯੋਗਦਾਨ ਪਾਇਆ। ਇਸ ਸਾਰੇ ਮਾਹੌਲ ਦਾ ਫਾਇਦਾ ਭਾਰਤੀ ਕਾਂਗਰਸ ਪਾਰਟੀ ਨੂੰ ਹੁੰਦਾ ਰਿਹਾ। ਜਦੋਂ ਪੰਜਾਬੀ ਸੂਬੇ ਦੀ ਮੰਗ ਉੱਠੀ ਤਾਂ ਭਾਰਤੀ ਰਾਸ਼ਟਰੀ ਕਾਂਗਰਸ ਨੇ ਵਿਰੋਧ ਕਰਨਾ ਹੀ ਕਰਨਾ ਸੀ ਕਾਂਗਰਸ ਵਿਚ ਰਹਿੰਦੇ ਸਿੱਖ ਚਿਹਰਿਆਂ ਵੀ ਇਸ ਦਾ ਵਿਰੋਧ ਕੀਤਾ। ਪੰਜਾਬ ਦੀ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਭਾਰਤੀ ਕਾਂਗਰਸ ਵੋਟਾਂ ਦੀ ਰਾਜਨੀਤੀ ਖੇਡਦੀ ਰਹੀ।

16 ਅਕਤੂਬਰ 1973 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦਾ ਮਤਾ ਲਿਆਂਦਾ, ਇਸ ਮਤੇ ਦਾ ਨਾਂ ਅਨੰਦਪੁਰ ਦਾ ਮਤਾ ਰੱਖਿਆ ਗਿਆ। ਭਾਰਤ ਦੇ ਬਹੁਤੇ ਰਾਜਨੀਤਿਕ ਚਿੰਤਕ ਲੋਕਾਂ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ। ਤਸਵੀਰ ਦੇ ਦੂਜੇ ਪਾਸੇ ਹਿੰਦੂਤਵੀ ਸੋਚ ਵਲੋਂ ਇਸ ਮਤੇ ਨੂੰ ਵੱਖਵਾਦੀ ਕਹਿ ਕੇ ਸਮੁੱਚੀ ਸਿੱਖ ਕੌਮ ਨੂੰ ਭੰਡਿਆ ਗਿਆ। ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ ਮੰਤਰੀ ਤਾਂ ਬਣ ਗਈ ਪਰ ਅਦਾਲਤ ਵਿਚੋਂ ਹਾਰ ਗਈ ਪਰ ਐਮਰਜੈਂਸੀ ਲਾ ਕੇ ਪ੍ਰਧਾਨ ਮੰਤਰੀ ਬਣੀ ਰਹੀ। ਸਾਰਾ ਦੇਸ਼ ਚੁੱਪ ਰਹਿਣ ਵਿਚ ਹੀ ਭਲਾ ਸਮਝਦਾ ਸੀ ਪਰ ਸ਼੍ਰੋਮਣੀ ਅਕਾਲੀ ਦਲ ਨੇ ਐਮਰਜੈਂਸੀ ਦੇ ਵਿਰੋਧ ਵਿਚ ਮੋਰਚਾ ਲਾ ਦਿੱਤਾ। ਅਕਾਲੀ ਦਲ ਸਮਝਦਾ ਸੀ ਕਿ ਐਮਰਜੈਂਸੀ ਮਨੁੱਖੀ ਅਧਿਕਾਰਾਂ ਦੇ ਮੁੱਢਲੇ ਹੱਕਾਂ 'ਤੇ ਹਮਲਾ ਹੈ। ਆਪਣੇ ਵਿਰੁੱਧ ਲੱਗੇ ਮੋਰਚੇ ਨੂੰ ਦੇਖ ਕੇ ਇੰਦਰਾ ਗਾਂਧੀ ਅਕਾਲੀਆਂ ਪ੍ਰਤੀ ਖੁੰਦਕ ਰੱਖਣ ਲੱਗ ਪਈ। ਪੰਜਾਬ ਦੇ ਪਾਣੀਆਂ ਦਾ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਲੈਣ ਲਈ ਦਰਬਾਰਾ ਸਿੰਘ ਕੋਲੋਂ ਦਸਤਖਤ ਕਰਾ ਲਏ। ਪਾਣੀਆਂ ਦਾ ਮੋਰਚਾ ਲੱਗ ਗਿਆ। ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ। ਸਾਰੇ ਮੁਲਕ ਵਿਚ ਇਹ ਕਹਿ ਕੇ ਨਫਰਤ ਦੀ ਅੱਗ ਬਾਲੀ ਕਿ ਪੰਜਾਬ ਦੇ ਸਿੱਖ ਮੁਲਕ ਨਾਲੋਂ ਵੱਖਰਾ ਹੋਣਾ ਚਾਹੁੰਦੇ ਹਨ। ਸਿੱਖ ਕੌਮ ਨੂੰ ਅੱਤਵਾਦੀ, ਵੱਖਵਾਦੀ, ਆਤੰਕਵਾਦੀ ਵਰਗੇ ਕਈ ਨਾਵਾਂ ਨਾਲ ਬਦਨਾਮ ਕੀਤਾ ਗਿਆ। ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਨਫਰਤ ਦੀ ਪੁੱਠ ਚਾੜ੍ਹ ਕੇ ਪੇਸ਼ ਕੀਤਾ ਗਿਆ।

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤੀ ਗਈ। ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚੋਂ ਬਾਹਰ ਰੱਖੇ ਗਏ, ਭਾਖੜਾ ਡੈਮ ਖੋਹਿਆ ਗਿਆ, ਸਿੱਖਾਂ ਦੀ ਫੌਜ ਵਿਚੋਂ ਗਿਣਤੀ ਘਟਾਈ ਗਈ। ਅਜ਼ਾਦੀ ਤੋਂ ਪਹਿਲਾਂ ਕੀਤੇ ਵਾਅਦਿਆਂ 'ਤੇ ਪਾਣੀ ਫੇਰਦਿਆਂ ਪੰਜਾਬ ਨਾਲ ਜ਼ਿਆਦਤੀਆਂ ਕਰਨੀਆਂ ਸ਼ੁਰੂ ਕੀਤੀਆਂ। ਅਗਲੀਆਂ ਚੋਣਾਂ ਜਿੱਤਣ ਲਈ ਦਰਬਾਰ ਸਾਹਿਬ 'ਤੇ ਫੌਜਾਂ ਚਾੜ੍ਹੀਆਂ ਗਈਆਂ, ਸਿੱਖਾਂ ਦਾ ਕਤਲੇਆਮ ਹੋਇਆ। ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਹੱਲਾ ਸ਼ੇਰੀ ਦਿੱਤੀ। ਇਸ ਨਫਰਤ ਦੀ ਅੱਗ ਵਿਚ ਇੰਦਰਾ ਗਾਂਧੀ ਝੁਲਸ ਗਈ। ਨਵੰਬਰ 1984 ਵਿਚ ਅਜ਼ਾਦ ਭਾਰਤ ਵਿਚ ਗਿਣ ਮਿੱਥ ਕੇ ਸਿੱਖਾਂ ਦਿਆਂ ਗਲਾਂ ਵਿਚ ਟਾਇਰ ਪਾ ਕੇ ਜਿਓਂਦਿਆਂ ਸਾੜਿਆ ਗਿਆ। ਨਫਰਤ ਦੀ ਅੱਗ ਨਾਲ ਭਾਰਤੀ ਕਾਂਗਰਸ ਲਈ ਕੇਂਦਰ ਵਿਚ ਸਰਕਾਰ ਬਣਾਉਣ ਦਾ ਰਾਹ ਪੱਧਰਾ ਹੋ ਗਿਆ। ਰਾਜੀਵ ਗਾਂਧੀ ਨੇ ਕੇਂਦਰ ਵਿਚ ਸਰਕਾਰ ਬਣਾ ਗਿਆ। ਇਸ ਬਿਰਤਾਂਤ ਨੂੰ ਏਦਾਂ ਵੀ ਸਮਝਿਆ ਜਾ ਸਕਦਾ ਹੈ ਕਿ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਨੂੰ ਫਤਹਿ ਕੀਤਾ। ਰਾਜੀਵ ਗਾਂਧੀ ਨੇ ਆਪਣੀ ਮਾਂ ਦੀ ਈਰਖਾ ਵਾਲੀ ਵਿਰਾਸਤ ਨੂੰ ਸੰਭਾਲਦਿਆਂ ਅੱਗੇ ਕਦਮ ਵਧਾਏ ਤੇ ਨਵੰਬਰ 1984 ਦਾ ਕਹਿਰ ਢਾਹਿਆ, ਕਹਿੰਦਾ ਜਦੋਂ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੈ। ਸਿੱਖ ਕੌਮ ਦੀਆਂ ਲਾਸ਼ਾਂ 'ਤੇ ਪੈਰ ਧਰ ਕੇ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ।

18 ਸੂਬਿਆਂ ਦੇ 110 ਸ਼ਾਹਿਰਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ। ਭਾਰਤ ਦਾ ਅਜ਼ਾਦੀ ਤੋਂ ਬਾਅਦ ਸਭ ਤੋਂ ਵੱਡਾ ਫਿਰਕੂ ਸਿੱਖ ਕੌਮ ਦਾ ਕਤਲੇਆਮ ਸੀ। ਭਾਰਤੀ ਜਨਤਾ ਪਾਰਟੀ ਨੇ ਕੇਂਦਰ ਤਕ ਪਹੁੰਚਣ ਲਈ ਕਈ ਪ੍ਰਯੋਗ ਕੀਤੇ। ਅਡਵਾਨੀ ਨੇ ਹਿੰਦੂਤਵ ਦਾ ਪੱਤਾ ਖੇਡਦਿਆਂ ਰਾਮ ਮੰਦਰ ਬਣਾਉਣ ਲਈ ਰੱਥ ਯਾਤਰਾ ਕੱਢੀ। ਬਿਹਾਰ ਵਿਚ ਲਾਲੂ ਪ੍ਰਸਾਦ ਯਾਦਵ ਦਾ ਰਾਜ ਸੀ ਉਸ ਨੇ ਆਪਣੇ ਸੂਬੇ ਵਿਚ ਇਸ ਯਾਤਰਾ ਨੂੰ ਵੜਨ ਨਹੀਂ ਦਿੱਤਾ ਸੀ।

ਭਾਰਤੀ ਜਨਤਾ ਪਾਰਟੀ ਨੇ ਹਿੰਦੂ ਵੋਟ ਲੈਣ ਲਈ 1992 ਨੂੰ ਬਾਬਰੀ ਮਸਜਦ ਢਾਹ ਕੇ ਰਾਮ ਮੰਦਰ ਦਾ ਮੁੱਢ ਬੰਨ੍ਹਿਆ। ਭਾਰਤੀ ਜਨਤਾ ਪਾਰਟੀ ਨੇ ਕੇਂਦਰ ਵਿਚ ਆਪਣੀ ਸਰਕਾਰ ਬਣਾਉਣ ਲਈ ਮੁਸਲਮ ਭਾਈਚਾਰੇ ਨੂੰ ਨਿਸ਼ਾਨੇ ਤੇ ਰੱਖਿਆ। 27 ਫਰਵਰੀ 2002 ਨੂੰ ਗੋਧਰਾ ਸਟੇਸ਼ਨ 'ਤੇ ਸਾਬਰਮਤੀ ਟ੍ਰੇਨ ਵਿੱਚ ਅੱਗ ਨਾਲ ਅਯੁੱਧਿਆ ਤੋਂ ਪਰਤ ਰਹੇ ਹਿੰਦੂਤਵ ਨਾਲ ਜੁੜੇ 59 ਹਿੰਦੂ ਮਾਰੇ ਗਏ। ਇਸ ਦਾ ਬਹਾਨਾ ਲੈ ਕੇ ਹਿੰਦੂਆਂ ਵਲੋਂ 800 ਦੇ ਕਰੀਬ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਹ ਨਫਰਤ, ਦੰਗਿਆਂ ਤੇ ਕਤਲੇਆਮ ਦੀਆਂ ਅਜਿਹੀਆਂ ਫਸਲਾਂ ਹਨ ਜਿਸ ਨੂੰ ਰਾਜਨੀਤਿਕ ਲੋਕ ਸਰਕਾਰਾਂ ਬਣਾਉਣ ਦੇ ਰੂਪ ਵਿਚ ਵੱਢਦੇ ਹਨ। ਕਿੱਡੇ ਦੁੱਖ ਦੀ ਗੱਲ ਹੈ ਕਿ ਭਾਰਤ ਦੇ ਰਾਜਨੀਤਿਕ ਮਾਹੌਲ ਵਿਚ ਫਿਰਕੂ ਨਫਰਤ ਨੂੰ ਪੂਰੀ ਹਵਾ ਦੇ ਕੇ ਆਪੋ ਆਪਣੀਆਂ ਰੋਟੀਆਂ ਸੇਕਦੇ ਆ ਰਹੇ ਹਨ।

ਜੰਮੂ ਕਸ਼ਮੀਰ ਵਿਚੋਂ 370 ਧਾਰਾ ਰੱਦ ਕਰਨੀ ਨਫਰਤ ਦੀ ਰਾਜਨੀਤੀ ਹੀ ਕਿਹਾ ਸਕਦਾ ਹੈ। ਬੇੜਾ ਬਹਿਜੇ ਅਕਾਲੀ ਦਲ ਬਾਦਲ ਦਾ ਜਿਹੜੇ ਕੇਂਦਰੀ ਸਰਕਾਰ ਵਿਚ ਭਾਗੀਦਾਰ ਤੇ ਰਾਜਾਂ ਲਈ ਵੱਧ ਅਧਿਕਾਰਾਂ ਦੇ ਮਦੱਈ ਸਨ। ਇਕ ਵਜ਼ੀਰੀ ਖ਼ਾਤਰ ਕੌਮੀ ਅਣਖ਼ ਹੀ ਗਵਾ ਗਏ। ਜਦੋਂ ਸਿਧਾਂਤਿਕ ਮੁੱਦਿਆਂ ਤੋਂ ਪਿੱਛੇ ਹੱਟ ਗਏ ਤਾਂ ਪੰਜਾਬ ਦੇ ਅਵਾਮ ਨੇ ਅਕਾਲੀ ਦਲ ਨੂੰ ਦਿਨੇ ਤਾਰੇ ਵਿਖਾ ਦਿੱਤੇ। ਹੁਣ ਕੰਧਾਂ ਵਿਚ ਵੱਜਦੇ ਫਿਰਦੇ ਹਨ।

ਭਾਰਤ ਵਿਚ ਚੋਣ ਰਾਜਨੀਤੀ ਜਿੱਥੇ ਝੂਠੇ ਵਾਅਦਿਆਂ ਦੀ ਰਾਜਨੀਤੀ ਬਣ ਗਈ ਹੈ ਉੱਥੇ ਧਾਰਮਿਕ ਅਧਾਰ ਤੇ ਵੋਟਰਾਂ ਨੂੰ ਵੰਡਣ, ਨਫਰਤ ਫੈਲਾਉਣ ਦੀ ਰਾਜਨੀਤੀ ਵੀ ਬਣ ਗਈ ਹੈ। ਜੇ ਤੁਸੀਂ ਸੱਚੀ ਜਮਹੂਰੀਅਤ ਤੇ ਚੱਲ ਰਹੇ ਹੋ ਤਾਂ ਤੁਹਾਨੂੰ ਬਹੁਤ ਕੁਝ ਲੋਕਾਂ ਦੇ ਭਲੇ ਲਈ ਕਰਨਾ ਪੈਣਾ ਹੈ।

ਸਿਲਸਿਲੇਵਾਰ ਨਫਰਤ ਦਾ ਭਾਰਤ ਵਿਚ ਆਪਣਾ ਇਤਿਹਾਸ ਹੈ। ਨਫਰਤ ਅਕਸਰ ਦੰਗਿਆਂ ਨੂੰ ਜਨਮ ਦਿੰਦੀ ਹੈ। ਕਹਿਣ ਨੂੰ ਦੰਗੇ ਹੁੰਦੇ ਹਨ ਪਰ ਰਾਜਨੀਤਿਕ ਪਾਰਟੀ ਇਕ ਦੂਜੇ ਕੋਲੋਂ ਕਤਲੇਆਮ ਕਰਾਉਂਦੀ ਹੈ। 1984 ਤੇ 2002 ਦੇ ਕਤਲੇਆਮ ਨੂੰ ਇਕ ਪਾਸੇ ਕਰ ਦਈਏ ਤਾਂ ਵੀ ਭਾਰਤ ਵਿਚ ਨਫਰਤ ਦਾ ਲੰਮਾ ਇਤਿਹਾਸ ਹੈ।

1969 ਵਿਚ ਅਹਿਮਦਾਬਾਦ ਵਿਚ ਨਫਰਤ ਦੀ ਅੱਗ ਬਾਲ਼ੀ ਗਈ। 2000 ਲੋਕ ਮਾਰੇ ਗਏ 5000 ਜ਼ਖ਼ਮੀ ਹੋਏ ਤੇ 500 ਕਰੋੜ ਦੀ ਜਾਇਦਾਦ ਦਾ ਨੁਕਸਾਨ ਹੋਇਆ। ਬਾਬਰੀ ਮਸਜਦ ਢਹਿਣ ਨਾਲ 6 ਦਿਸੰਬਰ 1992 ਤੋਂ ਲੈ ਕੇ 26 ਜਨਵਰੀ 1993 ਤਕ 1100 ਵਿਆਕਤੀ ਮਾਰੇ ਗਏ। 12 ਮਾਰਚ 1999 ਨੂੰ ਬੰਬਈ ਵਿਚ ਨਫਰਤ ਦੀ ਅੱਗ ਦੇ ਭਾਂਬੜ ਬਲ਼ੇ 317 ਲੋਕ ਮਾਰੇ ਗਏ 1400 ਜ਼ਖ਼ਮੀ ਹੋਏ।

ਰਾਜਨੀਤਿਕ ਪਾਰਟੀਆਂ ਖ਼ੁਦ ਅਜੇਹਾ ਬ੍ਰਿਤਾਂਤ ਸਿਰਜਦੀਆਂ ਹਨ ਜਿਸ ਨਾਲ ਘੱਟ ਗਿਣਤੀਆਂ ਵਿਚ ਸਹਿਮ ਤੇ ਡਰ ਪੈਦਾ ਹੁੰਦਾ ਰਹੇ। ਬਹੁ-ਗਿਣਤੀ ਲੋਕ ਸਮਝਦੇ ਹਨ ਕਿ ਸ਼ਾਇਦ ਘੱਟ ਗਿਣਤੀ ਵਾਲਿਆਂ ਨੂੰ ਆਪਣੇ ਮੁਲਕ ਨਾਲ ਪਿਆਰ ਨਹੀਂ ਹੈ। ਤਿਰੰਗੇ ਦੀ ਯਾਤਰਾ ਕੱਢਣ ਨਾਲ ਬਹੁ ਗਿਣਤੀ ਨੂੰ ਖ਼ੁਸ਼ ਕੀਤਾ ਜਾਂਦਾ ਹੈ ਤੇ ਘੱਟ ਗਿਣਤੀਆਂ ਨੂੰ ਡਰਾਇਆ ਜਾਂਦਾ ਹੈ। ਨੇਤਾਜਨ ਬਹੁ ਗਿਣਤੀ ਨੂੰ ਖ਼ੁਸ਼ ਕਰਨ ਲਈ ਤੇ ਘੱਟ ਗਿਣਤੀ ਕੌਮਾਂ ਨੂੰ ਡਰਾਉਣ ਲਈ ਰਾਸ਼ਟਰਵਾਦ ਦਾ ਪਾਠ ਪੜ੍ਹਾਉਣਾ ਸ਼ੁਰੂ ਕਰਦੇ ਹਨ। ਘੱਟ ਗਿਣਤੀ ਕੌਮਾਂ ਦੇ ਆਗੂ ਸਪਸ਼ਟੀਕਰਨ ਦੇਣ ਲੱਗ ਜਾਂਦੇ ਹਨ। ਬੇ-ਸ਼ੱਕ 15 ਅਗਸਤ ਦਿਨ ਹਰ ਸਾਲ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਪਰ ਅਗਲੀਆਂ ਚੋਣਾਂ ਜਿੱਤਣ ਲਈ ਨਵਾਂ ਨਫਰਤ ਦਾ ਬੀਜ ਬੀਜਿਆ ਜਾਂਦਾ ਹੈ ਤੇ ਜਿੱਤ ਦੇ ਰੂਪ ਵਿਚ ਨਫਰਤ ਦੀ ਫਸਲ ਵੱਢ ਲਈ ਜਾਂਦੀ ਹੈ।

ਵਰਤਮਾਨ ਸਮੇਂ ਵਿਚ ਮਨੀਪੁਰ ਦੀ ਸਥਿਤੀ ਨੂੰ ਸਮਝਣਾ ਚਾਹੀਦਾ ਹੈ ਜਿਹੜੀ 2024 ਦੀਆਂ ਵੋਟਾਂ ਵਲ ਸੇਧਿਤ ਹੁੰਦੀ ਹੈ। ਭਾਜਪਾ ਦੀ ਨਫਰਤ ਦੀ ਰਾਜਨੀਤੀ ਨੇ ਪਿੱਛਲੇ ਦਿਨਾਂ ਵਿਚ 100 ਤੋਂ ਵੱਧ ਮਨੁੱਖੀ ਜਾਨਾਂ ਚਲੀਆਂ ਗਈਆਂ ਹਨ।

ਨੇਤਾਜਨ ਖ਼ੁਦ ਕਹਿੰਦੇ ਹਨ ਕਿ ਜੇ ਦੂਜੀ ਪਾਰਟੀ ਆਈ ਤਾਂ ਸੂਬੇ ਵਿਚ ਦੰਗੇ ਫਸਾਦ ਹੋਣਗੇ—ਜੇਹਾ ਕਿ 27-4-23 ਨੂੰ ਮੁਲਕ

**ਬਾਕੀ ਸਫਾ 29 'ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**ਸਵਾਲ—ਕੀ ਕੋਈ ਹਵਨ ਜਾਂ ਜੱਗ ਕਰਕੇ ਮੀਂਹ ਪਵਾਇਆ ਜਾ ਸਕਦਾ ਹੈ?**

**ਜਵਾਬ**—ਨਹੀਂ ਜੀ ਏਦਾਂ ਦੇ ਪਾਖੰਡ ਕੀਤਿਆਂ ਕੋਈ ਮੀਂਹ ਨਹੀਂ ਪੈਂਦਾ। ਕਈ ਅਗਿਆਨੀ ਲੋਕ ਦੁਰਭਿਖ (ਕਾਲ) ਦੂਰ ਕਰਨ ਅਰ ਵਰਖਾ ਵਾਸਤੇ ਇੰਦਰ ਦਾ ਜਪ ਅਤੇ ਵਰੁਣ ਦੀ ਵਰੁਣੀ (ਵਹੁਟੀ) ਬੈਠਾ ਕੇ ਅਨੇਕ ਯਤਨ ਕਰਦੇ ਹਨ, ਜੋ ਕਰਤਾਰ ਤੋਂ ਵਿਮੁਖਤਾ ਹੈ। ਗੁਰੂ ਸਾਹਿਬ ਸਭ ਦਾਤਾਂ ਕਰਤਾਰ ਦੇ ਹੱਥ ਦੱਸ ਕੇ ਸਾਨੂੰ ਸ਼ੁਭ ਗੁਣ ਧਾਰਨ ਕਰਨ ਲਈ ਆਖਦੇ ਹਨ—

**ਮੀਹੁ ਪਇਆ ਪਰਮੇਸਰਿ ਪਾਇਆ ॥**
**ਜੀਅ ਜੰਤ ਸਭਿ ਸੁਖੀ ਵਸਾਇਆ ॥ (105)**
**ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥**
**ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ ॥**
**ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥1॥ (106)**

**ਸਵਾਲ—ਬਲੀਦਾਨ ਤੋਂ ਕੀ ਭਾਵ ਹੈ?**

**ਜਵਾਬ**—ਸੰਗਿਆ ਦੇਵਤੇ ਅੱਗੇ ਅੰਨ ਅਦਿ ਸਾਮਗ੍ਰੀ ਅਰਪਣ ਦੀ ਕਿਰਿਆ ਹੈ। ਦੂਸਰਾ ਈਸ਼ਵਰ ਅਥਵਾ ਕਿਸੇ ਦੇਵਤੇ ਦੇ ਨਮਿੱਤ ਪਸ਼ੂ ਦੀ ਕੁਰਬਾਨੀ ਕਰਨੀ ਬਲੀਦਾਨ ਦੀ ਰੀਤੀ ਬਹੁਤ ਪੁਰਾਣੀ ਹੈ, ਵੇਦਾਂ ਦੇ ਸਮੇਂ ਇਸ ਦਾ ਵੱਡਾ ਪ੍ਰਚਾਰ ਸੀ। ਯਜੁਰਵੇਦ ਦੇਖਣ ਤੋਂ ਪਤਾ ਲਗਦਾ ਹੈ ਕਿ ਦੇਵਤਿਆਂ ਦੀ ਪ੍ਰਸੰਨਤਾ ਲਾਭ ਕਰਨ ਲਈ ਜੀਵਾਂ ਦੀ ਕੁਰਬਾਨੀ ਕੀਤੀ ਜਾਂਦੀ ਸੀ। ਰਮਾਇਣ ਅਤੇ ਮਹਾਂਭਾਰਤ ਆਦਿ ਗ੍ਰੰਥਾਂ ਵਿੱਚ ਭੀ ਇਸ ਬਾਬਤ ਅਨੰਤ ਲੇਖ ਹਨ। ਬਾਈਬਲ ਅਤੇ ਕੁਰਾਨ ਵਿਚ ਭੀ ਬਲੀਦਾਨ ਦਾ ਅਨੇਕ ਥਾਂ ਜ਼ਿਕਰ ਹੈ।

**ਸਵਾਲ—ਗੁਰਬਾਣੀ ਅਨੁਸਾਰ ਬਲੀਦਾਨ ਤੋਂ ਕੀ ਭਾਵ ਹੈ?**

**ਜਵਾਬ**—ਲੋਕ ਆਪਣੀ ਆਫ਼ਤ ਮਿਟਾਉਣ ਲਈ ਜੀਵਾਂ ਦੀ ਬਲੀ (ਕੁਰਬਾਨੀ) ਦੇਂਦੇ ਅਤੇ ਇਸ ਤੋਂ ਦੇਵਤਾ ਅਥਵਾ ਪ੍ਰਮਾਤਮਾ ਦੀ ਪ੍ਰਸੰਨਤਾ ਦੁਆਰਾ ਸੁੱਖਾਂ ਦੀ ਪਰਾਪਤੀ ਮੰਨਦੇ ਹਨ, ਪਰ ਇਹ ਅਵਿਦਿਆ ਦਾ ਕਰਮ ਹੈ। ਗੁਰਮਤਿ ਵਿਚ ਆਤਮ ਸਮਪਨ ਉੱਤਮ ਬਲੀਦਾਨ ਹੈ। ਗੁਰਬਾਣੀ ਵਾਕ ਹੈ—

**ਇਹੁ ਤਨੁ ਤੁਮ੍ਰਾ ਸਭੁ ਗ੍ਰਿਹੁ ਧਨੁ ਤੁਮਰਾ ਹੀਂਉ ਕੀਓ ਕੁਰਬਾਨਾਂ ॥ (1213)**

**ਸਵਾਲ—ਬਾਬਰ ਕੌਣ ਸੀ?**

**ਜਵਾਬ**—ਭਾਰਤ ਵਿੱਚ ਜਾਤ ਵਰਣ ਅਤੇ ਮਤ ਮਤਾਂਤਰਾਂ ਦੇ ਝਗੜਿਆਂ ਨੇ ਅਜੇਹਾ ਉਪਦ੍ਰ ਮਚਾਇਆ ਕਿ ਪਰਸਪਰ ਈਰਖਾ ਦਵੈਸ਼ ਹੋਣ ਕਰ ਕੇ ਇਸ ਦੇਸ਼ ਪੁਰ ਵਿਦੇਸ਼ੀ ਮੁਸਲਮਾਨਾਂ ਦਾ ਚਿੱਤ ਲਲਚਾਇਆ। ਏਸੇ ਲੜੀ ਤਹਿਤ ਅਨੇਕਾਂ ਖ਼ਾਨਦਾਨ ਦਿੱਲੀ ਤੱਖਤ 'ਤੇ ਬੈਠੇ। ਅੰਤ ਨੂੰ ਲੋਧੀ ਖ਼ਾਨਦਾਨ ਦੇ ਬਾਦਸ਼ਾਹ ਇਬਰਾਹੀਮ ਨੂੰ ਸੰਮਤ 1584 ਵਿੱਚ ਮੁਗ਼ਲ ਵੰਸ਼ੀ ਬਾਬਰ ਨੇ, ਜੋ ਤੈਮੂਰ ਤੋਂ ਛੇਵੀਂ ਪੀੜ੍ਹੀ ਸੀ ਭਾਰਤ ਦਾ ਰਾਜ ਆਪਣੇ ਹੱਥ ਲਇਆ। ਬਾਬਰ ਦੀ ਮੁਲਾਕਾਤ ਗੁਰੂ ਨਾਨਕ ਸਾਹਿਬ ਜੀ ਨਾਲ ਵੀ ਹੋਈ ਸੀ।

**ਸਵਾਲ- ਵੈਰਾਗ ਤੋਂ ਕੀ ਭਾਵ ਹੈ?**

**ਜਵਾਬ**—ਸੰਸਾਰ ਦੇ ਪਦਾਰਥਾਂ ਵਿੱਚ ਮਨ ਖੱਚਤ ਨਾ ਕਰਨਾ, ਪੁਰਸ਼ਾਰਥ ਨਾਲ ਵਿਹਾਰ ਕਰਦੇ ਹੋਏ ਭੀ ਉਪਰਾਮ ਰਹਿਣਾ ਉੱਤਮ ਵੈਰਾਗ ਹੈ—

**ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥**
**ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥**
**ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥**
**ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥ (440)**

ਅਤੇ ਇਕ ਹੋਰ ਸਮਝੀਏ—

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥ (1427)**

**ਸਵਾਲ—ਭਗਤ ਕੀ ਹੁੰਦਾ ਹੈ?**

**ਜਵਾਬ**—ਇਹ ਸ਼ਬਦ ਭਜ ਧਾਤ (ਮਸਦਰ) ਤੋਂ ਬਣਿਆ ਹੈ, ਜਿਸ ਦਾ ਅਰਥ ਹੈ—ਵੰਡਣਾ, ਸੇਵਾ ਕਰਨਾ, ਰੱਬੀ ਗੁਣਾਂ ਵਿਚ ਜੁੜੇ ਰਹਿਣਾ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ—ਜੋ ਵਰਤਾ ਕੇ ਛੱਕਦਾ ਹੈ, ਸੰਸਾਰ ਦੀ ਸੇਵਾ ਕਦਾ ਹੈ ਅਤੇ ਕਰਤਾਰ ਨੂੰ ਮਨੋਂ ਨਹੀਂ ਵਿਸਾਰਦਾ ਉਹ ਭਗਤ ਹੈ—

**ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ ॥1॥ (123)**

ਇਕ ਹੋਰ ਵਾਕ ਵਿਚਾਰ ਯੋਗ ਹੈ—

**ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥**
**ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ (1384)**

**ਸਵਾਲ—ਭਗਤਿ ਤੋਂ ਕੀ ਭਾਵ ਹੈ?**

**ਜਵਾਬ**—ਇਹ ਸ਼ਬਦ ਸੰਸਕ੍ਰਿਤ ਦਾ ਸ਼ਬਦ ਭਕਤਿ ਤੋਂ ਬਣਿਆ ਹੈ, ਪੰਜਾਬੀ ਵਿਚ ਭਗਤੀ ਕਿਹਾ ਗਿਆ ਹੈ। ਇਸ ਦੇ ਅਰਥ ਹਨ—ਪ੍ਰਮੇਸ਼ਰ ਦੀ ਸੇਵਾ, ਪੂਜਾ, ਧਿਆਨ, ਨਾਮ ਸਿਮਰਨ ਲਿਵ ਵਿਚ ਰਹਿਣ ਵਾਲੀ ਮਨ ਦੀ ਭਾਵਨਾ—ਉਹ ਮਾਰਗ ਜਿਸ 'ਤੇ ਟੁਰਨ ਵਾਲੇ ਇਹ ਮੰਨਦੇ ਹਨ ਕਿ ਪਰਮੇਸ਼ਰ ਨੂੰ ਪਿਆਰ ਕਰਨਾ, ਆਪਾ ਭਾਵ ਨਾ ਰੱਖਣਾ, ਸਭ ਕੁਛ ਪ੍ਰਮੇਸ਼ਰ ਨੂੰ ਪਿਆਰ ਕਰਨਾ, ਆਪਾ ਭਾਵ ਨਾ ਰੱਖਣਾ, ਸਭ ਕੁਝ ਪ੍ਰੇਮਸ਼ਰ ਪਰਾਇਣ ਜਾਣਨਾ ਸਤਿ ਮਾਰਗ ਹੈ।

**ਭਗਤਿ ਦਾ ਅਰਥ ਵਿਭਾਗ, ਤਕਸੀਮ ਸੇਵਾ ਉਪਾਸਨਾ। ਗੁਰ ਕੀ ਸੇਵਾ ਗੁਰਭਗਤਿ ਹੈ**

ਸਿਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ—

**ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥ (22)**

ਸਤਿਗੁਰ ਦੇ ਉਪਦੇਸ਼ ਤੋਂ ਹੀ ਪਤਾ ਲਗਦਾ ਹੈ ਕਿ ਸੇਵਾ ਸਿਮਰਨ ਅਤੇ ਵੰਡ ਕੇ ਛਕਣਾ ਭਗਤੀ ਹੈ।

**ਸਵਾਲ--ਭੋਗ ਤੋਂ ਕੀ ਭਾਵ ਹੈ?**

**ਜਵਾਬ**—ਕਰਤਾਰ ਦੇ ਪ੍ਰੇਮੀ ਉਸ ਦੀ ਦਾਤ ਸਮਝ ਕੇ ਸੰਜਮ ਨਾਲ ਮਰਿਯਾਦਾ ਅਨੁਸਾਰ ਭੋਗਾਂ ਨੂੰ ਭੋਗਦੇ ਅਰ ਅਨੰਦ ਲੈਂਦੇ ਹਨ, ਪਰ ਅਗਿਆਨੀ ਮੂਰਖ ਭੋਗਾਂ ਤੋਂ ਭੋਗੇ ਜਾਂਦੇ ਹਨ, ਅਰ ਅੰਤ ਨੂੰ ਦੁੱਖ ਸਮੁੰਦਰ ਵਿੱਚ ਗੋਤੇ ਖਾਂਦੇ ਹਨ।

**ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥**
**ਸੁਖਹੁ ਉਠੇ ਰੋਗ ਪਾਪ ਕਮਾਇਆ ॥ (139)**

**ਸਵਾਲ—ਭੋਗ ਤੇ ਮੁਕਤੀ ਤੋਂ ਕੀ ਭਾਵ ਹੈ?**

**ਜਵਾਬ**—ਆਪਣੀ ਕਿਰਤ ਕਮਾਈ (ਭੋਗ ਭੋਗਦਿਆਂ) ਕਰਦਿਆਂ ਰੱਬੀ ਹੁਕਮ ਵਿਚ ਚਲਦਾ ਹੈ ਉਹ ਅਸਲ ਮੁਕਤ ਹੈ—ਜੇਹਾ ਕਿ

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥2॥ (522)**

-0-



# ਸ਼ਬਦ ਵਿਚਾਰ

# ਮੋਹ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਮੋਹ ਇੱਕ ਅਜਿਹਾ ਰੂਪ ਹੈ ਜਿਹੜਾ ਪਸ਼ੂ, ਪੰਛੀਆਂ ਅਤੇ ਮਨੁੱਖਾਂ ਵਿੱਚ ਆਮ ਦੇਖਿਆ ਜਾ ਸਕਦਾ ਹੈ। ਮੋਹ ਦੀ ਮਾਰ ਤੋਂ ਕੋਈ ਵਿਰਲਾ ਹੀ ਬਚਿਆ ਹੋਇਆ ਹੈ।

ਮਹਾਨ ਕੋਸ਼ ਵਿੱਚ ਮੋਹ ਦੇ ਅਰਥ ਬੇਹੋਸ਼ੀ, ਅਗਿਆਨ, ਸਨੇਹ, ਮੁਹੱਬਤ, ਭਰਮ-ਭੁਲੇਖਾ, ਦੁੱਖ-ਕਲੇਸ਼ ਦੇ ਰੂਪ ਵਿੱਚ ਆਇਆ ਹੈ। ਮੋਹ ਜ਼ਿਆਦਾਤਰ ਆਪਣੇ ਪ੍ਰਵਾਰ ਪ੍ਰਤੀ ਹੀ ਖਿੱਚ ਰੱਖਦਾ ਹੈ। ਮੋਹ ਮਨੁੱਖੀ ਸੁਭਾਅ ਦਾ ਇੱਕ ਮਿਜਾਜ ਹੁੰਦਾ ਹੈ ਜਿਹੜਾ ਪਿਆਰ ਦੀ ਭਾਵਨਾ ਦੇ ਰੂਪ ਵਿੱਚ ਵੀ ਦੇਖਿਆ ਜਾ ਸਕਦਾ ਹੈ।

ਮੋਹ ਵਿੱਚ ਪਿਆਰ ਦਾ ਇੱਕ ਉਹ ਵਲਵਲਾ ਹੁੰਦਾ ਹੈ ਜਿਹੜਾ ਦੋਸਤੀ ਦੀ ਸਾਖ ਨੂੰ ਹੋਰ ਵਧਾਉਂਦਾ ਹੈ। ਮੋਹ ਦੀ ਖਿੱਚ ਕਰਕੇ ਹੀ ਮਨੁੱਖ ਸ਼ਾਮ ਨੂੰ ਆਪਣੇ ਬੱਚਿਆਂ ਤਥਾ ਪ੍ਰਵਾਰ ਵਿੱਚ ਮੁੜ ਆਉਂਦਾ ਹੈ। ਪ੍ਰਵਾਰਕ ਮੋਹ ਦੀ ਪ੍ਰਕਿਰਿਆ ਸੀਮਤ ਹੈ ਜਿਸ ਨਾਲ ਆਪਣੇ ਬੱਚਿਆਂ ਦੇ ਔਗੁਣ ਵੀ ਚੰਗੇ ਲਗਦੇ ਹਨ। ਮੋਹ ਇੱਕ ਅਜੇਹੀ ਦਸ਼ਾ ਹੈ ਜਿਸ ਨਾਲ ਦੂਸਰੇ ਬੱਚਿਆਂ ਦੀ ਸੁੰਦਰਤਾ ਵੀ ਆਪਣੇ ਬੱਚਿਆਂ ਸਾਹਮਣੇ ਕਰੂਪ ਲਗਦੀ ਹੈ।

ਮੋਹ ਇੱਕ ਦਾਤ ਵੀ ਹੈ ਜਿਸ ਦੁਆਰਾ ਮਨੁੱਖ ਆਪਣੇ ਬੱਚਿਆਂ ਦੀ ਪੂਰੀ ਤਰ੍ਹਾਂ ਪ੍ਰਵਰਸ਼ ਵੀ ਕਰਦਾ ਹੈ ਬਸ਼ਰਤੇ ਕਿ ਆਪਣੇ ਬੱਚਿਆਂ ਦੀ ਥਾਂ 'ਤੇ ਹੋਰਨਾਂ ਬੱਚਿਆਂ ਦਾ ਹੱਕ ਨਾ ਖੋਵੇ।

ਮੋਹ ਦੀ ਤਹਿ ਥੱਲੇ ਇੱਕ ਨਿੱਜੀ ਸਵਾਰਥ ਦੀ ਬਿਰਤੀ ਲੁਕੀ ਹੁੰਦੀ ਹੈ ਜਿਹੜੀ ਮਨੁੱਖ ਨੂੰ ਸੀਮਤ ਕਰਕੇ ਰੱਖ ਦੇਂਦੀ ਹੈ। ਪਰਵਾਰਕ ਮੋਹ ਦੀਆਂ ਤੰਦਾਂ, ਆਪਣੀ ਜਾਤੀ ਦਾ ਮੋਹ, ਨਸਲ ਤੇ ਮਜ਼ਹਬ ਦਾ ਮੋਹ ਸਰਬੱਤ ਦੇ ਭਲੇ ਲਈ ਵੱਡੀ ਰੁਕਾਵਟ ਹਮੇਸ਼ਾਂ ਖੜੀ ਰੱਖਦਾ ਹੈ। ਵਰਤਮਾਨ ਸਮੇਂ ਵਿੱਚ ਰਾਜਨੀਤਿਕ ਦੇ ਨਿਘਾਰ ਦਾ ਕਾਰਨ ਹੀ ਪ੍ਰਵਾਰਕ ਮੋਹ ਹੈ ਜਿਸ ਨਾਲ ਚੰਗੇ ਆਗੂਆਂ ਦਾ ਹੱਕ ਖੋਹ ਕੇ ਆਪਣੇ ਪੁੱਤ ਪੋਤਰਿਆਂ ਨੂੰ ਰਾਜ ਭਾਗ ਦੇ ਮਾਲਕ ਬਣਾਉਣ ਵਿੱਚ ਲੱਗਾ ਹੋਇਆ ਹੈ।

ਜੇ ਮੋਹ ਨੂੰ ਨਿਜੀ ਸਵਾਰਥ ਤੋਂ ਉਪਰ ਉਠਾਲ ਕੇ ਮਨੁੱਖਤਾ ਦੇ ਭਲੇ ਲਈ ਵਰਤਿਆ ਜਾਏ ਤਾਂ ਇਹ ਆਪਸੀ ਭਾਈਚਾਰਕ ਸਾਂਝ ਵਧਾਉਂਦਾ ਹੈ ਤੇ ਸੇਵਾ ਦਾ ਰੂਪ ਧਾਰਨ ਕਰ ਜਾਂਦਾ ਹੈ।

ਮੋਹ ਦੀ ਦਲਦਲ ਵਿੱਚ ਫਸਿਆ ਹੋਇਆ ਮਨੁੱਖ ਆਪਣਾ ਆਤਮਕ ਜੀਵਨ ਗਵਾ ਲੈਂਦਾ ਹੈ—

ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥ ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥ ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥ (1357)

**ਅਰਥ:** — ਹੇ ਨਾਹ ਜਿੱਤੇ ਜਾਣ ਵਾਲੇ (ਮੋਹ)! ਤੂੰ ਜੁੱਧ ਦਾ ਸੂਰਮਾ ਹੈਂ, ਤੂੰ ਅਨੇਕਾਂ ਮਹਾਂ ਬਲੀਆਂ ਨੂੰ ਮਲ ਦੇਣ ਵਾਲਾ ਹੈਂ। ਗਣ ਗੰਧਰਬ ਦੇਵਤੇ ਮਨੁੱਖ ਪਸ਼ੂ ਪੰਛੀ—ਇਹਨਾਂ ਸਭਨਾਂ ਨੂੰ ਤੂੰ ਮੋਹ ਲੈਂਦਾ ਹੈਂ।

(ਪਰ ਇਸ ਦੀ ਮਾਰ ਤੋਂ ਬਚਣ ਲਈ) ਹੇ ਨਾਨਕ! ਜਗਤ ਦੇ ਮਾਲਕ ਪ੍ਰਭੂ ਦੀ ਸਰਨ ਲੈ ਅਤੇ ਜਗਤ ਦੇ ਰਚਣਹਾਰ ਹਰੀ ਨੂੰ ਨਮਸਕਾਰ ਕਰ।

**ਵਿਚਾਰ ਚਰਚਾ—**

1. ਸੰਸਾਰ ਵਿੱਚ ਗੁਣ ਅਤੇ ਵਿਕਾਰ ਦੋਵੇਂ ਆਪਣਾ ਰੋਲ ਨਿਭਾ ਰਹੇ ਹਨ ਭਾਵ ਗੁਣ ਔਗੁਣ ਮਨੁੱਖ 'ਤੇ ਆਪਣਾ ਪ੍ਰਭਾਵ ਪਾ ਕੇ ਰੱਖਦੇ ਹਨ।

2. ਆਤਮਿਕ ਤੌਰ 'ਤੇ ਮਨੁੱਖ ਨੇ ਗੁਣ ਹਾਸਲ ਕਰਨ ਲਈ ਜਿੱਥੇ ਮਿਹਨਤ ਕਰਨੀ ਹੈ ਓੱਥੇ ਔਗੁਣਾਂ ਨਾਲ ਜ਼ੋਰਦਾਰ ਸੰਘਰਸ਼ ਵੀ ਕਰਨਾ ਹੈ।

3. ਮੋਹ ਇਕ ਐਸਾ ਸੂਰਮਾ ਹੈ ਜਿਹੜਾ ਨਾ ਜਿੱਤਿਆ ਜਾ ਸਕਣ ਵਾਲਾ ਹੈ, ਜੇ ਇਸ ਦੀ ਸਮਝ ਆ ਜਾਏ ਤਾਂ ਇਸ ਦੀ ਸਹੀ ਵਰਤੋਂ ਮਨੁੱਖਤਾ ਦੀ ਸੇਵਾ ਦੇ ਰੂਪ 'ਚ ਕੀਤੀ ਜਾ ਸਕਦੀ ਹੈ।

4. ਪਸ਼ੂ, ਪੰਛੀਆਂ, ਮਨੁੱਖਾਂ ਅਤੇ ਦੇਵੀ ਦੇਵਤਿਆਂ ਨੂੰ ਮੋਹ ਨੇ ਆਪਣੇ ਅਧੀਨ ਕੀਤਾ ਹੋਇਆ ਹੈ।

5. ਮੋਹ ਦੀ ਤਹਿ ਥੱਲੇ ਨਿੱਜੀ ਸੁਆਰਥ ਛੁਪਿਆ ਹੋਇਆ ਹੈ ਜਿਹੜਾ ਕੌਮਾਂ ਦੀ ਬਰਬਾਦੀ ਦਾ ਕਾਰਨ ਬਣਦਾ ਹੈ।

6. ਮੋਹ ਦੀਆਂ ਬਰੀਕੀਆਂ ਨੂੰ ਗੁਰ-ਗਿਆਨ ਰਾਂਹੀਂ ਸਮਝਿਆ ਜਾ ਸਕਦਾ ਹੈ।

7. ਮੋਹ ਦੀ ਵਿਆਖਿਆ ਚਮਕੌਰ ਦੀ ਜੂਹ ਵਿਚੋਂ ਸਮਝੀ ਜਾ ਸਕਦੀ ਹੈ ਜਿੱਥੇ ਦੋਵੇਂ ਸਾਹਿਬਜ਼ਾਦੇ ਗੁਰੂ ਸਾਹਿਬ ਜੀ ਦੀਆਂ ਅੱਖਾਂ ਸਾਹਮਣੇ ਸਿੱਖਾਂ ਦੇ ਨਾਲ ਸ਼ਹੀਦ ਹੁੰਦੇ ਹਨ।

8. ਮੋਹ ਦੀ ਦਲਦਲ ਵਿੱਚ ਫਸਿਆ ਹੋਇਆ ਮਨੁੱਖ ਲਾਲਚੀ ਬਿਰਤੀ ਦਾ ਗੁਲਾਮ ਹੁੰਦਾ ਹੈ ਓੱਥੇ ਉਹ ਗੁਣਵਾਨ ਮਨੁੱਖਾਂ ਦਾ ਹੱਕ ਵੀ ਖਾ ਜਾਂਦਾ ਹੈ।

9. ਸਿੱਖਾਂ ਦੀ ਵਰਤਮਾਨ ਰਾਜਨੀਤਿਕ ਪਾਰਟੀ ਸਾਰੀ ਪਰਵਾਰਕ ਮੋਹ ਵਿੱਚ ਜਕੜੀ ਹੋਈ ਹੈ ਜਿਸ ਕਰਕੇ ਸਿੱਖ ਸਿਧਾਂਤਾਂ ਦਾ ਰੱਜ ਕੇ ਘਾਣ ਹੋ ਰਿਹਾ ਹੈ।

**ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖੵਣ ਮੋਹ ਕੀ ਫਾਸ ॥ ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥1॥ (੨੦੪)**

-0-

## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ। 79733-70542 'ਤੇ ਵਟਸਐਪ ਕਰ ਸਕਦੇ ਹੋ।**

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਭਾਰਤ ਦੀ ਅਜ਼ਾਦੀ ਲਈ ਸਿੱਖਾਂ ਦੀਆਂ ਕੁਰਬਾਨੀਆਂ




-ਕੈਪਟਨ ਅਵਤਾਰ ਸਿੰਘ ਪਰਿੰਗੜੀ
ਸੰਪਾਦਕ
ਗੁਰਮਤਿ ਵਿਰਸਾ
97819-90206


ਸਿੱਖ ਕੌਮ ਆਪਣੀ ਉਤਪਤੀ ਤੋਂ ਹੀ ਸਰਕਾਰੀ ਜਬਰ ਦੇ ਨਾਲ ਜੂਝਦੀ ਰਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਆਮ ਜਨਤਾ ਸਾਰੇ ਪਾਸਿਆਂ ਤੋਂ ਪਿੱਸੀ ਜਾ ਰਹੀ ਸੀ ਧਾਰਮਿਕ ਪੱਖੋਂ ਪੁਜਾਰੀ ਵਰਗਾਂ ਦੇ ਹੱਥੋਂ ਲੁੱਟੇ ਜਾ ਰਹੇ ਸਨ ਅਤੇ ਵਹਿਮਾਂ ਭਰਮਾਂ ਵਿੱਚ ਪੈ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਸੀ। ਰਾਜਨੀਤਿਕ ਤੌਰ ਤੇ ਹਿੰਦੂਆਂ ਉਤੇ ਟੈਕਸ ਦੂਹਰੇ ਅਤੇ ਮੁਸਲਮਾਨਾਂ ਉਤੇ ਅੱਧੇ ਲਾ ਕੇ ਗੁਲਾਮੀ ਦਾ ਅਹਿਸਾਸ ਦਿਵਾਇਆ ਜਾਂਦਾ ਸੀ ਅਤੇ ਹਕੂਮਤ ਵੱਲੋਂ ਹਰ ਧੱਕਾ ਕੀਤਾ ਜਾਂਦਾ ਸੀ। ਗੁਰੂ ਸਾਹਿਬ ਜੀ ਦੇ ਆਗਮਨ ਤੋਂ ਬਾਅਦ ਹਿੰਦੂਆਂ ਦੇ ਮੰਦਿਰ ਵੀ ਤੋੜੇ ਗਏ ਸਨ, ਪਰ ਸਿੱਖਾਂ ਦੇ ਧਰਮ ਅਸਥਾਨਾਂ ਨੂੰ ਛੇੜਿਆ ਨਹੀਂ ਗਿਆ ਸੀ। ਹਕੂਮਤ ਵੱਲੋਂ ਧੱਕੇ ਅਤੇ ਟੈਕਸਾਂ ਦੀ ਮਾਰ ਝੱਲ ਰਹੇ ਲੋਕ ਆਰਥਿਕ ਪੱਖੋਂ ਤਾਂ ਬੁਰੀ ਤਰ੍ਹਾਂ ਟੁੱਟੇ ਹੋਏ ਸਨ।

ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਧਾਰਮਿਕ ਵਹਿਮਾਂ ਭਰਮਾਂ ਤੋਂ ਬਾਹਰ ਕੱਢਿਆ ਅਤੇ ਗੁਰੂ ਸਾਹਿਬ ਦੀ ਵਿਚਾਰ ਧਾਰਾ ਨਾਲ ਅਨੇਕਾਂ ਲੋਕ ਜੁੜ ਗਏ। ਮਰ ਚੁੱਕੀ ਜਮੀਰ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਨੇ ਹੌਸਲਾਂ ਦਿੱਤਾ ਅਤੇ ਹਕੂਮਤ ਭਾਵ ਹਰ ਜ਼ੁਲਮ ਦੇ ਵਿਰੁੱਧ ਡੱਟ ਕੇ ਖੜੇ ਹੋਣ ਦੇ ਲਾਇਕ ਬਣਾਇਆ। ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜ਼ੁਲਮ ਦੇ ਖਿਲਾਫ਼ ਸ਼ਹੀਦੀਆਂ ਪ੍ਰਾਪਤ ਕੀਤੀਆਂ।



ਬੇੜੀਆਂ ਵਿਚ ਜਕੜੇ ਸਿੱਖ ਅਜਾਦੀ ਘੁਲਾਟੀਏ

ਗੁਰੂ ਗੋਬਿੰਦ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਰੱਖੀ ਨੀਂਹ ਨੂੰ ਪੂਰਨ ਰੂਪ ਦੇ ਕੇ ਖਾਲਸਾ ਪੰਥ ਸਾਜ ਦਿੱਤਾ, ਜਿਸ ਨੇ ਜ਼ੁਲਮ ਦੇ ਖਿਲਾਫ਼ ਵੱਡੀਆਂ ਜੰਗਾਂ ਲੜੀਆਂ, ਕੁਰਬਾਨੀਆਂ ਦਿੱਤੀਆਂ। ਇਸੇ ਹੀ ਬਹਾਦਰੀ ਭਰੇ ਇਤਿਹਾਸ ਨੂੰ ਜਿਉਂਦਾ ਰੱਖਣ ਲਈ ਅੰਗਰੇਜਾਂ ਤੋਂ ਭਾਰਤ ਅਜ਼ਾਦ ਕਰਾਉਣ ਵਾਸਤੇ ਵੱਡੀ ਗਿਣਤੀ ਵਿੱਚ ਕੁਰਬਾਨੀਆਂ ਦਿੱਤੀਆਂ।

ਸਿੱਖਾਂ ਨੂੰ ਦੇਸ਼ ਭਗਤੀ ਦਾ ਜਜ਼ਬਾ ਜਨਮ ਤੋਂ, ਵਿਰਸੇ ਵਿਚ ਹੀ ਮਿਲਿਆ ਹੈ। ਇਹੋ ਕਾਰਨ ਹੈ ਕਿ ਦੇਸ਼ ਦੀ ਸੁਤੰਤਰਤਾ ਦਾ ਕੋਈ ਅਜਿਹਾ ਅੰਦੋਲਨ ਨਹੀਂ ਜਿਸ ਵਿਚ ਇਨ੍ਹਾਂ ਨੇ ਅੱਗੇ ਹੋ ਕੇ ਕੁਰਬਾਨੀ ਨਾ ਦਿੱਤੀ ਹੋਵੇ। 'ਗਲੈਸਗੋ ਹੈਰਾਲਡ' ਕਲਕੱਤਾ ਮਿਤੀ 3-11-1825 ਅਨੁਸਾਰ, '1824 ਈਸਵੀ ਦੇ ਬਰਮਾ ਯੁੱਧ ਵਿਚ ਸਿੱਖ ਸੈਨਿਕਾਂ ਦੀ ਕੰਪਨੀ 47 ਨੇਟਿਵ ਇਨਫੈਂਟਰੀ ਵਿਚ ਵਿਦਰੋਹ ਭੜਕਾਉਣ ਦੇ ਦੋਸ਼ ਲਾ ਕੇ ਰਿਸਾਲਦਾਰ ਸੁਰ ਸਿੰਘ, ਜਾਤਾ ਸਿੰਘ, ਬਲਾਕਾ ਸਿੰਘ ਤੇ ਇਕ ਬੰਗਾਲੀ ਮਿ. ਦਾਸ ਨੂੰ ਫਾਂਸੀ ਚੜ੍ਹਾਇਆ ਗਿਆ। ਇਸ ਵਿਦਰੋਹ ਵਿਚ 880 ਫੌਜੀ ਮਾਰੇ ਗਏ ਜਾਂ ਫਾਂਸੀ ਚੜ੍ਹਾਏ ਗਏ।'

ਜੁਲਾਈ 1824 ਵਿਚ ਰੁੜਕੀ ਦੇ ਨੇੜੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਵਿਚ ਗੋਰਾ ਤੇ ਗੋਰਖਾ ਫ਼ੌਜਾਂ ਨਾਲ ਲੜਦੇ ਹੋਏ 200 ਦੇਸ਼ ਭਗਤ ਸ਼ਹੀਦ ਹੋਏ ਜਿਨ੍ਹਾਂ ਵਿਚ 88 ਸਿੱਖ ਸਨ।

14 ਅਕਤੂਬਰ, 1825 ਨੂੰ ਗਾਰਨੇਡੀਅਰ ਕੰਪਨੀ ਜਿਸ ਨੇ ਅਸਾਮੀ ਭਰਾਵਾਂ ਦੀ ਅਜ਼ਾਦੀ ਨੂੰ ਖ਼ਤਮ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਵਿਦਰੋਹ ਵਿਚ 400 ਦੇ ਕਰੀਬ ਸਿੱਖ ਸ਼ਹੀਦ ਹੋਏ।

1849 ਵਿਚ ਸਿੱਖਾਂ ਨੇ ਅੰਗਰੇਜ਼ਾਂ ਨਾਲ ਭਾਰਤ ਦੀ ਅਜ਼ਾਦੀ ਦੀ ਆਖ਼ਰੀ ਜੰਗ ਲੜੀ। ਇਸ ਪਿੱਛੋਂ ਸਿੱਖਾਂ ਦੀ ਹਾਰ ਕਾਰਨ ਸੰਪੂਰਨ ਭਾਰਤ ਅੰਗਰੇਜ਼ੀ ਰਾਜ ਵਿਚ ਮਿਲਾ ਦਿੱਤਾ ਗਿਆ।

1869 ਵਿਚ ਬਾਬਾ ਰਾਮ ਸਿੰਘ ਨੇ ਸ਼ਾਂਤਮਈ ਅੰਦੋਲਨ ਸ਼ੁਰੂ ਕੀਤਾ ਸੀ। 1871 ਵਿਚ ਗਊ-ਹੱਤਿਆ ਅੰਦੋਲਨ ਵਿਚ ਥਾਉਂ-ਥਾਈਂ ਬੁੱਚੜਾਂ ਨੂੰ ਵੱਢ ਦਿੱਤਾ ਗਿਆ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਪ੍ਰਵੇਸ਼ ਦੁਆਰ ਦੇ ਨਾਲ ਕਰਕੇ ਇਕ ਬੁੱਚੜਖਾਨਾ ਖੋਲ੍ਹਿਆ ਗਿਆ ਸੀ ਜਿਸ ਨਾਲ ਸ੍ਰੀ ਦਰਬਾਰ ਸਾਹਿਬ ਤੇ ਅੰਮ੍ਰਿਤ- ਸਰੋਵਰ ਦੀ ਪਵਿੱਤਰਤਾ ਭੰਗ ਹੁੰਦੀ ਸੀ। ਰਾਤੋ-ਰਾਤ ਕਸਾਈਆਂ ਨੂੰ ਕੱਟ-ਵੱਢ ਸੁੱਟਿਆ ਤੇ ਬੁੱਚੜਖ਼ਾਨਾ ਢਾਹ ਕੇ ਥਾਂ ਪੱਧਰਾ ਕੀਤਾ ਗਿਆ।

ਮਿਲਟਰੀ ਵਿਚ ਸਿੱਖ-ਸੈਨਿਕਾਂ ਨੇ ਸਾਮਰਾਜੀਆਂ ਵਿਰੁੱਧ ਬਗ਼ਾਵਤ ਫੈਲਾਉਣ ਦਾ ਯਤਨ ਕੀਤਾ ਤੇ 1872 ਈਸਵੀ ਵਿਚ ਸਿੱਖਾਂ ਨੇ ਅਸਲਾਖ਼ਾਨੇ 'ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਇਸ ਯਤਨ ਵਿਚ ਕੋਤਵਾਲ ਤੇ 7 ਫੌਜੀ ਮਾਰੇ ਗਏ ਪਰ ਲੁਧਿਆਣੇ ਦੇ ਡੀ.ਸੀ. ਨੇ ਫੌਜੀ ਸਹਾਇਤਾ ਤੇ ਰਿਆਸਤਾਂ ਦੀ ਸਹਾਇਤਾ ਨਾਲ ਇਸ ਦਲ ਨੂੰ ਗ੍ਰਿਫ਼ਤਾਰ ਕਰ ਲਿਆ।

1907 ਈਸਵੀ ਵਿਚ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਜੀ) ਨੇ 'ਪਗੜੀ ਸੰਭਾਲ ਜੱਟਾ' ਦਾ ਨਾਹਰਾ ਲਗਾ ਕੇ ਅੰਗਰੇਜ਼ ਸਰਕਾਰ ਨੂੰ ਇਕ ਖੁੱਲ੍ਹਾ ਚੈਲੰਜ ਦਿੱਤਾ। ਇਸ ਸਾਲ ਹੀ ਕੈਨੇਡਾ ਵਿਚ 'ਬੱਬਰ ਅਕਾਲੀ ਲਹਿਰ' ਤੇ ਕੈਲੇਫੋਰਨੀਆ ਵਿਚ 'ਗਦਰ ਪਾਰਟੀ' ਸੰਗਠਨ ਸ਼ੁਰੂ ਕੀਤੇ ਗਏ।

1913 ਈਸਵੀ ਵਿਚ ਬਾਬਾ ਸੋਹਣ ਸਿੰਘ ਜੀ ਭਕਨਾ ਨੇ 'ਗਦਰ ਪਾਰਟੀ' ਦੀ ਨੀਂਹ ਰੱਖੀ।

1914 ਈ. ਵਿਚ ਬਾਬਾ ਗੁਰਦਿੱਤ ਸਿੰਘ ਜੀ ਨੇ 376 ਯਾਤਰੂਆਂ (ਜਿਨ੍ਹਾਂ ਵਿਚ 355 ਸਿੱਖ ਸਨ) ਕਾਮਾਗਾਟਾਮਾਰੂ ਜਹਾਜ਼ ਵਿਚ ਪ੍ਰਦੇਸ਼ ਵਿਚ ਵੱਸਦੇ ਦੇਸ਼-ਭਗਤ ਭਾਰਤੀਆਂ ਨੂੰ ਲੈ ਕੇ ਭਾਰਤ ਆਏ ਤਾਂ ਸਾਮਰਾਜ ਨੇ 29 ਦਸੰਬਰ, 1914 ਨੂੰ ਪੰਜਾਹ ਸਿੱਖ ਸ਼ਹੀਦ ਕਰ ਦਿੱਤੇ ਤੇ ਬਾਕੀ ਬੰਦੀ ਬਣਾ ਲਏ। ਇਸ ਦੀ ਖ਼ਬਰ ਜਦ ਬਦੇਸ਼ਾਂ ਵਿਚ ਪੁੱਜੀ ਤਾਂ ਰੋਸ ਭੜਕ ਪਿਆ ਤੇ ਮਨੀਲਾ, ਸ਼ਿੰਘਾਈ, ਜਪਾਨ, ਅਮਰੀਕਾ ਆਦਿ ਵਿਚ ਵੱਸਦੇ 170 ਸਿੱਖਾਂ ਦਾ ਜਥਾ 24 ਅਕਤੂਬਰ, 1914 ਨੂੰ ਭਾਰਤ ਪੁੱਜਾ ਤਾਂ ਸਭ ਨੂੰ ਗ੍ਰਿਫ਼ਤਾਰ ਕਰ ਕੇ ਮਿੰਟਗੁਮਰੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।


1915 ਈ. ਵਿਚ ਸ. ਕਰਤਾਰ ਸਿੰਘ ਸਰਾਭਾ ਨੇ ਭਾਰਤੀ ਫੌਜੀਆਂ ਨੂੰ ਦੇਸ਼ ਦੀ ਸਵਾਧੀਨਤਾ ਦੇ ਜਜ਼ਬੇ ਵਿਚ ਉਤਸ਼ਾਹ ਦੇਣ ਦਾ ਪ੍ਰੋਗਰਾਮ ਬਣਾਇਆ ਪਰ

ਸਫ਼ਲ ਨਾ ਹੋਣ ਕਰਕੇ 14 ਨਵੰਬਰ, 1917 ਨੂੰ 12 ਸਿੱਖ ਸਾਥੀਆਂ ਸਮੇਤ ਫਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ। ਉਨ੍ਹਾਂ ਦੇ 15 ਸਾਥੀਆਂ ਨੂੰ ਬਾਅਦ ਵਿਚ ਅਦਾਲਤ ਨੇ ਮੌਤ ਦੀਆਂ ਸਜ਼ਾਵਾਂ ਦਿੱਤੀਆਂ।


ਸਾਕਾ ਜਲ੍ਹਿਆਂਵਾਲਾ ਬਾਗ

ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਜਲ੍ਹਿਆਂਵਾਲੇ ਬਾਗ ਦਾ ਖੂਨੀ ਕਾਂਡ ਹੋਇਆ ਜਿਸ ਵਿਚ ਸ਼ਹੀਦ ਹੋਣ ਵਾਲੇ 1300 ਦੇਸ਼-ਭਗਤਾਂ ਵਿਚ 769 ਸਿੱਖ ਸੂਰਬੀਰ ਸਨ।

1922 ਈ. ਵਿਚ ਬੱਬਰ ਅਕਾਲੀ ਲਹਿਰ ਦਾ ਮੁੱਢ ਬੰਨ੍ਹ, ਬੱਬਰਾਂ ਨੇ ਸਾਮਰਾਜ ਦੀ ਪਕੜ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ।


ਜਨਰਲ ਮੋਹਨ ਸਿੰਘ

ਗੁਰਦੁਆਰਾ ਲਹਿਰ (1921 ਤੋਂ 1924 ਈਸਵੀ) ਅਸਲ ਵਿਚ ਦੇਸ਼ ਦੇ ਸੁਤੰਤਰਤਾ ਅੰਦੋਲਨ ਦਾ ਆਰੰਭ ਸੀ ਜਿਸ ਨੂੰ ਦੇਸ਼ ਦੇ ਕੌਮੀ ਆਗੂਆਂ ਨੇ ਸਵੀਕਾਰ ਕੀਤਾ ਹੈ। ਇਸ ਬਾਬਤ ਉਨ੍ਹਾਂ ਦੇ ਵਿਚਾਰ ਇਸ ਤਰ੍ਹਾਂ ਹਨ:

"ਮੈਂ ਪ੍ਰਣਾਮ ਕਰਦਾ ਹਾਂ ਅਕਾਲੀਆਂ ਨੂੰ ਜਿਨ੍ਹਾਂ ਦੇਸ਼ ਦੀ ਅਜ਼ਾਦੀ ਲਈ ਘੋਲ ਅਰੰਭਿਆ ਹੈ ਅਤੇ ਅਜ਼ਾਦੀ ਲਈ ਲੜ ਰਹੇ ਹਨ।" (ਪੰਡਤ ਮੋਤੀ ਲਾਲ ਨਹਿਰੂ) "ਗੁਰੂ ਕੇ ਬਾਗ ਵਿੱਚੋਂ ਹੀ ਦੇਸ਼ ਦੀ ਸੁਤੰਤਰਤਾ ਦੀ ਲਹਿਰ ਉੱਠੀ ਹੈ, ਹੁਣ ਇਸ ਨੇ ਹੀ ਦੇਸ਼ ਨੂੰ ਅਜ਼ਾਦ ਕਰਵਾਉਣਾ ਹੈ।" (ਪੰਡਤ ਮਦਨ ਮੋਹਨ ਮਾਲਵੀਆ) "ਅਜ਼ਾਦੀ ਹਰ ਇਕ ਦਾ ਹੱਕ ਹੈ। ਅਸੀਂ ਕਪੁੱਤਰ ਹਾਂ ਪਰ ਅਕਾਲੀ ਸਪੁੱਤਰ ਹਨ ਜਿਹੜੇ ਕਿ ਇਸ ਹੱਕ ਲਈ ਲੜ ਰਹੇ ਹਨ।"(ਲਾਲਾ ਲਾਜਪਤ ਰਾਏ )

"ਸਿੱਖ ਵੀਰਾਂ ਨੇ ਸਾਨੂੰ ਦੇਸ਼-ਸੁਤੰਤਰਤਾ ਦੀ ਪ੍ਰਾਪਤੀ ਦੀ ਜਾਚ ਸਿਖਾ ਦਿੱਤੀ ਹੈ। ਹੁਣ ਦੁਨੀਆਂ ਦੀ ਕੋਈ ਵੀ ਤਾਕਤ ਸਾਨੂੰ ਬਹੁਤ ਦੇਰ ਤਕ ਗੁਲਾਮ ਨਹੀਂ ਰੱਖ ਸਕਦੀ।" (ਦਾਦਾ ਭਾਈ ਨਾਰੋ ਜੀ)

ਗੁਰੂ ਕੇ ਬਾਗ ਮੋਰਚੇ ਪਿੱਛੋਂ ਸ਼੍ਰੀ ਸੀ.ਐਫ. ਐਂਡਰਿਊਜ਼ ਲਿਖਦਾ ਹੈ :

"ਸ੍ਰੀ ਗੁਰੂ ਨਾਨਕ ਦੇ ਸਿੱਖਾਂ ਨੇ ਦੁਨੀਆਂ ਨੂੰ ਅਹਿੰਸਾ ਦਾ ਇਕ ਨਵਾਂ ਸਬਕ ਸਿਖਾਇਆ ਹੈ।"

ਪੰਡਤ ਮਦਨ ਮੋਹਨ ਮਾਲਵੀਆ ਤਾਂ ਸਿੱਖਾਂ ਦੀ ਕਥਨੀ ਤੇ ਕਰਨੀ ਤੋਂ ਇਤਨਾ ਪ੍ਰਭਾਵਿਤ ਹੋਇਆ ਸੀ ਕਿ ਉਸ ਨੇ ਹਿੰਦੂਆਂ ਨੂੰ ਇਸ ਗੱਲ ਲਈ ਪ੍ਰੇਰਿਆ ਕਿ ਜੇ ਵਿਦੇਸ਼ੀ ਹਕੂਮਤ ਦੀ ਗ਼ੁਲਾਮੀ ਤੋਂ ਮੁਕਤ ਹੋਣਾ ਚਾਹੁੰਦੇ ਹੋ ਤਾਂ ਫਿਰ ਹਰ ਹਿੰਦੂ ਘਰ ਨੂੰ ਘੱਟੋ-ਘੱਟ ਆਪਣਾ ਇਕ ਪੁੱਤਰ ਸਿੰਘ ਸਜਾਉਣਾ ਚਾਹੀਦਾ ਹੈ।

ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਦੇ ਪਹਿਲੇ ਸ਼ਹੀਦ ਸ. ਹਜ਼ਾਰਾ ਸਿੰਘ ਦੀ ਵੀਰ ਗਾਥਾ ਸੁਣ ਕੇ ਗਾਂਧੀ ਜੀ ਨੇ ਗੁਰਦੁਆਰਾ ਅਜ਼ਾਦ ਹੋਣ 'ਤੇ ਅਕਾਲੀ ਦਲ ਨੂੰ ਤਾਰ ਦਿੱਤੀ:

"ਮੈਨੂੰ ਦੇਸ਼ ਅਜ਼ਾਦ ਕਰਾਉਣ ਦਾ ਨੁਸਖਾ ਮਿਲ ਗਿਆ ਹੈ। ਗੁਰਦੁਆਰਾ ਅਜ਼ਾਦ ਹੋ ਗਿਆ। ਮੁਬਾਰਕ ਹੋਵੇ। ਹੁਣ ਦੇਸ਼ ਵੀ ਤੁਸੀਂ ਅਜ਼ਾਦ ਕਰਾਉਣਾ ਹੈ।"

ਡਾਕਟਰ ਗੰਡਾ ਸਿੰਘ ਅਨੁਸਾਰ, "ਗੁਰਦੁਆਰਾ ਮੂਵਮੈਂਟ ਵਿਚ 500 ਸਿੱਖ ਸ਼ਹੀਦ ਹੋਏ, 30 ਹਜ਼ਾਰ ਜੇਲ੍ਹਾਂ ਵਿਚ ਗਏ ਅਤੇ 10 ਲੱਖ ਰੁਪਿਆ ਸਿੱਖਾਂ ਨੇ ਜੁਰਮਾਨਾ ਭਰਿਆ।"

ਮਹਾਤਮਾ ਗਾਂਧੀ ਦੀ 1930 ਈ. ਦੀ ਨਾ-ਮਿਲਵਰਤਨ ਲਹਿਰ ਵਿਚ ਬਲੀਦਾਨ ਹੋਣ ਵਿਚ ਸਿੱਖ ਕਿਸੇ ਕੌਮ ਨਾਲੋਂ ਪਿੱਛੇ ਨਹੀਂ ਰਹੇ।

1934 ਈ. ਦਾ ਸਰਬ ਹਿੰਦ ਕਾਂਗਰਸ ਸੈਸ਼ਨ ਬੰਬਈ ਵਿਚ ਹੋਣਾ ਸੀ ਪਰ ਅੰਗਰੇਜ਼ ਸਰਕਾਰ ਨੇ ਪੰਡਾਲ ਨਾ ਲੱਗਣ ਦਾ ਅੜਿੱਕਾ ਡਾਹਿਆ। ਪੰਜਾਬ ਤੋਂ ਮਾਸਟਰ ਤਾਰਾ ਸਿੰਘ ਜੀ ਦੀ ਜਥੇਦਾਰੀ ਹੇਠ ਇਕ ਸੌ ਸਿਰਲੱਥ ਅਕਾਲੀ ਸੂਰਬੀਰਾਂ ਦਾ ਜਥਾ ਇਥੇ ਪੁੱਜਾ ਤੇ ਸਾਮਰਾਜ ਦੇ ਗੁੰਡਿਆਂ ਨੂੰ ਲਲਕਾਰਿਆ। ਇਨ੍ਹਾਂ ਸੂਰਬੀਰਾਂ ਦੀ ਸ੍ਰੀ ਸਾਹਿਬ ਦੇ ਹੇਠ ਹੀ ਉਦੋਂ ਇਥੇ ਸੈਸ਼ਨ ਹੋ ਸਕਿਆ, ਨਹੀਂ ਤੇ ਸਾਮਰਾਜੀ ਸਰਕਾਰ ਨੇ ਉਦੋਂ ਸੈਸ਼ਨ ਫ਼ੇਲ੍ਹ ਕਰਨ ਦੇ ਮਨਸੂਬੇ ਬਣਾ ਰੱਖੇ ਸਨ।

ਦੇਸ਼-ਸਵਾਧੀਨਤਾ ਵਿਚ ਸ. ਕਿਸ਼ਨ ਸਿੰਘ ਗੜਗੱਜ, ਭਾਈ ਈਸ਼ਰ ਸਿੰਘ, ਮਾਸਟਰ ਮੋਤਾ ਸਿੰਘ, ਸ. ਖੜਕ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਭਾਈ ਰਣਧੀਰ ਸਿੰਘ, ਮਾਸਟਰ ਤਾਰਾ ਸਿੰਘ, ਝਬਾਲੀਏ ਭਰਾਵਾਂ ਆਦਿ ਸੈਂਕੜੇ ਅਕਾਲੀ ਸਿੰਘਾਂ ਦੀਆਂ ਸਰਗਰਮੀਆਂ ਵਰਨਣਯੋਗ ਹਨ।

ਸ. ਭਗਤ ਸਿੰਘ ਖਿੜੇ-ਮੱਥੇ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਗਿਆ।

ਜਨਰਲ ਮੋਹਨ ਸਿੰਘ ਨੇ ਹੋਰਨਾਂ ਦੇਸ਼ਾਂ ਦੀ ਸਹਾਇਤਾ ਨਾਲ ਬਕਾਇਦਾ ਜੰਗ ਲੜਨ ਦੀ ਪਲੈਨ ਬਣਾਈ ਸੀ। ਜਨਰਲ ਮੋਹਨ ਸਿੰਘ ਨੇ ਜਪਾਨ ਵਿਚ ਅਜ਼ਾਦ ਹਿੰਦ ਫੌਜ ਨੂੰ ਸੰਗਠਿਤ ਕੀਤਾ। ਪਰ ਜਦ ਜਨਰਲ ਨੂੰ ਜਪਾਨੀਆਂ ਨੇ ਗ੍ਰਿਫ਼ਤਾਰ ਕਰ ਲਿਆ ਤਾਂ ਮਾਸਟਰ ਤਾਰਾ ਸਿੰਘ ਨੂੰ ਮਿਲੇ ਜਨਰਲ ਮੋਹਨ ਸਿੰਘ ਦੇ ਸੁਨੇਹੇ 'ਤੇ ਮਾਸਟਰ ਜੀ ਨੇ ਸੁਭਾਸ਼ ਚੰਦਰ ਬੋਸ ਨੂੰ ਇਥੋਂ ਨਿਕਲ ਜਾਣ ਦੀ, ਜਨਰਲ ਕੋਲ ਪਹੁੰਚਾਉਣ ਦੀ ਵਿਉਂਤ ਬਣਾਈ। ਸੁਭਾਸ਼ ਚੰਦਰ ਬੋਸ ਨੂੰ ਪਹੁੰਚਾਉਣ ਵਾਲੇ ਸਾਰੇ ਸਿੱਖ ਹੀ ਸਨ। ਅਜ਼ਾਦ ਹਿੰਦ ਫ਼ੌਜ ਦੀ ਕੁੱਲ ਗਿਣਤੀ 42,000 ਵਿੱਚੋਂ 28,000 ਸਿੱਖ ਸੈਨਿਕ ਸਨ।

1946 ਈ. ਵਿਚ ਬੰਬਈ ਵਿਚ ਨੇਵੀ ਦੇ ਜੁਆਨਾਂ ਦੇ ਵਿਦਰੋਹ ਵਿਚ ਵੀ ਸਿੱਖ ਸੈਨਿਕ ਕਿਸੇ ਨਾਲੋਂ ਘੱਟ ਨਹੀਂ ਸਨ। ਹੇਠਾਂ ਦਿੱਤਾ ਵੇਰਵਾ ਸੁਤੰਤਰਤਾ ਸੰਗਰਾਮ ਵਿਚ ਸਿੱਖ ਕੌਮ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਦੀ ਮੂੰਹ-ਬੋਲਦੀ ਤਸਵੀਰ ਹੈ:

| | **ਕੁੱਲ** | **ਸਿੱਖ** | **ਗੈਰ ਸਿੱਖ** |
|---|---|---|---|
| ਫਾਂਸੀ ਮਿਲੀ | 121 | 93 | 28 |
| ਉਮਰ ਕੈਦ | 2626 | 2147 | 479 |
| ਜਲ੍ਹਿਆਂਵਾਲੇ ਬਾਗ ਦੇ ਸ਼ਹੀਦ | 799 | 501 | 298 |
| ਬਜਬਜਘਾਟ ਦੇ ਸ਼ਹੀਦ | 113 | 67 | 46 |
| ਕੂਕਾ ਲਹਿਰ ਦੇ ਸ਼ਹੀਦ | 91 | 91 | — |
| ਅਕਾਲੀ ਲਹਿਰ ਦੇ ਸ਼ਹੀਦ | 500 | 500 | — |
| **ਕੁੱਲ** | **4250** | **3399** | **851** |

ਲੰਮੇ ਸੰਘਰਸ਼ ਤੋਂ ਬਾਅਦ ਦੇਸ਼ ਅਜ਼ਾਦ ਹੋਇਆ। ਇਸ ਵਿਚ ਸਿੱਖਾਂ ਨੇ ਆਪਣੀ ਅਬਾਦੀ ਦੇ ਅਨੁਪਾਤ ਤੋਂ ਕਿਤੇ ਵੱਧ ਯੋਗਦਾਨ ਪਾਇਆ।

# ਕੀ ਵਾਕਈ ਅੱਜ ਪੰਥ ਖਤਰੇ ਵਿਚ ਹੈ?

**-ਕੁਲਵੰਤ ਕੌਰ (ਡਾ) # 98156-20515**

**ਮੀਡੀਆ ਅੱਜ ਇਕ ਸ਼ਕਤੀਸ਼ਾਲੀ ਅਦਾਰਾ ਹੈ। ਪਰੰਤੂ ਬਿਨਾਂ ਸ਼ੱਕ ਇਸ 'ਤੇ ਵੀ ਡਾਹਢਿਆਂ ਦਾ ਕਬਜ਼ਾ ਹੁੰਦਾ ਜਾ ਰਿਹਾ ਹੈ। ਅਖ਼ਬਾਰਾਂ ਹੋਣ ਜਾਂ ਟੀ.ਵੀ. ਚੈਨਲ, ਸੰਤੁਲਿਤ, ਸਹੀ ਤੇ ਲੋੜੀਂਦੀ ਪੱਤਰਕਾਰੀ, ਅੱਜ ਦੀਵਾ ਲੈ ਕੇ ਲੱਭਣੀ ਪੈ ਰਹੀ ਹੈ। ਗਿਣੇ ਚੁਣੇ ਪਰਚੇ ਹਨ ਜਾਂ ਚੈਨਲ ਜੋ ਸੰਜੀਦਾ, ਪੜ੍ਹੇ ਲਿਖੇ ਅਤੇ ਅਕਲਮੰਦ ਪਾਠਕਾਂ ਜਾਂ ਦਰਸ਼ਕਾਂ ਦੀ ਸੰਤੁਸ਼ਟੀ ਕਰ ਰਹੇ ਹਨ। ਵਧੇਰੇ ਤਾਂ ਧਿਰਾਂ ਨਾਲ ਵਾਬਸਤਾ ਹਨ ਤੇ ਪੀਲੀ ਪੱਤਰਕਾਰੀ ਵਿਚ ਰੁਚਿਤ ਹਨ। ਜਿਹੜੇ ਇਸ ਪੱਖੋਂ ਅਪਵਾਦ ਹਨ ਉਹ ਸਿੱਖੀ ਸੋਚ ਵਿਚ ਤਰਕ, ਵਿਗਿਆਨਤਾ, ਸਹੀ ਸੋਚ ਅਤੇ ਦੂਰ ਦਰਸ਼ਤਾ ਲਿਆ ਕੇ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਵਾਬਸਤਾ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਹਨ ਤੇ ਦਕਿਆਨੂਸੀ ਕਹਾਣੀਆਂ ਤੇ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਨਾਲੋਂ ਪਾਠਕਾਂ ਨੂੰ ਮੋੜ ਰਹੇ ਹਨ। ਸੋ ਅੱਜ ਲੋੜ ਹੈ ਕਿ 'ਪੰਥ ਖ਼ਤਰੇ 'ਚ' ਹੈ ਦੀ ਦੁਹਾਈ ਪਾਉਣ ਵਾਲਿਆਂ ਨੂੰ ਅਸਲੀਅਤ ਦੱਸੀ ਜਾਵੇ। ਨਿਰਮਲ ਪੰਥ ਤਾਂ ਸਾਢੇ ਪੰਜ ਸੌਸਾਲਾਂ ਤੋਂ ਅਣਹੋਣੀਆਂ ਨਾਲ ਟੱਕਰ ਲੈਂਦਾ ਆ ਰਿਹਾ ਹੈ ਪਰ ਅੱਜ ਇਕ ਪਰਿਵਾਰ ਦੀ ਪ੍ਰਤਿਸ਼ਠਤਾ ਖ਼ਤਰੇ ਵਿਚ ਹੋਣ ਕਾਰਨ ਇਹ ਵਾਵੇਲਾ ਕੀਤਾ ਜਾ ਰਿਹਾ ਹੈ।**

**ਪੰਥ,** ਪੰਥ ਅਤੇ ਪੰਥ ਨਿਰਸੰਦੇਹ ਸਭ ਤੋਂ ਉੱਪਰ ਹੈ ਸਾਡਾ ਨਿਆਰਾ ਖ਼ਾਲਸਾ ਪੰਥ ਜਿਸ ਦੀ ਆਰੰਭਤਾ ਸਾਡੇ ਸੱਚੇ ਪਾਤਿਸ਼ਾਹਾਂ ਨੇ ਬੇਹੱਦ ਦੁਸ਼ਵਾਰੀਆਂ, ਖੁਆਰੀਆਂ, ਵਧੀਕੀਆਂ ਅਤੇ ਕੁਰਬਾਨੀਆਂ ਉਪਰੰਤ ਕੀਤੀ। ਨਾਨਕ ਨਿਰਮਲ ਪੰਥ ਤੋਂ ਖ਼ਾਲਸਾ ਪੰਥ ਦਾ ਸਫ਼ਰ ਵੀ ਅਤਿਅੰਤ ਬਿਖੜਾ ਰਿਹਾ ਹੈ ਪਰੰਤੂ ਖ਼ਾਲਸਾ ਪੰਥ ਦੇ ਰਾਹ ਤਾਂ ਸੂਲਾਂ ਵਿੰਨ੍ਹੇ ਰਹੇ ਹਨ। ਵੱਡੇ-ਵੱਡੇ ਘੱਲੂਘਾਰਿਆਂ, ਜੰਗਾਂ, ਯੁੱਧਾਂ, ਦੁਸ਼ਮਣੀ ਚਾਲਾਂ ਅਤੇ ਕਠਿਨ ਇਮਤਿਹਾਨਾਂ ਸਮੇਂ ਵੀ ਜਿਸ ਪੰਥ ਦੀ ਕਾਰਗੁਜ਼ਾਰੀ,ਯੋਗਦਾਨ ਅਤੇ ਰਹਿਨੁਮਾਈ ਬੇਸ਼ਕੀਮਤੀ ਰਹੀ ਹੋਵੇ, ਪ੍ਰਾਪਤੀਆਂ ਬੇਹਿਸਾਬ ਰਹੀਆਂ ਹੋਣ, ਡੰਕੇ ਚਹੁੰ ਕੂੰਟੀ ਵਜਦੇ ਰਹੇ ਹੋਣ, ਕਲਾਵਾ ਪੂਰੀ ਧਰਤੀ ਤੱਕ ਫੈਲਿਆ ਰਿਹਾ ਹੋਵੇ ਅਤੇ ਮਨੁੱਖੀ ਜਾਤ ਦੀ ਇਕਸਾਰਤਾ ਅਤੇ ਇਕਸੁਰਤਾ ਦਾ ਆਲਮ ਛਾਇਆ ਰਿਹਾ ਹੋਵੇ, ਉਸ ਪੰਥ 'ਤੇ ਅਜ ਭੀੜ ਕਿਵੇਂ ਆਣ ਪਈ? ਕਿਉਂ ਇਕੋ ਰਾਗ ਲਗਾਤਾਰ ਅਲਾਪਿਆ ਜਾ ਰਿਹਾ ਹੈ ਕਿ ਪੰਥ ਖ਼ਤਰੇ ਵਿਚ ਹੈ। ਬਚਾਓ ਇਸਨੂੰ! ਸੂਝਵਾਨਾਂ ਤੋਂ! ਦੂਰ ਦ੍ਰਿਸ਼ਟੀ ਵਾਲਿਆਂ ਤੋਂ ! ਸਿੱਖੀ ਦੇ ਹਿਤੈਸ਼ੀਆਂ ਤੋਂ ! ਵਿਗਿਆਨਕ ਸੋਚ ਵਾਲਿਆਂ ਤੋਂ ! ਬਾਣੀ ਸਮਝਣ ਵਾਲਿਆਂ ਤੋਂ ! ਅਤੇ ਸੱਚੇ ਸੁੱਚੇ ਪੰਥ ਪ੍ਰਸਤਾਂ ਤੋਂ !

ਜਦੋਂ ਤੋਂ ਮੌਜੂਦਾ ਪੰਜਾਬ ਸਰਕਾਰ ਨੇ ਸਰਬ ਸਾਂਝੀ ਗੁਰਬਾਣੀ ਨੂੰ ਘਰ-ਘਰ ਪਹੁੰਚਾਉਣ ਲਈ 1925 ਦੇ ਸਿੱਖ ਗੁਰਦਵਾਰਾ ਐਕਟ ਵਿਚ, ਇਕ ਤਰਮੀਮ ਕਰਕੇ, ਸਿੱਖਾਂ ਦੇ ਹੀ ਨਹੀਂ ਸਮੁੱਚੇ




ਸੰਸਾਰ ਦੇ ਸਭ ਤੋਂ ਮੁਕੱਦਸ ਸੱਥਲ, ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਤੇ ਪਰਚਾਰਨ ਦੇ ਹੱਕ ਹਰ ਮੀਡੀਆਈ ਚੈਨਲ ਨੂੰ ਦੇਣ ਦਾ ਮਤਾ ਪਕਾਇਆਹੈ, ਅਖੌਤੀ ਪੰਥਕ ਸਫ਼ਾਂ ਵਿਚ ਤਰਥੱਲੀ ਮਚ ਗਈ ਹੈ। ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਿਸ ਦੀ ਮਿਆਦ 2011 ਵਿਚ ਮੁੱਕ ਚੁੱਕੀ ਹੈ, ਇਸ ਸਰਕਾਰੀ ਫੈਸਲੇ ਦੇ ਵਿਰੋਧ ਵਿਚ ਚਾਰੇ ਖੁਰ ਚੁੱਕ ਕੇ ਪੈ ਗਈ ਹੈ। ਹਾਲਾਂ ਕਿ ਪੀ.ਟੀ.ਸੀ. ਚੈਨਲ ਵੱਲੋਂ ਆਯੋਜਿਤ 'ਮਿੱਸ ਪੰਜਾਬਣ' ਮੁਕਾਬਲੇ ਦੌਰਾਨ ਹੋਏ ਘਟਨਾਕ੍ਰਮ (ਜਿਸ ਨੂੰ ਪੂਰੀ ਸ਼ਿੱਦਤ ਨਾਲ ਮਿਟਾ ਦਿੱਤਾ ਗਿਆ ਸੀ) ਪਿਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ, ਵਾਰ-ਵਾਰ ਸ਼੍ਰੋਮਣੀ ਕਮੇਟੀ ਨੂੰ ਆਪਣਾ ਖ਼ੁਦ ਦਾ ਚੈਨਲ ਚਲਾਉਣ ਲਈ ਤਾਕੀਦ ਕੀਤੀ ਜਾਂਦੀ ਰਹੀ ਹੈ ਪਰ ਕਿਵੇਂ ਚਲਾਉਂਦੀ ਇਹ ਕਮੇਟੀ ਜਿਸ ਦੇ ਸਾਹਾਂ ਦੀ ਡੋਰ ਇਕ ਪਰਿਵਾਰ ਨੇ ਫੜੀ ਹੋਈ ਸੀ (ਤੇ ਹੈ ਵੀ) ਇਹ ਚੈਨਲ ਸ਼ੁਰੂ ਹੋ ਜਾਣ ਨਾਲ ਉਨ੍ਹਾਂ ਦੀ ਲੁੱਟ ਕਿਵੇਂ ਬਰਕਰਾਰ ਰਹਿੰਦੀ? ਉਨ੍ਹਾਂ ਦੀ ਧੌਂਸ ਕਿਵੇਂ ਪੁੱਗਦੀ? ਉਨ੍ਹਾ ਦਾ ਦਬਦਬਾ (ਜੋ ਕਿ ਹੁਣ ਐਵੇਂ ਨਾਮਾਤਰ ਹੀ ਬਚਿਆ ਹੈ) ਕਿਵੇਂ ਕਾਇਮ ਰਹਿੰਦਾ? ਸਰਕਾਰ ਨੂੰ ਐਕਟ 'ਚ ਸੋਧ ਕਰਨ ਲਈ ਮਜਬੂਰ ਕਰ ਦੇਣ ਵਾਲਾ ਇਹੋ ਇਕ ਪਰਿਵਾਰ ਹੈ ਜਿਸ ਨੇ ਗੁਰੂ ਪੰਥ ਦੀ ਜੱਗ ਹਸਾਈ ਕਰਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਸਾਡੇ ਮਹਾਨ ਧਰਮ ਦੇ ਪ੍ਰਸਾਰ ਵਿਚ ਸਦਾ ਅੜਿੱਕੇ ਡਾਹੇ ਹਨ।

ਮਹਾਂ ਕੁਰਬਾਨੀ ਕਰਨ ਵਾਲੇ ਅਨੇਕ ਮਰਜੀਵੜਿਆਂ ਨੇ 1920 ਵਿਚ ਜਿਸ ਮਹਾਨ, ਵਿਲੱਖਣ, ਅੱਡਰੀ, ਇਤਿਹਾਸਕ ਅਤੇ ਆਜ਼ਾਦ ਸੰਸਥਾ ਦੀ ਆਰੰਭਤਾ ਕੀਤੀ, ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਖਵਾਈ। ਇਸ ਦੇ ਹਾਸਿਲ ਬੇਸ਼ੁਮਾਰ ਰਹੇ। ਇਸ ਦੀ ਕਾਰਜਸ਼ਾਲਾ ਨਿਰੰਤਰਤਾ 'ਚ ਰਹੀ। ਦੁਰਾਚਾਰੀ ਮਹੰਤਾਂ ਤੋਂ ਪਵਿੱਤਰ ਗੁਰਧਾਮਾਂ ਨੂੰ ਆਜ਼ਾਦ ਕਰਾਉਂਦਿਆਂ ਹੀ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਾਪਰੇ ਪਰ ਕੁਰਬਾਨੀਆਂ ਦਾ ਜਜ਼ਬਾ ਕਦੇ ਵੀ ਮਾਂਦ ਨਾ ਪਿਆ। ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਮਾਸਟਰ ਮੋਤਾ ਸਿੰਘ, ਮਾਸਟਰ ਕਾਬਲ ਸਿੰਘ, ਗਿਆਨੀ ਕਰਤਾਰ ਸਿੰਘ ਜਿਹੇ ਅਣਗਿਣਤ ਮੁਹਤਬਰ ਜੁਝਾਰੂਆਂ ਨੇ ਇਸ ਨੂੰ ਸ਼੍ਰੋਮਣੀ ਬਣਾਈ ਰੱਖਣ ਲਈ ਬਹੁਤ ਕੁੱਝ ਕੁਰਬਾਨ ਕੀਤਾ। 1925 ਵਿਚ ਬਰਤਾਨਵੀ ਸਰਕਾਰ ਨੇ ਸਿੱਖ ਗੁਰਦਵਾਰਾ ਐਕਟ ਪਾਸ ਕਰ ਦਿੱਤਾ ਤਾਂ ਜੋ ਸਿੱਖਾਂ ਦੇ ਗੁਰਦਵਾਰਿਆਂ ਨੂੰ ਰਵਾਇਤੀ ਸਿੱਖਾਂ ਵਲੋਂ ਚੁਣੀ ਸੰਸਥਾ ਦੇ ਅਧੀਨ ਲਿਆਂਦਾ ਜਾ ਸਕੇ। ਉਦੋਂ ਸਾਰੀਆਂ ਵਿਚਾਰਧਾਰਾਵਾਂ ਵਾਲੇ ਸਿੱਖਾਂ ਦੀ ਰਾਇ ਮਾਅਨੇ ਰੱਖਦੀ ਸੀ ਜਦੋਂ ਕਿ ਹੁਣ ਇੱਕ ਟੱਬਰ ਦੇ ਵਫ਼ਾਦਾਰ ਹੀ ਸ਼੍ਰੋਮਣੀ ਕਮੇਟੀ 'ਤੇ ਕਾਬਜ ਹਨ। ਇੱਥੋਂ ਤੱਕ ਕਿ ਚੱਲਦੇ ਜਨਰਲ ਇਜਲਾਸ ਵਿਚ ਵੀ ਵਿਰੋਧੀ ਮਤਿ ਪ੍ਰਗਟਾਉਣ ਵਾਲਿਆਂ ਦੇ ਮਾਈਕ ਮੂਕ ਕਰ ਦਿੱਤੇ ਜਾਂਦੇ ਹਨ। ਅਮਾਨਵੀ ਵਤੀਰਾ ਕੀਤਾ ਜਾਂਦਾ ਹੈ ਅਤੇ ਇਕੋ ਧਿਰ ਪ੍ਰਤਿ ਵਫ਼ਾਦਾਰੀ ਨਿਭਾਉਣ ਦੀ ਤਵੱਕੋ ਕੀਤੀ ਜਾਂਦੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :-

**ਤੇਰਾ ਭਾਣਾ ਸਭੁ ਕਿਛੁ ਹੋਵੈ ॥**
**ਮਨਹਠਿ ਕੀਚੈ ਅੰਤਿ ਵਿਗੋਵੈ ॥ (356)**

ਇੰਞ, ਮਨ ਹਠ ਕਰਕੇ, ਅੱਜ ਇਸ ਮਾਣਮੱਤੀ (ਪਰ ਹਥਿਆ ਲਈ ਗਈ) ਸ਼੍ਰੋਮਣੀ ਕਮੇਟੀ ਵਿਚ ਕਾਰਜ-ਸਿੱਧੀ ਦੀ ਬਜਾਇ ਵਿਅਕਤੀ-ਸਿੱਧੀ ਅਤੇ ਮਤਲਬ-ਸਿੱਧੀ ਦਾ ਬੋਲਬਾਲਾ ਹੈ, ਪੰਥਕ-ਕਾਰਜਾਂ 'ਚ ਖੜੋਤ ਹੈ, ਸਿੱਖੀ ਦਾ ਨਾਸ਼ ਹੋ ਰਿਹਾ ਹੈ, ਅਨਮਤਾਂ ਦਾ ਪ੍ਰਸਾਰ ਜਾਰੀ ਹੈ, ਪਤਿਤਪੁਣਾ ਰੱਜ ਕੇ ਵਰਤਮਾਨ ਹੈ, ਗੁਰ-ਸ਼ਬਦ ਦੀ ਟੇਕ ਲੈ ਕੇ ਸਾਡੇ ਨਾਲ ਦੁਸ਼ਮਣੀ ਕਰਨ ਵਾਲੇ ਫਿਰਕੇ ਫਲ ਫੁਲ ਰਹੇ ਹਨ। ਸਿੱਖੀ

ਡੱਬੀ ਬੰਦ ਕੀਤੀ ਜਾ ਰਹੀ ਹੈ। ਭਾਈ ਮਰਦਾਨਾ ਜੀ ਦੇ ਵੰਸਜ਼ ਸ੍ਰੀ ਦਰਬਾਰ ਸਾਹਿਬ ਕੀਰਤਨ ਨਹੀਂ ਕਰ ਸਕਦੇ। ਜਿਸ ਪਾਤਿਸ਼ਾਹ ਨੇ ਅੱਧੀ ਸਦੀ ਦੇ ਕਰੀਬ ਮਰਦਾਨਾ ਜੀ ਦੀ ਸੰਗਤ ਦਾ ਅਨੰਦ ਮਾਣਿਆ, ਅੱਜ ਉਨ੍ਹਾਂ ਦੀ ਅੰਸ਼ ਵੰਸ਼ ਸਾਨੂੰ ਪ੍ਰਵਾਨ ਨਹੀਂ ਹੈ ਕਿਉਂਕਿ ਉਹ ਪੰਜ ਕਕਾਰੀ ਨਹੀਂ। ਕੀ ਪੰਜ ਕਕਾਰ ਧਾਰਨ ਕਰੀ ਬੈਠੇ ਸਾਰੇ ਅੱਜ ਸੱਚਮੁੱਚ ਸ਼ੁੱਧ ਖ਼ਾਲਸੇ ਅਖਵਾ ਸਕਦੇ ਹਨ? ਇਹਨਾਂ 'ਚੋਂ ਕਈਆਂ ਦੀਆਂ ਕਾਲੀਆਂ ਕਰਤੂਤਾਂ ਅਕਸਰ ਚਰਚਾ ਦਾ ਧੁਰਾ ਬਣਦੀਆਂ ਹਨ। ਇੱਥੇ ਵੀ ਸਭ ਅੱਛਾ ਨਹੀਂ ਹੈ।

ਗੁਰਬਾਣੀ ਸਰਬ ਸਾਂਝੀ ਅਮਾਨਤ ਹੈ। ਸਮੁੱਚੀ ਮਨੁੱਖ ਜਾਤ ਦੀ ਜੀਵਨ ਜਾਚ ਹੈ ਇਹ। ਕੋਈ ਕਾਲਾ, ਗੋਰਾ, ਅਫਰੀਕੀ, ਅਮਰੀਕੀ, ਭਾਰਤੀ, ਚੀਨੀ ਜਾਂ ਜਾਪਾਨੀ ਇਸ ਦੇ ਰੰਗ ਵਿਚ ਰੰਗਿਆ ਜਾ ਸਕਦਾ ਹੈ। ਇਸ ਨੂੰ ਅਪਨਾ ਕੇ ਆਪਣੀ ਜ਼ਿੰਦਗੀ ਬਦਲ ਸਕਦਾ ਹੈ। ਬਦਲ ਹੀ ਨਹੀਂ ਸਗੋਂ ਇਸ ਨੂੰ ਸਫ਼ਲ ਵੀ ਕਰ ਸਕਦਾ ਹੈ, ਨਿਆਰਾ ਬਣ ਸਕਦਾ ਹੈ, ਅਦੁੱਤੀ ਤੇ ਅਤਿਅੰਤ ਕ੍ਰਿਸ਼ਮਈ ਵੀ ਸਿੱਧ ਹੋ ਸਕਦਾ ਹੈ। ਇੰਝ,



ਸਨਾਤਨ ਧਰਮ ਵਲੋਂ ਪ੍ਰਵਾਨਿਤ 740 ਪੰਥਾਂ ਤੋਂ ਵੀ ਅੱਡਰਾ ਅਤੇ ਬੇਸ਼ਕੀਮਤੀ ਹੈ ਖ਼ਾਲਸਾ ਪੰਥ, ਇਸ ਦੀ ਸ੍ਰੇਸ਼ਟਤਾ ਲਾਜਵਾਬ ਹੈ ਅਤੇ ਇਸ ਦੀ ਕਾਰਗੁਜ਼ਾਰੀ ਬਹੁਤ ਵਿਆਪਕ। ਇਸ ਨੇ ਮੁਗਲ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਐਸ਼ਪ੍ਰਸਤੀ ਵਿਚ ਖੁੱਭੇ ਹਿੰਦੂ ਰਾਜਿਆਂ ਨੂੰ ਸੁਚੇਤ ਕਰਦਿਆਂ ਸਾਰੀਆਂ ਨਾਨਕ ਜੋਤਾਂ, ਬੇਖ਼ੌਫ਼ੀ, ਨਿਡਰਤਾ, ਦਲੇਰੀ ਤੇ ਸਮਾਨਤਾ ਨਾਲ ਵਿਚਰੀਆਂ। ਦਰਅਸਲ, ਪੰਥ ਇਸੇ ਨੂੰ ਕਿਹਾ ਜਾ ਸਕਦਾ ਹੈ। ਕੀ ਮੌਜੂਦਾ ਸਮੇਂ ਵਿਚ ਸਾਡੀ ਸ਼੍ਰੋਮਣੀ ਕਮੇਟੀ ਮਿੱਥੇ ਗਏ ਟੀਚਿਆਂ ਪ੍ਰਤਿ ਦ੍ਰਿੜ ਅਤੇ ਪ੍ਰਤਿਬੱਧ ਹੈ? ਹਰਗਿਜ਼ ਵੀ ਨਹੀਂ, ਹੁੰਦੀ ਤਾਂ ਸਭ ਕੁਝ ਦੇਸ਼ ਕੌਮ ਤੋਂ ਕੁਰਬਾਨ ਕਰ ਦੇਣ ਵਾਲੇ ਕਲਗੀਧਰ ਪਾਤਿਸ਼ਾਹ ਦਾ ਸਵਾਂਗ ਰਚਾਉਣ ਵਾਲੇ, ਸਾਡੇ ਇਸ਼ਟ ਨੂੰ ਗਲੀਆਂ ਕੂਚਿਆਂ ਵਿਚ ਰੋਲਣ ਲਈ ਆਪਣੇ ਚਾਟੜਿਆਂ ਨੂੰ ਉਕਸਾਉਣ ਵਾਲੇ ਕਾਮੀ, ਬਲਾਤਕਾਰੀ, ਵਿਲਾਸੀ, ਗੁੰਡੇ ਤੇ ਕਾਤਲ ਸਾਧ ਕੋਲ ਵੋਟਾਂ ਦੀ ਭੀਖ ਮੰਗਣ ਕਦੇ ਨਾ ਜਾਂਦੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਤਿਸ਼ਠਤ

**1925 ਵਿਚ ਬਰਤਾਨਵੀ ਸਰਕਾਰ ਨੇ ਸਿੱਖ ਗੁਰਦਵਾਰਾ ਐਕਟ ਪਾਸ ਕਰ ਦਿੱਤਾ ਤਾਂ ਜੋ ਸਿੱਖਾਂ ਦੇ ਗੁਰਦਵਾਰਿਆਂ ਨੂੰ ਰਵਾਇਤੀ ਸਿੱਖਾਂ ਵਲੋਂ ਚੁਣੀ ਸੰਸਥਾ ਦੇ ਅਧੀਨ ਲਿਆਂਦਾ ਜਾ ਸਕੇ। ਉਦੋਂ ਸਾਰੀਆਂ ਵਿਚਾਰਧਾਰਾਵਾਂ ਵਾਲੇ ਸਿੱਖਾਂ ਦੀ ਰਾਇ ਮਾਅਨੇ ਰੱਖਦੀ ਸੀ ਜਦੋਂ ਕਿ ਹੁਣ ਇੱਕ ਟੱਬਰ ਦੇ ਵਫਾਦਾਰ ਹੀ ਸ਼੍ਰੋਮਣੀ ਕਮੇਟੀ 'ਤੇ ਕਾਬਜ ਹਨ। ਇੱਥੋਂ ਤੱਕ ਕਿ ਚੱਲਦੇ ਜਨਰਲ ਇਜਲਾਸ ਵਿਚ ਵੀ ਵਿਰੋਧੀ ਮਤਿ ਪ੍ਰਗਟਾਉਣ ਵਾਲਿਆਂ ਦੇ ਮਾਈਕ ਮੂਕ ਕਰ ਦਿੱਤੇ ਜਾਂਦੇ ਹਨ। ਅਮਾਨਵੀ ਵਤੀਰਾ ਕੀਤਾ ਜਾਂਦਾ ਹੈ ਅਤੇ ਇਕੋ ਧਿਰ ਪ੍ਰਤਿ ਵਫ਼ਾਦਾਰੀ ਨਿਭਾਉਣ ਦੀ ਤਵੱਕੋ ਕੀਤੀ ਜਾਂਦੀ ਹੈ।**

ਜਥੇਦਾਰਾਂ ਦੀ ਰੋਜ਼ ਰੋਜ ਖਿੱਚ ਧੂਹ ਨਾ ਹੁੰਦੀ ਤੇ ਸੰਗਤ ਦਾ ਬਾਨਵੇਂ ਲੱਖ ਇਸ਼ਤਿਹਾਰਾਂ 'ਤੇ ਰੋੜ੍ਹ ਕੇ ਆਪਣੀ ਹਉ ਪੱਠੇ ਨਾ ਪਾਏ ਹੁੰਦੇ। ਜਿਸ ਸ਼ਾਤਰ ਨੂੰ ਅਦਾਲਤਾਂ ਨੇ ਸਖ਼ਤ ਸਜ਼ਾਵਾਂ ਦਿੱਤੀਆਂ, ਉਸ ਨੂੰ ਸਾਡੀਆਂ ਦੋਹਾਂ ਅਜ਼ੀਮ ਸੰਸਥਾਵਾਂ ਨੇ ਬਰੀ ਕਰਾਰ ਦੇ ਕੇ ਆਪਣੀ ਮਾਣ ਮਰਿਯਾਦਾ ਖੂਹ ਦਿੱਤੀ।

ਬੇਅਦਬੀਆਂ ਦੀ ਸ਼ੁਰੂ ਹੋਈ ਬਰਸਾਤ, ਥੰਮ੍ਹਣ ਦਾ ਨਾਂ ਨਹੀਂ ਲੈ ਰਹੀ। ਨਿਹੱਥਿਆਂ ਤੇ ਗੋਲੀਆਂ ਚਲਾਉਣ ਦਾ ਹੁਕਮ ਚਾੜ੍ਹਨ ਵਾਲੇ ਅੱਜ ਮਗਰਮੱਛ ਦੇ ਹੰਝੂ ਕੇਰ ਕੇ 'ਜਾਣੇ ਅਣਜਾਣੇ 'ਚ ਹੋਈਆਂ ਗਲਤੀਆਂ' ਦੀ ਮੁਆਫ਼ੀ ਮੰਗ ਰਹੇ ਹਨ। ਗੁਰਦਵਾਰਿਆਂ ਨੂੰ ਆਪਣੇ ਬਾਪ ਦੀ ਜਾਗੀਰ ਸਮਝੀ ਬੈਠੇ ਹਨ। ਜਥੇਦਾਰਾਂ ਦੀ ਚੋਣ ਵਿਚ ਕੋਈ ਹੋਰ ਗੁਣ ਨਹੀਂ ਸਿਰਫ਼ ਚਾਪਲੂਸੀ ਢੂੰਡਦੇ ਹਨ। 2011 ਵਿਚ ਆਪਣੀ ਮਿਆਦ ਪੁਗਾ ਚੁੱਕੀ ਸ਼੍ਰੋਮਣੀ ਕਮੇਟੀ ਨੂੰ ਕੋਈ ਅਧਿਕਾਰ ਹੀ ਨਹੀਂ ਰਹਿ ਜਾਂਦਾ ਕਿ ਕਿਸੇ ਨਵੇਂ ਅੰਦੋਲਨ (ਮੋਰਚੇ) ਦੀ ਚਿਤਾਵਨੀ ਦੇਵੇ। ਪਿਛਲੇ ਮੋਰਚਿਆਂ ਵਾਲੇ ਆਗੂ ਲਿਫਾਫਿਆਂ 'ਚੋਂ ਨਹੀਂ ਸਨ ਨਿਕਲਦੇ ਬਲਕਿ ਸੰਗਤ ਦੀ ਚਾਹਤ ਵਿਚੋਂ ਆਉਂਦੇ ਸਨ। ਸੰਗਤ ਨਾਲ ਮਰ ਮਿਟਣ ਵਾਲੇ ਵੀ ਅਤੇ ਉਹ ਮਾਰੀ ਜਾ ਰਹੀ ਸੰਗਤ ਦੇ ਕੋਲ ਹੱਥ ਖੜ੍ਹੇ ਕਰਕੇ ਆਪਣੇ ਬਚਾਓ ਲਈ ਤਰਲੇ ਨਹੀਂ ਸਨ ਲੈਂਦੇ ਫਿਰਦੇ। ਇਨ੍ਹਾਂ 'ਸ਼੍ਰੋਮਣੀ' ਨੇਤਾਵਾਂ ਦੀਆਂ ਗਾਥਾਵਾਂ ਲੰਮੀਆਂ ਚੌੜੀਆਂ ਹਨ ਜਿਹੜੇ ਹਰਿਆਣਾ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਰੁੱਧ ਪੂਰਾ ਵਾਵੇਲਾ ਕਰਕੇ ਹੁਣ ਖ਼ਾਮੋਸ਼ ਹੋ ਕੇ ਬੈਠ ਗਏ ਹਨ। ਨਾਨਕਸ਼ਾਹੀ ਕੈਲੰਡਰ ਦੇ ਕਾਤਲ, ਸਿੱਖੀ ਦੇ ਦੁਸ਼ਮਣਾਂ ਦੇ ਸਕੇ ਸਹੋਦਰੇ ਅਤੇ ਸਿੱਖ-ਮੁੱਦਿਆਂ ਪ੍ਰਤਿ ਬੇਮੁੱਖ ਪਤਾ ਨਹੀਂ ਕਿਹੜੀ ਹਵਾ ਵਿਚ ਵਿਚਰ ਰਹੇ ਹਨ।

ਮੀਡੀਆ ਅੱਜ ਇਕ ਸ਼ਕਤੀਸ਼ਾਲੀ ਅਦਾਰਾ ਹੈ। ਪਰੰਤੂ ਬਿਨਾਂ ਸ਼ੱਕ ਇਸ 'ਤੇ ਵੀ ਡਾਹਢਿਆਂ ਦਾ ਕਬਜ਼ਾ ਹੁੰਦਾ ਜਾ ਰਿਹਾ ਹੈ। ਅਖ਼ਬਾਰਾਂ ਹੋਣ ਜਾਂ ਟੀ.ਵੀ. ਚੈਨਲ, ਸੰਤੁਲਿਤ, ਸਹੀ ਤੇ ਲੋੜੀਂਦੀ ਪੱਤਰਕਾਰੀ, ਅੱਜ ਦੀਵਾ ਲੈ ਕੇ ਲੱਭਣੀ ਪੈ ਰਹੀ ਹੈ। ਗਿਣੇ ਚੁਣੇ ਪਰਚੇ ਹਨ ਜਾਂ ਚੈਨਲ ਜੋ ਸੰਜੀਦਾ, ਪੜ੍ਹੇ ਲਿਖੇ ਅਤੇ ਅਕਲਮੰਦ ਪਾਠਕਾਂ ਜਾਂ ਦਰਸ਼ਕਾਂ ਦੀ ਸੰਤੁਸ਼ਟੀ ਕਰ ਰਹੇ ਹਨ। ਵਧੇਰੇ ਤਾਂ ਧਿਰਾਂ ਨਾਲ ਵਾਬਸਤਾ ਹਨ ਤੇ ਪੀਲੀ ਪੱਤਰਕਾਰੀ ਵਿਚ ਰੁਚਿਤ ਹਨ। ਜਿਹੜੇ ਇਸ ਪੱਖੋਂ ਅਪਵਾਦ ਹਨ ਉਹ ਸਿੱਖੀ ਸੋਚ ਵਿਚ ਤਰਕ, ਵਿਗਿਆਨਤਾ, ਸਹੀ ਸੋਚ ਅਤੇ ਦੂਰ ਦਰਸ਼ਤਾ ਲਿਆ ਕੇ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਵਾਬਸਤਾ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਹਨ ਤੇ ਦਕਿਆਨੂਸੀ ਕਹਾਣੀਆਂ ਤੇ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਨਾਲੋਂ ਪਾਠਕਾਂ ਨੂੰ ਮੋੜ ਰਹੇ ਹਨ। ਸੋ ਅੱਜ ਲੋੜ ਹੈ ਕਿ 'ਪੰਥ ਖ਼ਤਰੇ 'ਚ' ਹੈ ਦੀ ਦੁਹਾਈ ਪਾਉਣ ਵਾਲਿਆਂ ਨੂੰ ਅਸਲੀਅਤ ਦੱਸੀ ਜਾਵੇ। ਨਿਰਮਲ ਪੰਥ ਤਾਂ ਸਾਢੇ ਪੰਜ ਸੌਸਾਲਾਂ ਤੋਂ ਅਣਹੋਣੀਆਂ ਨਾਲ ਟੱਕਰ ਲੈਂਦਾ ਆ ਰਿਹਾ ਹੈ ਪਰ ਅੱਜ ਇਕ ਪਰਿਵਾਰ ਦੀ ਪ੍ਰਤਿਸ਼ਠਤਾ ਖ਼ਤਰੇ ਵਿਚ ਹੋਣ ਕਾਰਨ ਇਹ ਵਾਵੇਲਾ ਕੀਤਾ ਜਾ ਰਿਹਾ ਹੈ। ਆਓ ਕਿਸੇ ਇਕ ਧਿਰ ਦੇ ਨਹੀਂ, ਖ਼ਾਲਸਾ ਪੰਥ ਦੇ ਵਾਰਿਸ ਬਣੀਏ!!!

-0-

## ਚੰਦਾ ਨਵਿਆਉਣ ਸਬੰਧੀ

ਜੇ ਆਪ ਜੀ ਦਾ ਸਾਲਾਨਾ ਚੰਦਾ ਇਸ ਮਹੀਨੇ ਖਤਮ ਹੋ ਗਿਆ ਹੈ ਤਾਂ ਮੈਗਜ਼ੀਨ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਦੁਬਾਰਾ ਚੰਦਾ ਭੇਜੋ ਜੀ। ਮੈਗਜ਼ੀਨ ਦੀ ਸਾਲਾਨਾ ਭੇਟਾ 250/- ਅਤੇ ਲਾਈਫ਼ ਮੈਂਬਰਸ਼ਿਪ 3000/- ਹੈ। ਚੰਦਾ ਭੇਜਣ ਸਮੇਂ ਆਪਣਾ ਨਾਮ ਬੈਂਕ ਕਲਰਕ ਨੂੰ ਜ਼ਰੂਰ ਲਿਖਵਾਓ ਅਤੇ ਮੁੱਖ ਦਫਤਰ ਵਿਚ ਚੰਦਾ ਭੇਜਣ ਦੀ ਸੂਚਨਾ ਜ਼ਰੂਰ ਦਿਓ। ਤੁਸੀਂ ਇਸ ਮੈਗਜ਼ੀਨ ਦਾ ਚੰਦਾ ਹੇਠ ਲਿਖੇ A/C ਵਿੱਚ ਵੀ ਭੇਜ ਸਕਦੇ ਹੋ। **AXIS Bank, Branch : Phullanwal, IFSC Code: UTIB0000196, A/C : 913010032526897**, ਤੁਸੀਂ **GURMAT VIRSA** ਦੇ ਨਾਮ ਤੇ ਚੈੱਕ ਵੀ ਭੇਜ ਸਕਦੇ ਹੋ।

## ਸੇਵਾ ਕਮਾਉਣ ਤੇਜਵਾਨੀ ਜਿਊਣ ਦੀ ਜਾਚ ਸਿਖਾਉਂਦਾ

# ਸ਼ਹੀਦ ਦਲੀਪ ਸਿੰਘ ਸਾਹੋਵਾਲ ਦਾ ਜੀਵਨ

**–ਰਸ਼ਪਾਲ ਸਿੰਘ ਹੁਸ਼ਿਆਰਪੁਰ # 98554–40151** rashpalsingh714@gmail.com

ਗੁਰਦੁਆਰਾ ਨਨਕਾਣਾ ਸਾਹਿਬ ਦੇਕੁਕਰਮੀ ਮਹੰਤ ਨਰੈਣ ਦਾਸ ਵਲੋਂ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਸ: ਬੂਟਾ ਸਿੰਘ ਵਕੀਲ ਸ਼ੇਖੂਪੁਰੇ ਆਦਿ ਪੰਥਕ ਮੁਖੀਆਂ ਨਾਲ 14 ਤੇ 15 ਫਰਵਰੀ 1921 ਦੀਆਂ ਮੀਟਿੰਗਾਂ ਵੀ ਟਾਲ-ਮਟੋਲਕਰ ਦਿੱਤੀਆਂ ਗਈਆਂ ਤੇ 6 ਮਾਰਚ 1921 ਨੂੰ ਨਨਕਾਣਾ ਸਾਹਿਬ ਵਿਖੇ ਹੋਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕੱਠ 'ਤੇ ਹਮਲੇ ਦੀਆਂ ਸਾਜਿਸ਼ਾਂ ਘੜੀਆਂ ਜਾ ਚੁੱਕੀਆਂ ਸਨ। ਸਾਰੀਆਂ ਸਾਜਿਸ਼ਾਂ ਦੇ ਮੱਦੇ-ਨਜ਼ਰ ਜਥੇਦਾਰ ਝੱਬਰ ਹੋਰਾਂ ਗੁਰਦੁਆਰਾ 'ਖਰਾ ਸੌਦਾ' ਪੁੱਜ ਕੇਜਥੇ ਨਾਲ ਵਿਉਂਤ ਬਣਾਈ ਕਿ 19-20 ਫਰਵਰੀ ਨੂੰ ਜਦੋਂ ਮਹੰਤ ਨਰੈਣ ਦਾਸ ਨੇ ਲਾਹੌਰ ਵਿਖੇ ਸਨਾਤਨ ਸਿੱਖ ਕਾਨਫਰੰਸ ਵਿਚ ਹੋਣਾ ਹੈ, ਉਦੋਂ ਨਨਕਾਣਾ ਸਾਹਿਬ ਦੀ ਸੇਵਾ-ਸੰਭਾਲ ਦਾ ਚੰਗਾ ਮੌਕਾ ਹੋਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਗੁਪਤ ਰੱਖੀ ਵਿਉਂਤਬੰਦੀ ਦਾ ਮਾ: ਤਾਰਾ ਸਿੰਘ ਤੇ ਸਰਦਾਰ ਤੇਜਾ ਸਿੰਘ ਸਮੁੰਦਰੀ ਨੂੰ ਪਤਾ ਲੱਗ ਗਿਆ। ਉਨ੍ਹਾਂ 19 ਫਰਵਰੀ ਸਵੇਰੇ ਪੰਜ ਵਜੇ ਚੂਹੜਕਾਣੇ ਤੋਂ ਲੰਘਦੇ ਹੋਏ ਸ: ਸੁੱਚਾ ਸਿੰਘ ਜੈਦ ਚੱਕ ਵਾਲੇ ਦੇ ਹੱਥੀਂ ਝੱਬਰ ਨੂੰ ਤੇ ਫਿਰ ਲਾਹੌਰ ਪੁੱਜ ਕੇ ਸੁਨੇਹਾ ਭਾਈ ਦਲੀਪ ਸਿੰਘ ਸਾਹੋਵਾਲ ਤੇ ਸ: ਜਸਵੰਤ ਸਿੰਘ ਝਬਾਲ ਰਾਹੀਂ ਚੂਹੜਕਾਣੇ ਭੇਜਿਆ ਕਿ ਜੱਥੇ ਨਾ ਭੇਜੇ ਜਾਣ।

ਝੱਬਰ ਦਾ ਸਵਾਲ ਸੀ ਕਿ ਤੈਅ ਫ਼ੈਸਲੇ ਅਨੁਸਾਰ ਜਥੇਦਾਰ ਲਛਮਣ ਸਿੰਘ ਹੋਰੀਂ ਜਾਂ ਹੋਰ ਜੱਥੇ ਨਨਕਾਣਾ ਸਾਹਿਬ ਪੁੱਜ ਗਏ ਤਾਂ ਉਸ ਦਾ ਜ਼ਿੰਮੇਵਾਰ ਕੌਣ ਹੋਵੇਗਾ? **ਭਾਈ ਦਲੀਪ ਸਿੰਘ ਨੇ ਇਹ ਸੇਵਾ ਜ਼ਿੰਮੇ ਲਈ।** ਭਾਈ ਜਸਵੰਤ ਸਿੰਘ ਝਬਾਲ ਆਦਿ ਛੇ ਸਿੰਘਾਂ ਦੇ ਦਸਤਖ਼ਤਾਂ ਹੇਠ ਚਿੱਠੀ ਲੈ ਚਾਰ ਘੋੜ ਸਵਾਰ ਜਥੇਦਾਰ ਲਛਮਣ ਸਿੰਘ ਦੇ ਜੱਥੇ ਨੂੰ ਰੋਕਣ ਲਈ ਚੰਦਰਕੋਟ ਦੇ ਇਲਾਕੇ' ਚ ਸਾਰੀ ਰਾਤ ਅਤੇ ਅੰਮ੍ਰਿਤ ਵੇਲੇ ਨਨਕਾਣਾ ਸਾਹਿਬ ਨੇੜ੍ਹੇ ਭਾਲਦੇ ਰਹੇ। ਭਾਈ ਦਲੀਪ ਸਿੰਘ ਨੇ ਹੰਭ ਜਾਣ ਉਪਰੰਤ ਸਰਦਾਰ ਉੱਤਮ ਸਿੰਘ ਦੇ ਕਾਰਖਾਨੇ ਤੋਂ ਭਾਈ ਵਰਿਆਮ ਸਿੰਘ ਭੋਜੀਏ ਫਰਜ਼ੀ ਮੁਨਸ਼ੀ (ਸੂਹੀਏ ਝੱਬਰ) ਨੂੰ ਚਿੱਠੀ ਦੇ ਕੇ ਜੱਥੇ ਦੀ ਭਾਲ ਵਾਸਤੇ ਭੇਜਿਆ।

ਉੱਧਰ ਤੈਅ ਫ਼ੈਸਲੇ ਅਨੁਸਾਰ ਨਨਕਾਣਾ ਸਾਹਿਬ ਦੀ ਹੱਦ'ਤੇ ਭਾਈ ਲਛਮਣ ਸਿੰਘ ਜੀ ਨੂੰ ਜਥੇਦਾਰ ਚੁਣ ਕੋਟ ਦਰਬਾਰ ਦੀ ਜੂਹ ਵਿਚ ਸ਼ਹੀਦੀਆਂ ਪਾਉਣ ਦਾ ਅਰਦਾਸਾ ਸੋਧਿਆ ਹੀ ਸੀ ਤਾਂ ਭਾਈ ਵਰਿਆਮ ਸਿੰਘ ਭੋਜੀਆਂ ਵਾਲੇ ਨੇ ਚਿੱਠੀ ਸੌਂਪ ਦਿੱਤੀ। ਭਾਈ ਟਹਿਲ ਸਿੰਘ ਨੇ ਕਿਹਾ ਕਿ ਖ਼ਾਲਸਾ ਜੀ ਹੁਣ ਅਰਦਾਸਾ ਹੋ ਚੁੱਕਾ ਹੈ। ਜਥਿਆਂ ਨੂੰ ਰੋਕਣ ਵਾਲੇ ਚੌਧਰੀ ਪਾਲ ਸਿੰਘ ਦੇ ਜੱਫੇ



ਪਛਾੜਦੇ ਹੋਏ ਭਾਈ ਲਛਮਣ ਸਿੰਘ ਅਤੇ ਭਾਈ ਵਰਿਆਮ ਸਿੰਘ ਨਜ਼ਾਮਪੁਰੀਏ ਡਿਓਢੀ ਰਾਹੀਂ ਗੁਰਦੁਆਰੇ'ਚ ਪ੍ਰਵੇਸ਼ ਕਰ ਗਏ।

ਨਨਕਾਣਾ ਸਾਹਿਬ ਅੰਦਰੋਂ ਗ਼ੋਲੀਆਂ ਦੀ ਆਵਾਜ਼ ਸ: ਉੱਤਮ ਸਿੰਘ ਦੇ ਕਾਰਖਾਨੇ ਵਿਚ ਜਿਉਂ ਹੀ ਸੁਣੀ ਤਾਂ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਗੁਰਦੁਆਰੇ ਵੱਲ ਉੱਠ ਨੱਸੇ। **ਭਾਈ ਦਲੀਪ ਸਿੰਘ ਜੀ ਆਪਣੇ ਸਾਥੀ ਸਮੇਤ ਛਵੀਆਂ ਦੇ ਵਾਰ ਝੱਲਦੇ ਹੋਏ ਅਤੇ ਮਹੰਤ ਵਲੋਂ ਪਿਸਤੌਲ ਦੀ ਮਾਰੀ ਗ਼ੋਲੀ ਦੀ ਮਾਰ ਹੇਠ 20 ਫਰਵਰੀ 1921 ਨੂੰ ਸ਼ਹੀਦੀ ਪਾ ਗਏ। ਇਨ੍ਹਾਂ ਦੇ ਸਰੀਰਾਂ ਨੂੰ ਲਟਾ ਲਟ ਬਲਦੀ ਘੁਮਿਆਰਾਂ ਦੀ ਆਵੀ ਵਿਚ ਸੁੱਟ ਦਿੱਤਾ।**

ਭਾਈ ਦਲੀਪ ਸਿੰਘ ਦੀ ਕੁੱਲ ਉਮਰ 12 ਭਾਦਰੋਂ ਸੰਮਤ 1951 ਬਿ: ਤੋਂ 10 ਫੱਗਣ ਸੰਮਤ 1977 ਬਿ: ਤੱਕ 26 ਸਾਲ, 5 ਮਹੀਨੇ, ਅਠਾਈ ਦਿਨ ਹੀ ਬਣਦੀ ਹੈ। ਜਿਸ ਵਿਚੋਂ ਸੋਲਾਂ ਕੁ ਸਾਲ ਪੜ੍ਹਾਈ ਕਰਨ ਦੇ ਕੱਢ ਕੇ ਬਾਕੀ 10 ਸਾਲ ਅਜਿਹੇ ਰਹਿ ਜਾਂਦੇ ਹਨ। ਜਦੋਂ ਭਾਈ ਦਲੀਪ ਸਿੰਘ ਜੀ ਸ਼ਹੀਦੀ ਪਾਉਂਦੇ ਹਨ ਤਾਂ ਉਨ੍ਹਾਂ ਦੇ ਭੁਝੰਗੀ ਹਰਚਰਨ ਸਿੰਘ ਦੀ ਉਮਰ ਕੇਵਲ 1 ਸਾਲ 9 ਮਹੀਨੇ ਦੀ ਸੀ। ਆਪ ਨੇ ਭਰ ਜਵਾਨੀ ਵਿਚ ਜੋ ਸੇਵਾ ਦੇ ਪੂਰਨੇ ਪਾਏ, ਉਸ'ਤੇ ਕਈ ਲੇਖ ਲਿਖੇ ਜਾ ਸਕਦੇ ਹਨ।

ਆਪ ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਡਸਕੇ ਅੰਗਰੇਜ਼ੀ ਮਿਡਲ ਸਕੂਲ ਤੋਂ ਬਾਅਦ ਸੰਨ 1906 ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ ਵਿਚ ਦਾਖ਼ਲ ਹੋਏ ਅਤੇ ਗੁਰਮਤਿ ਦੇ ਰੰਗ ਵਿਚ ਰੰਗੇ ਗਏ। ਵਿਦਿਆਰਥੀ ਆਪ ਨੂੰ ਨਿਹੰਗ ਸਿੰਘ ਆਖ ਕੇ ਛੇੜਦੇ। ਬੋਰਡਿੰਗ ਹਾਊਸ ਵਿਚ ਚੋਰੀਆਂ ਕਰਕੇ ਪਹਿਰਾ ਦੇਂਦਿਆਂ ਇਕ ਦਿਨ ਚੋਰ ਦਿਸ ਪਿਆ। ਦਲੀਪ ਸਿੰਘ (ਨਿਹੰਗ ਸਿੰਘ) ਨੇ ਕਰੀਬ ਇਕ ਮੀਲ ਦੀ ਦੌੜ ਲਾ ਕੇ ਚੋਰ ਨੂੰ ਮੌਰੀਂ ਚੜ੍ਹ ਕੇ ਫੜ ਲਿਆ। ਪਰ ਰਹਿਮ ਦਿਲੀ ਐਨੀ ਕਿ ਦਲੀਪ ਸਿੰਘ ਚੋਰ ਨੂੰ ਕੁੱਟ ਤੋਂ ਬਚਾਉਣ ਲਈ ਚੋਰ ਉੱਤੇ ਲੰਮਾ ਪਿਆ ਰਿਹਾ।

ਮਾਂ ਦੀ ਨੂੰਹ ਵੇਖਣ ਦੀ ਖਿੱਚ ਕਰਕੇ ਵਿਆਹ ਤਾਂ ਭਾਵੇਂ 16 ਸਾਲ ਦੀ ਉਮਰ ਵਿਚ ਹੀ ਹੋ ਗਿਆ ਸੀ ਪਰ ਡੋਲਾ ਦਸਵੀਂ ਪਾਸ ਕਰਨ ਉਪਰੰਤ ਹੀ ਲਿਆਂਦਾ ਗਿਆ । ਰੱਬੀ ਭਾਣਾ ਕਿ ਮਾਂ ਤੇ ਦਾਦੀ ਪਹਿਲਾਂ ਹੀ ਗੁਰਪੁਰੀ ਸਿਧਾਰ ਗਈਆਂ। **ਭਾਈ ਦਲੀਪ ਸਿੰਘ ਨੇ ਦਸਵੀਂ ਪਾਸ ਕਰਨ ਉਪਰੰਤ ਪਿਤਾ** ਤੋਂ ਚੋਰੀਂ **ਨਾਇਬ ਤਹਿਸੀਲਦਾਰੀ ਲਈ ਦਰਖ਼ਾਸਤ ਦੇ ਦਿੱਤੀ।** ਪਿਤਾ ਦੀ ਸਿੱਖਿਆ ਮੰਨ ਕੇ ਐਸੀ ਖੇਤੀਬਾੜੀ ਕੀਤੀ ਕਿ ਪੜਾਕੂ ਮੁੰਡੇ ਦੀਆਂ ਧੁੰਮਾਂ ਪੈ ਗਈਆਂ। ਕਈਆਂ ਦੀਆਂ ਟਿਚਕਰਾਂ ਕਿ "ਪੜ੍ਹੇ ਫਾਰਸੀ ਵੇਚੇ ਤੇਲ ਦੇਖੋ ਭਈ ਕਰਮਾਂ ਦੇ ਖੇਲ" ਹੱਸ ਕੇ ਟਾਲ ਦੇਣੀਆਂ। ਅਖਾੜੇ ਜਾਣਾ ਤੇ ਚੰਗਾ ਜੁੱਸਾ ਰੱਖਦੇ ਜਵਾਨਾਂ ਨੂੰ ਚਿਤ ਕਰ ਦੇਣਾ।

ਆਪ ਦੇ ਨਗਰ ਵਿਚ ਸ਼ਰਾਬਖ਼ਾਨਾ ਹੋਣ ਕਾਰਨ ਲੜਾਈਆਂ-ਝਗੜਿਆਂ ਦੇ ਸ਼ਿਕਾਰ ਭਰਾਵਾਂ ਦੀ ਹਾਲਤ ਦੇਖ ਕੇ ਨੇਤਰਾਂ ਵਿਚੋਂ ਹੰਝੂ ਵਗਣੇ ਅਤੇ ਗਲ ਵਿਚ ਪੱਲਾ ਪਾ ਕੇ ਸ਼ਰਾਬ-ਮੁਕਤੀ ਤੇ ਸ਼ਾਂਤੀ ਵਾਸਤੇ ਤਰਲੇ ਕੱਢਣੇ। ਨਗਰ ਦੇ ਗੁਰਦੁਆਰੇ ਦੀ ਖਸਤੀ ਇਮਾਰਤ ਨੂੰ ਪੱਕਾ ਤੇ ਖ਼ੂਬਸੂਰਤ ਬਣਵਾਉਣ ਵਾਸਤੇ ਸਭ ਤੋਂ ਪਹਿਲਾਂ ਪੰਜ ਸੌ ਰੁਪਏ ਨਕਦ ਦੇ ਕੇ ਉਗਰਾਹੀ ਦੀ ਸ਼ੁਰੂਆਤ ਕਰਵਾਈ ਤੇ ਸਰਬ-ਸੰਮਤੀ ਨਾਲ ਫ਼ੈਸਲਾ ਕਰਵਾ ਲਿਆ ਕਿ ਪ੍ਰਤੀ ਮੁਰੱਬੇ ਪਿੱਛੇ 100 ਰੁਪਏ ਉਗਰਾਹੀ ਕੀਤੀ ਜਾਵੇਗੀ। ਅਵਿਦਿਅਕ ਹਾਲਾਤਾਂ ਦੇ ਦੁੱਖ ਵਿਚ ਪਿੰਡ ਵਾਸੀਆਂ ਦੀ ਗੈਰ-ਸੰਜੀਦਗੀ ਦੇਖ ਕੇ ਆਪਣੇ ਘਰ ਦੀ ਇਕ ਬੈਠਕ ਵੱਖਰੀ ਕਰਕੇ 'ਕਰਮ ਸਿੰਘ ਗੁਰਮੁਖੀ ਪ੍ਰਾਇਮਰੀ ਕੰਨਿਆ ਪਾਠਸ਼ਾਲਾ' ਖੋਲ੍ਹ ਦਿੱਤੀ। ਕਰੀਬ ਸੈਂਕੜੇ ਕੁੜੀਆਂ ਪਾਠਸ਼ਾਲਾ ਵਿਚ ਦਾਖ਼ਲ ਹੋਈਆਂ। ਪਿੰਡ ਵਿਚ ਗੁਰਦੁਆਰੇ

ਆਏ ਰਮਤੇ ਸਆਮੀ ਗਿਰ ਜੀ ਬਾਰੇ ਪਤਾ ਲੱਗਾ ਕਿ ਉਹ ਅੰਗਰੇਜ਼ੀ ਹਸਪਤਾਲ ਜਲੰਧਰ ਵਿਚ ਕੰਪਾਊਡਰ ਰਹਿ ਚੁੱਕੇ ਹਨ ਤੇ ਜੜ੍ਹੀਆਂ ਬੂਟੀਆਂ ਨਾਲ ਇਲਾਜ਼ ਵਿਚ ਮਾਹਿਰ ਹਨ ਤਾਂ ਪਿੰਡ ਦੇ ਪਟਵਾਰਖਾਨੇ ਵਿਚ ਦਵਾਈ ਖਾਨਾ ਖੁੱਲ੍ਹਵਾ ਦਿੱਤਾ। ਨਤੀਜਾ ਕਿ ਕੋਹਾਂ ਤੋਂ ਚੱਲ ਕੇ ਮਰੀਜ਼ ਆਉਂਦੇ ਤੇ ਗਵਾਂਢੀ ਪਿੰਡਾਂ ਵਿਚੋਂ ਵੀ ਉਗਰਾਹੀ ਪੁੱਜਦੀ। ਇਨ੍ਹੀ ਦਿਨੀਂ ਇਨਫਲੂਐਨਜ਼ੇ ਕਾਰਨ ਘਰ ਘਰ ਤੜਪ ਰਹੇ ਮਰੀਜ਼ਾਂ ਨੂੰ ਦਵਾਈ ਦੇ ਨਾਲ ਨਾਲ ਦੁੱਧ ਪਿਆਉਣ ਲਈ ਉਚੇਚਾ ਇਕ ਲਵੇਰੀ ਮੱਝ ਪੱਲਿਉਂ ਖਰੀਦੀ।

ਸ਼ਹੀਦੀ ਤੋਂ ਕੁਝ ਮਹੀਨੇ ਪਹਿਲਾਂ ਆਪ ਸਾਂਗਲੇ ਤੋਂ ਪਿੰਡ ਸਾਹੋਵਾਲ ਪੁੱਜੇ ਤਾਂ ਪਰੇਸ਼ਾਨ ਬੈਠੀ ਪਰ੍ਹਾ ਚੋਂ ਪਤਾ ਲੱਗਾ ਕਿ ਇਕ ਦਰਜੀ ਹਸੂ ਦੀ ਨਵ-ਵਿਆਹੀ ਨੂੰਹ ਮੁਸ਼ਟੰਡਿਆਂ ਨੇ ਚੁੱਕ ਲਈ ਹੈ। ਦਰਜੀ ਨੇ ਪੱਗ ਵੀ ਪੈਰੀਂ ਰੱਖੀ ਹੈ ਪਰ ਮਸ਼ਟੰਡੇ ਮੰਨਦੇ ਨਹੀਂ। ਪਿੰਡ ਦੇ ਸਿਰ ਚੜ੍ਹ ਦਰਜੀ ਨੇ ਖੂਹ ਵਿਚ ਛਾਲ ਮਾਰ ਦਿੱਤੀ ਸੀ ਪਰ ਬਚਾ ਲਿਆ ਗਿਆ ਸੀ। ਭਾਈ ਦਲੀਪ ਸਿੰਘ ਜੀ ਨੇ ਦਰਜੀ ਹਸੂ ਨੂੰ ਬਚਨ ਦਿੱਤਾ ਕਿ ਰੋਟੀ ਤਦ ਹੀ ਖਾਵਾਂਗਾ ਜਦੋਂ ਨੂੰਹ ਤੇਰੇ ਘਰ ਵਿਚ ਪੁੱਜੇਗੀ। ਪੰਜ ਦਿਨ ਦਾ ਵਰਤ ਰੱਖਿਆ ਤਾਂ ਹਾਹਾਕਾਰ ਮਚ ਗਈ ਤੇ ਮਸ਼ਟੰਡਿਆਂ ਨੂੰ ਝੁਕਣਾ ਪੈ ਗਿਆ।

ਸਿੱਖਾਂ ਦੀ ਆਰਥਿਕਤਾ ਪ੍ਰਤੀ ਸੋਚ ਦਾ ਨਮੂਨਾ ਵੀ ਕਮਾਲ ਦਾ ਸੀ। ਸਾਂਗਲੇ ਵਿਚ ਸਿੱਖਾਂ ਦੀ ਆੜਤ ਦੀ ਦੁਕਾਨ ਦੀ ਘਾਟ ਨੂੰ ਮਹਿਸੂਸ ਕਰਦਿਆਂ ਇਕ ਲੱਖ ਦੇ ਸਰਮਾਏ ਨਾਲ **ਕਰਮ ਸਿੰਘ ਐਂਡ ਕੰਪਨੀ ਦੇ ਨਾਮ ਹੇਠ ਫਰਮ ਬਣਾ ਕੇ ਸਿੱਧਾ ਬੰਬਈ ਅਤੇ ਕਰਾਚੀ ਤੋਂ ਇਲਾਵਾ ਦੂਜੇ ਦੇਸ਼ਾਂ ਦੀਆਂ ਕੰਪਨੀਆਂ ਨਾਲ ਵਾਪਾਰ ਕਰਨ ਦੀ ਯੋਜਨਾ ਬਣਾਈ।**

ਬਾਰ ਦੇ ਪੁਰਾਣੇ ਖ਼ਾਲਸਾ ਸਕੂਲ ਸਾਂਗਲਾ ਦੀ ਨੀਂਹ ਸੰਨ 1908 ਵਿਚ ਰੱਖੀ ਗਈ ਸੀ। ਉਹ ਸਕੂਲ ਇਕ ਦਿਨ ਡਾਵਾਂਡੋਲ ਹੋ ਗਿਆ। ਜਿਸ ਦੇ ਪ੍ਰਬੰਧਕ ਮਾ: ਸੁੰਦਰ ਸਿੰਘ ਲਾਇਲਪੁਰੀ, ਮਾ: ਮੋਤਾ ਸਿੰਘ ਅਕਾਲੀ, ਪ੍ਰੋ: ਸਾਹਿਬ ਸਿੰਘ, ਮਾ: ਪ੍ਰਤਾਪ ਸਿੰਘ ਐਡੀਟਰ ਅਕਾਲੀ ਅਤੇ ਵਕੀਲ ਬੂਟਾ ਸਿੰਘ ਵਰਗੇ ਦਾਨਸ਼ਮੰਦ ਰਹਿ ਚੁੱਕੇ ਸਨ।ਉਸ ਕੌਮੀ ਮਲਕੀਅਤ ਨੂੰ ਸੁਰਜੀਤ ਰੱਖਣ ਲਈ ਡੇਢ ਹਜ਼ਾਰ ਪੱਲਿਉਂ ਦਾਨ ਦੇ ਕੇ ਸਾਰੇ ਇਲਾਕੇ ਵਿਚੋਂ ਸਹਾਇਤਾ ਲਈ ਨਿੱਕਲ ਤੁਰੇ। ਆਪ ਨੂੰ ਸਕੂਲ ਸਕੱਤਰ ਦੀਆਂ ਸੇਵਾਵਾਂ ਸੌਂਪ ਦਿੱਤੀਆਂ ਗਈਆਂ। ਸਾਂਦਲ ਬਾਰ ਦੀ ਖੁਸ਼ਕ ਧਰਤੀ ਤੇ ਕੜਕਦੀਆਂ ਧੁੱਪਾਂ ਵਿਚ ਨੰਗੇ ਪੈਰੀਂ ਉਗਰਾਹੀ ਦੀ ਸੇਵਾ ਨਿਭਾ ਕੇ ਸਕੂਲ ਸੁਰੱਖਿਅਤ ਕੀਤਾ।

ਇਸ ਤੋਂ ਇਲਾਵਾ ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਤੋਂ ਇਲਾਵਾ ਸਮਾਜ-ਸੇਵਾ ਦੇ ਜੋ ਪੂਰਨੇ ਪਾਏ, ਉਹ ਮਣਾਂ ਮੂੰਹੀ ਮਾਣ ਕਰਨਯੋਗ ਹਨ। -0-

# ਯੂਨੀਫਾਰਮ ਸਿਵਲ ਕੋਡ (UCC)

-ਕਿਰਪਾਲ ਸਿੰਘ ਬਠਿੰਡਾ
88378-13661




ਪੰਜਾਬ ਸਮੇਤ ਦੇਸ਼ ਭਰ ਵਿੱਚ ਯੂਨੀਫਾਰਮ ਸਿਵਲ ਕੋਡ (UCC) ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਿਤੇ ਇਸ ਦਾ ਸਮਰਥਨ ਹੋ ਰਿਹਾ ਹੈ ਤੇ ਕਿਤੇ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਸਿਵਲ ਕੋਡ ਕਨੂੰਨ ਦਾ ਭਾਵ ਹੈ ਉਹ ਕਨੂੰਨ, ਜੋ ਨਾਗਰਿਕਾਂ ਦੇ ਨਿਜੀ ਅਤੇ ਪਰਵਾਰਿਕ ਸੰਬੰਧਾਂ 'ਤੇ ਲਾਗੂ ਹੁੰਦਾ ਹੈ; ਜਿਵੇਂ ਕਿ ਵਿਆਹ, ਤਲਾਕ, ਵਿਰਾਸਤ, ਗੋਦ ਲੈਣਾ ਅਤੇ ਸੰਪਤੀ ਦਾ ਉੱਤਰਾਧਿਕਾਰੀ ਬਣਨਾ, ਜੋ ਅਕਸਰ ਧਰਮ 'ਤੇ ਆਧਾਰਿਤ ਹੁੰਦਾ ਹੈ। ਯੂਨੀਫਾਰਮ ਸਿਵਲ ਕੋਡ ਨਿਯਮ ਬਣਨ ਦਾ ਮਤਲਬ ਹੈ ਕਿ ਸਮਾਜ ਦੇ ਸਾਰੇ ਵਰਗਾਂ ਉੱਤੇ, ਉਨ੍ਹਾਂ ਦੀਆਂ ਧਾਰਮਿਕ ਰਹੁ ਰੀਤਾਂ ਨੂੰ ਅਣਡਿੱਠ ਕਰ, ਰਾਸ਼ਟਰੀ ਸਿਵਲ ਕੋਡ ਇਕਸਾਰ ਲਾਗੂ ਕਰਨਾ।

ਸੰਨ 2020 'ਚ ਵੀ ਲੰਮੀ ਬਹਿਸ, ਵਿਚਾਰ ਚਰਚਾ, ਅੰਦੋਲਨ ਅਤੇ ਕਨੂੰਨੀ ਰਾਵਾਂ ਤੋਂ ਬਾਅਦ ਸੁਪਰੀਮ ਕੋਰਟ ਦੇ ਸਾਬਕਾ ਜੱਜ ਬਲਬੀਰ ਸਿੰਘ ਚੌਹਾਨ ਦੀ ਅਗਵਾਈ ਵਾਲੇ ਭਾਰਤ ਦੇ 21ਵੇਂ ਲਾਅ ਕਮਿਸ਼ਨ ਨੇ ਇੱਕ-ਸਮਾਨ ਸਿਵਲ ਕੋਡ (ਯੂਨੀਫਾਰਮ ਸਿਵਲ ਕੋਡ) ਮਾਮਲੇ ਨੂੰ ਇਹ ਕਹਿ ਕੇ ਹਮੇਸ਼ਾਂ ਲਈ ਬੰਦ ਕਰ ਦਿੱਤਾ ਸੀ ਕਿ 'ਇਸ ਪੜਾਅ 'ਤੇ ਇੱਕ ਯੂਨੀਫਾਰਮ ਸਿਵਲ ਕੋਡ ਬਣਾਉਣਾ; ਨਾ ਤਾਂ ਜ਼ਰੂਰੀ ਹੈ ਅਤੇ ਨਾ ਹੀ ਫ਼ਾਇਦੇਮੰਦ ਹੈ'। ਕਮਿਸ਼ਨ ਨੇ ਟਿੱਪਣੀ ਕੀਤੀ ਕਿ 'ਸਿਰਫ਼ ਅੰਤਰ ਦੀ ਮੌਜੂਦਗੀ (ਵੰਨ ਸੁਵੰਨਤਾ) ਦਾ ਮਤਲਬ ਵਿਤਕਰਾ ਨਹੀਂ ਹੈ ਸਗੋਂ ਇੱਕ ਮਜ਼ਬੂਤ ▯▯▯▯ਲੋਕਤੰਤਰ ਦੀ ਪਹਿਚਾਨ ਹੈ'। ਲਾ-ਕਮਿਸ਼ਨ ਦੀਆਂ ਇਹ ਸਿਫ਼ਾਰਸ਼ਾਂ ਦੂਰਗਾਮੀ ਸਨ।

ਕਰਨਾਟਕ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਰਿਤੂ ਰਾਜ ਅਵਸਥੀ ਦੀ ਅਗਵਾਈ ਵਾਲੇ ਭਾਰਤ ਦੇ 22ਵੇਂ ਕਨੂੰਨ ਕਮਿਸ਼ਨ ਰਾਹੀਂ ਉਸੇ ਮਸਲੇ ਨੂੰ ਹੁਣ ਮੁੜ ਸੁਰਜੀਤ ਕਰ ਲੈਣਾ ਹੀ ਇਸ ਦੇ ਪਿੱਛੇ ਗਹਿਰੀ ਸਾਜ਼ਸ਼ ਨੂੰ ਜਨਮ ਦਿੰਦਾ ਹੈ।

ਇੱਕ ਜਨਤਕ ਨੋਟਿਸ ਵਿੱਚ ਭਾਰਤ ਦੇ 22ਵੇਂ ਕਨੂੰਨ ਕਮਿਸ਼ਨ ਨੇ ਯੂਨੀਫ਼ਾਰਮ ਸਿਵਲ ਕੋਡ (ਛਛ) ਬਾਰੇ 14 ਜੂਨ 2023 ਨੂੰ ਆਮ ਜਨਤਾ ਅਤੇ ਮਾਨਤਾ ਪ੍ਰਾਪਤ ਧਾਰਮਿਕ ਸੰਸਥਾਵਾਂ ਦੇ ਵਿਚਾਰ ਮੰਗਣ ਦਾ ਫ਼ੈਸਲਾ ਕੀਤਾ ਹੈ। ਜਿਸ ਦੀ ਅੰਤਮ ਤਾਰੀਖ਼ ਵੀ ਨੇੜੇ ਹੀ 14 ਜੁਲਾਈ 2023 ਨਿਸ਼ਚਿਤ ਕੀਤੀ ਗਈ ਜਦਕਿ ਇਸ ਮੁੱਦੇ ਨਾਲ ਦੇਸ਼ ਦੀ 92% ਜਨਤਾ ਪ੍ਰਭਾਵਤ ਹੋਣੀ ਹੈ। ਇੰਨੇ ਵੱਡੇ ਸੰਵਿਧਾਨਿਕ ਮੁੱਦੇ ਲਈ ਇੰਨਾ ਘੱਟ ਸਮਾਂ ਦੇਣਾ, ਹੋਰ ਹੀ ਬਹੁਤ ਸਾਰੇ ਸ਼ੰਕੇ ਪੈਦਾ ਕਰਦਾ ਹੈ; ਜੋ ਹੇਠ ਲਿਖੇ ਹੋ ਸਕਦੇ ਹਨ।

ਆਪਣੇ 9 ਸਾਲ ਦੇ ਰਾਜ ਦੌਰਾਨ ਭਾਜਪਾ ਨੇ ਆਮ ਜਨਤਾ ਦੀ ਭਲਾਈ ਲਈ ਕੋਈ ਐਸਾ ਕੰਮ ਨਹੀਂ ਕੀਤਾ, ਜਿਸ ਨਾ਼ਲ ਅਗਾਂਹ ਹੋਰ ਰਾਜਸੀ ਫਾਇਦਾ ਮਿਲਦਾ ਪ੍ਰਤੀਤ ਹੋਵੇ। ਇਨ੍ਹਾਂ 9 ਸਾਲਾਂ 'ਚ, ਜਿਸ ਤਰ੍ਹਾਂ ਚੁਣੀਆਂ ਹੋਈਆਂ ਵਿਰੋਧੀ ਸੂਬਾ ਸਰਕਾਰਾਂ ਦੇ ਵਿਧਾਇਕਾਂ ਨੂੰ ਈ.ਡੀ., ਸੀ.ਬੀ.ਆਈ. ਅਤੇ ਆਮਦਨ ਕਰ ਵਿਭਾਗ ਦੀ ਦੁਰਵਰਤੋਂ ਕਰਕੇ ਦਲ ਬਦਲੀ ਕਰਾ ਭਾਜਪਾ ਸਰਕਾਰ ਬਣਾ ਲੈਣੀ ਤੇ ਫਿਰ ਉਨ੍ਹਾਂ ਹੀ ਵਿਧਾਇਕਾਂ, ਜਿਨ੍ਹਾਂ ਨੂੰ ਪਹਿਲਾਂ ਭ੍ਰਿਸ਼ਟ ਦੱਸ ਕੇ ਉਨ੍ਹਾਂ 'ਤੇ ਕੇਂਦਰੀ ਏਜੰਸੀਆਂ ਰਾਹੀਂ ਛਾਪੇ ਮਰਵਾਏ ਗਏ, ਉਨ੍ਹਾਂ ਨੂੰ ਮੋਦੀ-

ਮਾਰਕਾ ਵਾਸ਼ਿੰਗ ਮਸ਼ੀਨ 'ਚ ਧੋ ਕੇ ਆਪਣੀ ਸਰਕਾਰ 'ਚ ਅਹਿਮ ਅਹੁਦੇ ਦੇ ਕੇ ਨਿਵਾਜਿਆ ਗਿਆ।

2014 ਅਤੇ 2019 ਦੇ ਚੋਣ ਵਾਅਦਿਆਂ ਅਤੇ ਵਧ ਰਹੀ ਮਹਿੰਗਾਈ, ਹਿੰਡਨਬਰਗ ਰਿਪੋਰਟ, ਡਬਲ ਇੰਜਨ ਸਰਕਾਰ ਵਾਲੇ ਮਨੀਪੁਰ 'ਚ ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਲਗਾਤਾਰ ਹੋ ਰਹੀ ਹਿੰਸਾ ਆਦਿਕ ਅਹਿਮ ਮਸਲਿਆਂ ਦੀ ਜਵਾਬਦੇਹੀ ਤੋਂ ਪ੍ਰਧਾਨ ਮੰਤਰੀ ਪੂਰੀ ਤਰ੍ਹਾਂ ਇਨਕਾਰੀ ਹੈ, ਜਿਸ ਨੇ ਪਿਛਲੇ 9 ਸਾਲਾਂ ਦੇ ਰਾਜ ਕਾਲ 'ਚ ਜਿਹੇ ਭਖਦੇ ਮਸਲਿਆਂ 'ਤੇ ਨਾ ਕਦੀ ਵਿਰੋਧੀ ਧਿਰ ਵੱਲੋਂ ਧਿਆਨ ਦਿਵਾਉਣ 'ਤੇ ਉਨ੍ਹਾਂ ਦਾ ਜਵਾਬ ਦਿੱਤਾ ਅਤੇ ਨਾ ਹੀ ਅੱਜ ਤੱਕ ਪ੍ਰੈੱਸ ਕਾਨਫਰੰਸ ਹੀ ਕੀਤੀ ਕਿਉਂਕਿ ਅੰਦਰ ਡਰ ਹੈ ਕਿ ਕੋਈ ਐਸਾ ਸਵਾਲ ਨਾ ਕਰ ਦੇਵੇ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਦੀ ਅਮਰੀਕਾ ਫੇਰੀ ਦੌਰਾਨ ਅਮਰੀਕੀ ਅਖ਼ਬਾਰ 'ਦ ਵਾਲ ਸਟਰੀਟ ਜਰਨਲ' ਦੀ ਪੱਤਰਕਾਰ ਸਬਰੀਨਾ ਸਿੱਦੀਕੀ ਨੇ ਭਾਰਤ ਦੀਆਂ ਘੱਟ ਗਿਣਤੀ ਸੰਬੰਧੀ ਕੀਤੇ ਇੱਕ ਸਵਾਲ ਨੇ ਸਾਰੀ ਭਾਜਪਾ ਵਿੱਚ ਬੁਖ਼ਲਾਹਟ ਪੈਦਾ ਕਰ ਦਿੱਤੀ ਸੀ। ਪ੍ਰਧਾਨ ਮੰਤਰੀ ਵੱਲੋਂ ਕੇਵਲ ਆਪਣੇ ਹੀ ਮਨ ਕੀ ਬਾਤ ਰੇਡੀਓ 'ਤੇ ਪ੍ਰਸਾਰਤ ਕਰ ਦਿੱਤੀ ਜਾਂਦੀ ਹੈ; ਜਿਸ ਨੇ ਲੋਕਾਂ 'ਚ ਇਹ ਧਾਰਨਾ ਪੈਦਾ ਕਰ ਦਿੱਤੀ ਹੈ ਕਿ ਜਿਹੜਾ ਆਗੂ ਲੋਕਾਂ ਦੀ ਬਾਤ ਨਾ ਸੁਣਦਾ ਹੈ ਅਤੇ ਨਾ ਹੀ ਕਰਦਾ ਹੈ ਤੇ ਕੇਵਲ ਆਪਣੇ ਹੀ ਮਨ ਕੀ ਬਾਤ ਸੁਣਾਉਂਦਾ ਹੈ, ਉਹ ਲੋਕਤੰਤਰ ਲਈ ਭਾਰੀ ਖ਼ਤਰਾ ਹੈ ਜਿਸ ਨੂੰ ਬਦਲਿਆ ਜਾਣਾ ਚਾਹੀਦਾ ਹੈ।

ਅਜਿਹੇ ਵਰਤਾਰਿਆਂ ਕਾਰਨ ਭਾਜਪਾ ਦੀ ਇਮਾਨਦਾਰੀ ਦਾਗ਼ ਦਾਗ਼ ਹੋ ਚੁੱਕੀ ਹੈ ਜਿਸ ਨਾਲ ਮੋਦੀ ਦਾ ਪ੍ਰਭਾਵ 2019 ਵਾਲਾ ਨਹੀਂ ਰਿਹਾ। ਗਰਾਫ਼ ਬੜੀ ਤੇਜ਼ੀ ਨਾਲ ਡਿੱਗ ਰਿਹਾ ਹੈ। ਤੀਜੀ ਵਾਰ ਕੇਂਦਰ ਸਰਕਾਰ ਬਣਾਉਣ ਦੀ ਸੰਭਾਵਨਾ ਬਹੁਤ ਘਟ ਗਈ ਹੈ। ਅਜਿਹੇ 'ਚ ਚੋਣਾਂ ਜਿੱਤਣ ਲਈ ਭਾਜਪਾ ਕੋਲ ਕੇਵਲ ਇੱਕ ਨੁਕਾਤੀ ਪ੍ਰੋਗਰਾਮ ਬਚਿਆ ਹੈ ਕਿ ਵੱਖ ਵੱਖ ਫਿਰਕਿਆਂ 'ਚ ਫਿਰਕੂ ਕੁੜਤਣ ਅਤੇ ਨਫ਼ਰਤ ਪੈਦਾ ਕਰ ਬਹੁਗਿਣਤੀ ਦੀਆਂ ਵੋਟਾਂ ਹਾਸਲ ਕੀਤੀਆਂ ਜਾਣ। ਹਿੰਦੂਆਂ ਵਿੱਚ ਉਨ੍ਹਾਂ ਇਹ ਧਾਰਨਾ ਬਣਾ ਲਈ ਕਿ ਮੁਸਲਮਾਨ 4-4 ਵਿਆਹ ਕਰਵਾ ਕੇ ਉਨ੍ਹਾਂ 'ਚੋਂ ਅਣਗਿਣਤ ਬੱਚੇ ਪੈਦਾ ਕਰ ਲੈਂਦੇ ਹਨ ਜਦੋਂ ਕਿ ਹਿੰਦੂਆਂ 'ਤੇ ਇੱਕ ਤੋਂ ਵੱਧ ਵਿਆਹ ਕਰਨ 'ਤੇ ਰੋਕ ਹੈ। ਜੇ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਭਾਰਤ 'ਚ ਮੁਸਲਮਾਨਾਂ ਦੀ ਅਬਾਦੀ ਇੱਕ ਦਿਨ ਵਧ ਜਾਵੇਗੀ ਤੇ ਹਿੰਦੂ ਧਰਮ ਖਤਰੇ 'ਚ ਪੈ ਜਾਵੇਗਾ।

ਭਾਰਤੀ ਚੋਣ ਕਮਿਸ਼ਨ ਦੇ ਸਾਬਕਾ ਮੁਖੀ ਐਸ.ਵਾਈ. ਕੁਰੈਸ਼ੀ ਇਸਲਾਮਿਕ ਮਾਮਲਿਆਂ ਦੀ ਜਾਣਕਾਰੀ ਰੱਖਦੇ ਹਨ। ਉਹ ਬਣਾਈ ਗਈ ਇਸ ਧਾਰਨਾ ਨੂੰ ਮੁੱਢੋਂ ਰੱਦ ਕਰਦੇ ਲਿਖਦੇ ਹਨ ਕਿ "ਇਹ ਸੱਚ ਨਹੀਂ ਹੈ ਕਿਉਂਕਿ ਭਾਰਤ ਦੀ 130 ਕਰੋੜ ਦੀ ਅਬਾਦੀ ਵਿੱਚੋਂ ਸਿਰਫ਼ 14% ਹੀ ਮੁਸਲਮਾਨ ਹਨ। ਬਹੁ-ਪਤਨੀ ਪ੍ਰਥਾ ਕੁਰਾਨ ਵਿੱਚ ਸੱਤਵੀਂ ਸਦੀ ਦੌਰਾਨ ਜੋੜੀ ਗਈ ਸੀ। ਉਸ ਸਮੇਂ ਅਰਬ ਵਿੱਚ ਜਾਰੀ ਕਬਾਇਲੀ ਲੜਾਈਆਂ ਕਾਰਨ ਮਰਦਾਂ ਦੀ ਮੌਤ; ਛੋਟੀ ਉਮਰ ਵਿੱਚ ਹੀ ਹੋ ਜਾਂਦੀ ਸੀ। ਇਸ ਲਈ ਵਿਧਵਾਵਾਂ ਅਤੇ ਅਨਾਥਾਂ ਦੀ ਮਦਦ ਲਈ ਇਹ ਈਜਾਦ ਕੀਤੀ ਗਈ ਸੀ। ਹਾਲਾਂਕਿ ਅਜਿਹਾ ਬੇਹੱਦ ਸਖ਼ਤ ਸ਼ਰਤਾਂ ਅਤੇ ਪਾਬੰਦੀਆਂ ਤਹਿਤ ਹੀ ਕੀਤਾ ਜਾ ਸਕਦਾ ਸੀ। ਕੁਰਾਨ ਮੁਤਾਬਕ ਹਰ ਮਰਦ; ਦੂਜੀ, ਤੀਜੀ ਜਾਂ ਚੌਥੀ ਪਤਨੀ ਰੱਖ ਸਕਦਾ ਹੈ ਪਰ ਉਹ ਅਨਾਥਾਂ ਅਤੇ ਵਿਧਵਾਵਾਂ ਵਿੱਚੋਂ ਹੋਣੀਆਂ ਚਾਹੀਦੀਆਂ ਹਨ। ਜਿਨ੍ਹਾਂ ਨਾਲ ਕਿ ਉਹ ਬਰਾਬਰੀ ਵਾਲਾ ਵਤੀਰਾ ਰੱਖੇ। ਇਸ ਤੋਂ ਬਾਹਰ, ਜੋ ਕੁਝ ਵੀ ਹੈ ਉਹ ਉਲੰਘਣਾ ਹੈ। ਸਾਲ 2021 ਵਿੱਚ ਲਿਖੀ ਆਪਣੀ ਕਿਤਾਬ 'ਦਿ ਪਾਪੂਲੇਸ਼ਨ ਮਿੱਥ: ਫੈਮਿਲੀ ਪਲੈਨਿੰਗ ਐਂਡ ਪੋਲੀਟਿਕਸ ਇਨ ਇੰਡੀਆ' ਕੁਰੈਸ਼ੀ ਨੇ ਮੁਸਲਿਮ ਸਮਾਜ ਨੂੰ ਬਹੁ-ਪਤਨੀ ਪ੍ਰਥਾ ਖ਼ਤਮ ਕਰਨ ਦਾ ਸੱਦਾ ਦਿੱਤਾ ਸੀ ਹਾਲਾਂਕਿ ਉਨ੍ਹਾਂ ਦਾ ਸਵਾਲ ਹੈ ਕਿ ਜੇ ਕੋਈ ਪ੍ਰਥਾ ਤੁਹਾਡੇ ਇੱਥੇ ਬਹੁ-ਗਿਣਤੀ ਵਿੱਚ ਜਾਰੀ ਹੀ ਨਹੀਂ ਹੈ ਤਾਂ ਤੁਸੀਂ ਇਸ ਉੱਪਰ ਪਾਬੰਦੀ ਕਿਉਂ ਲਗਾਉਣਾ ਚਾਹੁੰਦੇ ਹੋ ?"

ਬਹੁ-ਪਤਨੀ ਪ੍ਰਥਾ ਕੇਵਲ ਮੁਸਲਮਾਨਾਂ 'ਚ ਹੀ ਨਹੀਂ, ਸਾਰੇ ਹੀ ਧਰਮਾਂ ਵਿੱਚ ਮੌਜੂਦ ਹੈ। 1961 ਦੀ ਜਨਗਣਨਾ ਵਿੱਚ ਇਕ ਲੱਖ ਵਿਆਹਾਂ ਦੇ ਵੇਰਵਾ ਦਾ ਅਧਿਐਨ ਕੀਤਾ, ਜਿਸ ਤੋਂ ਸਾਹਮਣੇ ਆਇਆ ਕਿ ਮੁਸਲਮਾਨਾਂ ਵਿੱਚ ਬਹੁ-ਪਤਨੀ ਵਿਆਹ ਸਿਰਫ਼ 5.7% ਹਨ, ਜੋ ਕਿ ਸਾਰੇ ਫਿਰਕਿਆਂ ਵਿੱਚੋਂ ਸਭ ਤੋਂ ਘੱਟ ਸੀ ਅਤੇ ਆਦਿਵਾਸੀਆਂ ਵਿੱਚ ਸਭ ਤੋਂ ਜ਼ਿਆਦਾ ਯਾਨੀ ਲਗਭਗ 15.6%। ਉਸ ਤੋਂ ਬਾਅਦ ਦੀਆਂ ਜਨਗਣਨਾਵਾਂ ਵਿੱਚ ਇਸ ਮੁੱਦੇ ਦੀ ਕੋਈ ਚਰਚਾ ਨਹੀਂ ਸੀ। ਜੇ ਅਸੀਂ 1930 ਤੋਂ 1960 ਤੱਕ ਦੀਆਂ ਜਨਗਣਨਾਵਾਂ ਦੇ ਡੈਟੇ ਦਾ ਵਿਸ਼ਲੇਸ਼ਣ ਕਰੀਏ ਤਾਂ ਹਰ ਦਹਾਕੇ ਸਮੇਂ ਬਹੁ-ਪਤਨੀ ਪ੍ਰਥਾ ਦੀ ਹਰ ਫਿਰਕੇ ਵਿੱਚ ਕਮੀ ਆਈ ਸੀ। ਮੁਸਲਮਾਨਾਂ ਵਿੱਚ ਇਹ ਸਭ ਤੋਂ ਘੱਟ ਸੀ।

ਦੱਸਣਯੋਗ ਹੈ ਕਿ ਬਹੁ-ਪਤਨੀ ਵਿਆਹ ਰਿਵਾਜ ਤੋਂ ਇਲਾਵਾ ਦੇਸ਼ ਦੇ ਕੁਝ ਹਿੱਸਿਆਂ 'ਚ ਬਹੁ ਪਤੀ ਵਿਆਹ ਦਾ ਰਿਵਾਜ਼ ਵੀ ਪ੍ਰਚਲਿਤ ਹੈ। ਬਹੁ-ਪਤੀ ਵਿਆਹ ਵਿੱਚ ਇੱਕ ਪਤਨੀ ਦੇ ਇੱਕ ਤੋਂ ਵੱਧ ਪਤੀ ਹੁੰਦੇ ਹਨ ਭਾਵੇਂ ਇਸ ਤਰ੍ਹਾਂ ਦੇ ਵਿਆਹ ਬਹੁ-ਪਤਨੀ ਵਿਆਹ ਨਾਲੋਂ ਘੱਟ ਪ੍ਰਚਲਿਤ ਹਨ ਫਿਰ ਵੀ ਤਿੱਬਤ ਦੇ ਪੋਲੇਨੇਸ਼ੀਆਂ, ਉੱਤਰੀ ਭਾਰਤ ਦੇ ਕਾਂਗੜਾ, ਚੰਬਾ, ਕੁੱਲੂ ਆਦਿ ਪਹਾੜੀ ਇਲਾਕਿਆਂ ਵਿੱਚ ਇਸ ਤਰ੍ਹਾਂ ਦੇ ਵਿਆਹ ਹੁੰਦੇ ਰਹੇ ਹਨ। ਖ਼ਾਸ ਤੌਰ 'ਤੇ ਸਭ ਤੋਂ ਵੱਧ ਮੱਧ ਭਾਰਤ ਦੇ ਟੋਡਾ ਕਬੀਲਿਆਂ ਵਿੱਚ ਪ੍ਰਚਲਿਤ ਹਨ। ਪੰਜਾਬ ਵਿੱਚ ਇਸ ਤਰ੍ਹਾਂ ਦੇ ਵਿਆਹ ਰਸਮੀ ਤੌਰ 'ਤੇ ਭਾਵੇਂ ਨਹੀਂ ਪਰ ਗੈਰ-ਰਸਮੀ ਤੌਰ 'ਤੇ ਪ੍ਰਚਲਿਤ ਹਨ। ਪੰਜਾਬ ਵਿੱਚ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਇੱਕ ਲੜਕੇ ਨੂੰ ਵਿਆਹ ਲੈਣ ਨਾਲ ਸਾਰੇ ਵਿਆਹੇ ਜਾਂਦੇ ਸਨ। ਬਹੁ-ਪਤੀ ਵਿਆਹ ਛੁਪੇ ਰੂਪ ਵਿੱਚ ਦੋ ਕਾਰਨਾਂ ਕਰ ਕੇ ਚੱਲਦੇ ਹਨ। ਪਹਿਲਾ ਇਹ ਕਿ ਇੱਥੇ ਮਰਦਾਂ ਦੇ ਮੁਕਾਬਲੇ ਔਰਤਾਂ ਦਾ ਅਨੁਪਾਤ ਘੱਟ ਹੈ। ਦੂਸਰਾ ਕਈ ਪਰਵਾਰਾਂ ਵਿੱਚ ਜ਼ਮੀਨ ਦੇ ਬਟਵਾਰੇ ਨੂੰ ਰੋਕਣ ਦੇ ਲਾਲਚ ਵਿੱਚ ਪਤੀ ਦੇ ਭਰਾ ਨੂੰ ਵਿਆਹ ਨਹੀਂ ਕਰਵਾਉਣ ਦਿੰਦੇ।

ਮਹਾਂਭਾਰਤ ਵਿੱਚ ਦਰੋਪਤੀ ਵੱਲੋਂ ਪੰਜਾਂ ਪਾਂਡਵਾਂ ਨਾਲ ਕਰਵਾਇਆ ਗਿਆ ਵਿਆਹ ਵੀ ਬਹੁ-ਪਤਨੀ ਦੀ ਇੱਕ ਉਦਾਹਰਨ ਹੈ। ਦੂਸਰੇ ਪਾਸੇ ਰਾਜਾ ਦਸਰਥ ਦੇ ਤਿੰਨ ਵਿਆਹ ਅਤੇ



ਭਗਵਾਨ ਕ੍ਰਿਸ਼ਨ ਦੀਆਂ 16108 ਗੋਪੀਆਂ ਸਨ; ਇਨ੍ਹਾਂ ਵਿੱਚੋਂ ਅੱਠ- ਰੁਕਮਣੀ, ਜਾਮਵੰਤੀ, ਸਤਿਆਭਾਮਾ, ਕਾਲਿੰਦੀ, ਮਿੱਤਰਬ੍ਰਿੰਦਾ, ਸੱਤਿਆ, ਭਦਰਾ ਅਤੇ ਲਕਸ਼ਮਣਾ; ਉਸ ਦੀਆਂ ਪਟਰਾਣੀਆਂ ਸਨ, ਜਿਨ੍ਹਾਂ ਨਾਲ ਉਸ ਨੇ ਵਿਆਹ ਕੀਤਾ ਸੀ। ਬਾਕੀ 16100 ਗੋਪੀਆਂ ਨਾਲ ਕ੍ਰਿਸ਼ਨ ਜੀ ਨੇ ਵਿਆਹ ਨਹੀਂ ਕਰਵਾਇਆ ਪਰ ਉਨ੍ਹਾਂ ਨੂੰ ਪਤਨੀਆਂ ਦੇ ਬਰਾਬਰ ਦਾ ਦਰਜਾ ਦਿੱਤਾ ਸੀ। ਇਸ ਸੰਬੰਧ ਵਿੱਚ ਭਾਗਵਤ ਪੁਰਾਨ ਵਿੱਚ ਇਕ ਕਥਾ ਮਿਲਦੀ ਹੈ, ਜਿਸ ਅਨੁਸਾਰ 16100 ਗੋਪੀਆਂ ਅਸਲ ਵਿੱਚ ਰਾਜਕੁਮਾਰੀਆਂ ਸਨ; ਜਿਨ੍ਹਾਂ ਨੂੰ ਨਰਕਾਸੁਰ ਨਾਮ ਦੇ ਇੱਕ ਦੈਂਤ ਨੇ ਵਿਆਹ ਕਰਵਾਉਣ ਦੇ ਮਕਸਦ ਨਾਲ ਬੰਦੀ ਬਣਾ ਕੇ ਰੱਖਿਆ ਹੋਇਆ ਸੀ। ਭਗਵਾਨ ਕ੍ਰਿਸ਼ਨ ਨੇ ਨਰਕਾਸੁਰ ਨਾਲ ਯੁੱਧ ਕੀਤਾ ਅਤੇ ਉਨ੍ਹਾਂ ਸਾਰੀਆਂ ਨੂੰ ਮੁਕਤ ਕਰਾ ਲਿਆ ਕਿਉਂਕਿ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਇੱਕ ਰਾਖ਼ਸ਼ਸ਼ ਦੁਆਰਾ ਬੰਧਕ ਬਣਾਇਆ ਹੋਇਆ ਸੀ, ਇਸ ਲਈ ਕੋਈ ਵੀ ਰਾਜਕੁਮਾਰ ਉਨ੍ਹਾਂ ਨਾਲ ਵਿਆਹ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਕ੍ਰਿਸ਼ਨ ਜੀ ਨੇ ਉਨ੍ਹਾਂ ਨੂੰ ਆਪਣੀਆਂ ਪਤਨੀਆਂ ਬਣਾ ਕੇ ਰੱਖਿਆ।

ਸੋ ਵੇਖਿਆ ਜਾਵੇ ਤਾਂ ਹਰ ਪਰਵਾਰ, ਸਮਾਜ ਅਤੇ ਧਰਮ 'ਚ ਸਮੇਂ ਦੀ ਲੋੜ ਅਨੁਸਾਰ ਬਹੁ-ਪਤੀ ਅਤੇ ਬਹੁ-ਪਤਨੀ ਵਿਆਹ ਪ੍ਰਚਲਿਤ ਸਨ, ਜੋ ਅੱਜ ਵੀ ਹਨ ਭਾਵੇਂ ਵਿਦਿਆ ਅਤੇ ਸਭਿਅਤਾ ਦੇ ਪਾਸਾਰ ਨਾਲ ਅਜਿਹੇ ਕੇਸਾਂ ਦੀ ਗਿਣਤੀ ਦਿਨੋ ਦਿਨ ਘਟ ਰਹੀ ਹੈ। ਸੋ ਕਨੂੰਨ ਬਣਾਉਣ ਨਾਲੋਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਰਾਹੀਂ ਪੈਦਾ ਕੀਤੀ ਚੇਤਨਾ, ਇਸ ਪੁਰਾਤਨ ਪ੍ਰਥਾ ਦੇ ਖਾਤਮੇ ਲਈ ਵੱਧ ਕਾਰਗਰ ਸਿੱਧ ਹੋ ਸਕਦੀ ਹੈ, ਪਰ ਕਿਸੇ ਗਲਤ ਪ੍ਰਥਾ ਜਾਂ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਭਾਜਪਾ ਦਾ ਏਜੰਡਾ ਨਹੀਂ ਰਿਹਾ, ਉਨ੍ਹਾਂ ਤਾਂ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ; ਮੁਸਲਮਾਨਾਂ ਨੂੰ ਦੱਸ ਕੇ ਉਨ੍ਹਾਂ ਵਿਰੁਧ ਨਫ਼ਰਤ ਫੈਲਾ ਕੇ ਬਹੁਗਿਣਤੀ ਹਿੰਦੂਆਂ ਦੀਆਂ ਵੋਟਾਂ ਲੈ ਆਪਣੀ ਕੁਰਸੀ ਹਾਸਲ ਕਰਨੀ ਹੈ।

ਭਾਜਪਾ ਦੀ ਬਦਨੀਤੀ ਵੇਖੀ ਜਾਵੇ, ਉਸ ਨੇ ਸੰਭਾਵੀ ਕਨੂੰਨ ਦਾ ਕੋਈ ਖਰੜਾ ਪਬਲਿਕ ਤੌਰ 'ਤੇ ਜਾਰੀ ਨਹੀਂ ਕੀਤਾ; ਕੇਵਲ 14 ਜੁਲਾਈ ਤੱਕ ਇਹ ਸੁਝਾਅ ਮੰਗ ਲਏ ਹਨ ਕਿ ਲਾਗੂ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ! ਦੱਸੋ ਜਦ ਕਿਸੇ ਨੂੰ ਪਤਾ ਹੀ ਨਹੀਂ ਕਿ ਕਨੂੰਨ ਕਿਸ ਤਰ੍ਹਾਂ ਦਾ ਬਣਨਾ ਹੈ ਤਾਂ ਬੁਧੀਜੀਵੀ ਸੁਝਾਅ ਕੀ ਦੇਣਗੇ ? ਇਸ ਸਮੇਂ ਘੱਟ ਗਿਣਤੀਆਂ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਬਣਾਏ ਜਾਣ ਵਾਲੇ ਸੰਭਾਵੀ ਕਨੂੰਨ ਦਾ ਪੂਰਾ ਖਰੜਾ ਹਰ ਭਾਸ਼ਾ ਵਿੱਚ ਤਿਆਰ ਕਰਕੇ ਸਰਕਾਰ ਇਸ ਨੂੰ ਵਿਆਪਕ ਪੱਧਰ 'ਤੇ ਸਰਕੂਲੇਟ ਕਰੇ ਤਾਂ ਕਿ ਹਰ ਵਿਅਕਤੀ ਇਸ ਦੇ ਗੁਣ ਔਗੁਣਾਂ ਦੇ ਆਧਾਰਿਤ ਵਿਚਾਰ ਕਰਕੇ ਆਪਣੀ ਰਾਇ ਦੇਣ ਦੇ ਕਾਬਲ ਹੋ ਸਕੇ।

ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ, ਜਿਸ ਵਿੱਚ ਵੱਖ ਵੱਖ ਧਰਮਾਂ, ਫਿਰਕਿਆ ਅਤੇ ਕਬੀਲਿਆਂ ਦੇ ਲੋਕ ਰਹਿੰਦੇ ਹਨ। ਉਨ੍ਹਾਂ ਨੂੰ ਸੰਵਿਧਾਨ ਅਤੇ ਆਪਣੇ ਧਰਮ ਅਨੁਸਾਰ ਜੀਵਨ ਜਿਊਣ ਦੀ ਅਜ਼ਾਦੀ ਹੈ। ਕਿਸੇ ਵਿਅਕਤੀ ਨੇ ਕੀ ਖਾਣਾ ਹੈ ? ਕੀ ਪਹਿਨਣਾ ਹੈ ? ਆਪਣੇ ਵਿਆਹ ਸਮੇਂ ਕਿਸ ਤਰ੍ਹਾਂ ਦੀਆਂ ਰਸਮਾਂ ਜਾਂ ਧਾਰਮਿਕ ਮਰਿਆਦਾ ਨਿਭਾਉਣੀਆਂ ਹਨ; ਇਹ ਹਰ ਵਿਅਕਤੀ ਦੀ ਆਪਣੀ ਨਿੱਜਤਾ ਦਾ ਸਵਾਲ ਹੈ। ਅਣਉਚਿਤ ਕਨੂੰਨ ਬਣਾ ਦੂਸਰੇ ਦੇ ਧਰਮ 'ਚ ਦਖਲਅੰਦਾਜ਼ੀ ਕਰਨੀ ਬਿਲਕੁਲ ਗਲਤ ਹੈ। ਹਰ ਧਰਮ ਅਤੇ ਹਰ ਖੇਤਰ ਦੀਆਂ ਆਪਣੀਆਂ-ਆਪਣੀਆਂ ਮਰਿਆਦਾਵਾਂ ਹੁੰਦੀਆਂ ਹਨ, ਇਸ ਵਾਸਤੇ ਸਾਰਿਆਂ ਲਈ ਇਕੋ ਸਾਂਝਾ ਕਨੂੰਨ ਬਣਾਉਣਾ ਹੀ ਨਿਜੀ ਆਜ਼ਾਦੀ ਅਤੇ ਮੌਲਿਕ ਅਧਿਕਾਰਾਂ ਦੇ ਵਿਰੁਧ ਹੈ। ਜਿਸ ਪ੍ਰਧਾਨ ਮੰਤਰੀ (ਮੋਦੀ ਜੀ) ਨੇ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੜੇ ਨਾਟਕੀ ਅੰਦਾਜ਼ 'ਚ ਕਿਹਾ 'ਜੇ ਇੱਕ ਪਰਵਾਰ ਦੇ ਇੱਕ ਮੈਂਬਰ 'ਤੇ ਕੋਈ ਹੋਰ ਕਨੂੰਨ ਲਾਗੂ ਹੋਵੇ, ਦੂਸਰੇ 'ਤੇ ਕੋਈ ਹੋਰ ਕਨੂੰਨ ਹੋਵੇ, ਤੀਸਰੇ 'ਤੇ ਕੋਈ ਹੋਰ, ਤੋ ਬਤਾਈਏ ਵੋਹ ਘਰ ਚੱਲ ਪਾਏਗਾ ਕਿਆ ?' ਅੰਧ ਭਗਤਾਂ ਵੱਲੋਂ ਨਹੀਂ ਦੀ ਅਵਾਜ਼ ਸੁਣਦਿਆਂ ਦੁਬਾਰਾ ਕਿਹਾ 'ਇਸੇ ਤਰ੍ਹਾਂ ਜੇ ਇਕ ਹੀ ਦੇਸ਼ ਦੇ ਵਿਅਕਤੀਆਂ ਲਈ ਵੱਖ ਵੱਖ ਕਨੂੰਨ ਲਾਗੂ ਹੋਣ ਤਾਂ ਦੇਸ਼ ਕੈਸੇ ਚੱਲੇਗਾ ? ਫਿਰ ਕਿਉਂ ਨਹੀਂ ਸਭੀ ਧਰਮੋਂ ਕੇ ਲੀਏ ਏਕ ਹੀ ਕਨੂੰਨ ਬਣਨਾ ਚਾਹੀਏ ?'

ਮੋਦੀ ਜੀ ਤੋਂ ਪੁੱਛਣਾ ਬਣਦਾ ਹੈ ਕਿ ਇੰਡੀਅਨ ਪੀਨਲ ਕੋਡ ਤਾਂ ਸਾਰੇ ਧਰਮਾਂ ਲਈ ਇੱਕ ਸਮਾਨ ਹੀ ਬਣਿਆ ਹੋਇਆ ਹੈ, ਕੀ ਉਹ ਸਭਨਾ 'ਤੇ ਇਕ ਸਮਾਨ ਲਾਗੂ ਹੋਤਾ ਹੈ ਕਿਆ ? ਕਾਤਲਾਂ ਅਤੇ ਬਲਾਤਕਾਰਾਂ ਦੇ ਦੋਸ਼ ਅਧੀਨ ਸਜ਼ਾ ਕੱਟ ਰਹੇ ਗੁਰਮੀਤ ਰਾਮ ਰਹੀਮ ਨੂੰ ਸਾਲ 'ਚ ਚਾਰ ਵਾਰ ਪੈਰੋਲ ਮਿਲ ਜਾਂਦੀ ਹੈ। ਬਿਲਕੀਸ ਬਾਨੋ ਦੇ ਸਮੂਹਕ ਬਲਾਤਕਾਰੀ ਅਤੇ ਉਨ੍ਹਾਂ ਦੀ ਛੋਟੀ ਬੱਚੀ ਸਮੇਤ ਪਰਿਵਾਰ ਦੇ 7 ਮੈਂਬਰਾਂ ਦਾ ਬੇਰਹਿਮੀ ਨਾਲ ਕਤਲ ਕਰਨ ਵਾਲੇ ਸਾਰੇ ਦੋਸ਼ੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਸਜ਼ਾ ਮੁਆਫ਼ੀ ਕਰ ਰਿਹਾ ਕਰ ਦਿੱਤੇ ਜਾਂਦੇ ਹਨ; ਦੂਸਰੇ ਪਾਸੇ ਸਿੱਖ ਕੈਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ 'ਚ ਬੰਦ ਹਨ; ਉਨ੍ਹਾਂ 'ਚੋਂ ਕਈਆਂ ਨੂੰ ਤਾਂ ਇੱਕ ਦਿਨ ਵੀ ਪੈਰੋਲ ਨਾ ਮਿਲੀ। ਬਤਾਈਏ ਸਾਂਝਾ ਬਣਿਆ ਕਨੂੰਨ ਏਕ ਸਮਾਨ ਲਾਗੂ ਹੈ ਕਿਆ ? ਗੋਦੀ ਮੀਡੀਆ ਦੇ ਪੱਤਰਕਾਰਾਂ ਨੂੰ ਤਾਂ ਤੁਸੀਂ ਆਪਣੇ ਨਾਲ ਜਹਾਜ਼ 'ਚ ਬਿਠਾ ਕੇ ਵਿਦੇਸ਼ਾਂ ਦੀ ਸੈਰ ਕਰਵਾ ਦਿੰਦੇ ਹੋ ਪਰ ਅਮਰੀਕੀ ਪੱਤਰਕਾਰ ਸਬਰੀਨਾ ਸਿੱਦੀਕੀ ਦੇ ਇੱਕ ਸਵਾਲ ਨਾਲ ਸਾਰੀ ਭਾਜਪਾ ਵਿੱਚ ਬੁਖ਼ਲਾਹਟ ਪੈਦਾ ਹੋ ਜਾਂਦੀ ਹੈ। ਦੇਸ਼ ਲਈ ਮੈਡਲ ਜਿੱਤਣ ਵਾਲੀਆਂ ਮਹਿਲਾ ਪਹਿਲਵਾਨਾਂ ਦਾ ਜਿਨਸੀ ਸੋਸ਼ਣ ਕਰਨ ਵਾਲੇ ਬ੍ਰਿਜਭੂਸ਼ਨ ਸ਼ਰਨ ਸਿੰਘ ਵਿਰੁਧ ਚਾਰਜਸ਼ੀਟ ਦਾਖ਼ਲ ਹੋਣ ਦੇ ਬਾਵਜੂਦ ਵੀ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਪਰ ਸੱਚ ਬੋਲਣ ਅਤੇ ਸੱਚ ਲਿਖਣ ਵਾਲੇ ਪੱਤਰਕਾਰ ਜੇ ਹਾਥਰਸ ਵਰਗੇ ਘਿਨਾਉਣੇ ਕਾਂਡ ਦੀ ਰਿਪੋਰਟਿੰਗ ਕਰਨ ਜਾਂਦੇ ਹਨ ਤਾਂ ਦੇਸ਼ ਧ੍ਰੋਹੀ ਦੇ ਕੇਸ ਪਾ ਕੇ ਦੋ-ਦੋ ਸਾਲ ਜੇਲ੍ਹਾਂ 'ਚ ਬੰਦ ਰੱਖਦੇ ਹੋ; ਤੋ ਬਤਾਈਏ ਕਨੂੰਨ ਏਕ ਸਮਾਨ ਲਾਗੂ ਹੈ ਕਿਆ? ਵੈਸੇ ਯੂਸੀਸੀ ਵੀ ਇੱਕ ਸਮਾਨ ਲਾਗੂ ਨਹੀਂ ਹੋਏਗਾ ਕਿਉਂਕਿ ਖ਼ਬਰਾਂ ਹਨ ਕਿ ਨਾਗਾਲੈਂਡ ਦੇ ਮੁੱਖ ਮੰਤਰੀ ਐੱਨ. ਰਾਓ ਦੀ ਅਗਵਾਈ ਹੇਠ 12 ਮੈਂਬਰੀ ਵਫਦ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਰੋਸਾ ਦਿੱਤਾ ਹੈ ਕਿ ਨਾਗਾਲੈਂਡ ਦੇ ਕਬੀਲਿਆਂ ਅਤੇ ਈਸਾਈ ਭਾਈਚਾਰੇ ਨੂੰ ਯੂਸੀਸੀ ਦੇ ਘੇਰੇ ਤੋਂ ਬਾਹਰ ਰੱਖਿਆ ਜਾਵੇਗਾ। ਬਹੁਤ ਸਾਰੇ ਹੋਰ ਮੁੱਖ ਮੰਤਰੀਆਂ ਅਤੇ ਸਿਆਸੀ ਪਾਰਟੀਆਂ ਦੇ ਵਿਰੋਧ ਕਾਰਨ ਪਬਲਿਕ ਗ੍ਰੀਵੈਂਸਿਸਜ਼, ਲਾ ਐਂਡ ਜਸਟਿਸ ਸੰਬੰਧੀ ਪਾਰਲੀਮੈਂਟਰੀ ਪੈਨਲ ਦੇ ਮੁਖੀ ਸੁਸ਼ੀਲ ਮੋਦੀ ਨੇ ਆਦਿਵਾਸੀ ਕਬੀਲਿਆਂ ਅਤੇ ਉੱਤਰੀ-ਪੂਰਬੀ ਪ੍ਰਾਂਤਾਂ ਨੂੰ ਯੂਸੀਸੀ ਦੇ ਘੇਰੇ ਤੋਂ ਬਾਹਰ ਰੱਖਣ ਦੀ ਮੰਗ ਦਾ ਸਮਰਥਨ ਕੀਤਾ ਹੈ। ਜੇ ਸੁਸ਼ੀਲ ਮੋਦੀ ਦੀ ਸਿਫ਼ਾਰਸ਼ ਮੰਨ ਲਈ ਗਈ ਤਾਂ ਇੱਕ ਸਮਾਨ ਸਿਵਲ ਕੋਡ ਕਿੱਥੇ ਰਹਿ ਜਾਵੇਗਾ ? ਕੀ ਇਹ ਸਮਝ ਲਿਆ ਜਾਵੇ ਕਿ ਜੋ ਈਸਾਈ ਉੱਤਰੀ-ਪੂਰਬੀ ਪ੍ਰਾਂਤਾਂ ਤੋਂ ਇਲਾਵਾ ਭਾਰਤ ਦੇ ਦੂਸਰੇ ਪ੍ਰਾਂਤਾਂ 'ਚ ਵਸਦੇ ਹਨ ਉਨ੍ਹਾਂ 'ਤੇ ਲਾਗੂ ਹੋਵੇਗਾ ? ਜਾਂ ਸਿਰਫ ਮੁਸਲਮਾਨਾਂ ਅਤੇ ਸਿੱਖਾਂ 'ਤੇ ਹੀ ਜ਼ਬਰੀ ਹਿੰਦੂ ਸਿਵਲ ਕੋਡ ਥੋਪਿਆ ਜਾਣਾ ਹੈ, ਜਿਨ੍ਹਾਂ 'ਚੋਂ ਵਿਰੋਧ ਕਰਨ ਵਾਲੇ ਮੁਸਲਮਾਨਾਂ ਨੂੰ ਪਾਕਿਸਤਾਨੀ ਅਤੇ ਸਿੱਖਾਂ ਨੂੰ ਖ਼ਾਲਸਤਾਨੀ ਕਹਿ ਕੇ ਦੇਸ਼ ਵਿਰੋਧੀ ਸਿੱਧ ਕਰ ਉਨ੍ਹਾਂ ਵਿਰੁੱਧ ਨਫ਼ਰਤ ਫੈਲਾ ਕੇ ਹਿੰਦੂਆਂ ਦੀਆਂ ਵੋਟਾਂ ਹਾਸਲ ਕਰਨ ਦਾ ਹੀ ਇੱਕੋ ਇੱਕ ਟੀਚਾ ਹੈ? ਇਸ ਲਈ ਭਾਰਤ ਦੇ ਇਨਸਾਫ਼ ਪਸੰਦ ਹਰ ਸ਼ਹਰੀ ਖ਼ਾਸ ਕਰਕੇ ਘੱਟ ਗਿਣਤੀਆਂ ਨੂੰ ਸੰਸਥਾਗਤ ਪੱਧਰ 'ਤੇ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਜੇ ਲੋੜ ਸਮਝੀ ਜਾਵੇ ਤਾਂ ਵੀ ਲਾ-ਕਮਿਸ਼ਨ 'ਤੇ ਜ਼ੋਰ ਪਾਇਆ ਜਾਵੇ ਕਿ ਇਸ ਮੁੱਦੇ 'ਤੇ ਹਾਲ ਦੀ ਘੜੀ ਵਿਸਰਾਮ ਲਾ ਕੇ; ਵਿਚਾਰ ਲੋਕ ਸਭਾ ਚੋਣਾਂ ਤੋਂ ਬਾਅਦ ਕੀਤਾ ਜਾਵੇ ਅਤੇ ਵਿਚਾਰ ਸ਼ੁਰੂ ਕਰਨ ਤੋਂ ਪਹਿਲਾਂ ਸਰਕਾਰ ਵੱਲੋਂ ਸੰਭਾਵਿਤ ਕਾਨੂੰਨ ਦਾ ਖਰੜਾ ਪਬਲਿਕ 'ਚ ਵੱਡੀ ਪੱਧਰ 'ਤੇ ਵੰਡਿਆ ਜਾਵੇ ਤਾਂ ਕਿ ਇਸ ਦੇ ਹਰ ਪੱਖ ਨੂੰ ਚੰਗੀ ਤਰ੍ਹਾਂ ਘੋਖ ਕੇ ਇਸ ਵਿੱਚ ਲੋੜੀਂਦੇ ਬਦਲਾਅ ਲਈ ਆਪਣੇ ਸੁਝਾਅ ਦਿੱਤੇ ਜਾ ਸਕਣ।

-0-

# ਅਕਲ, ਗਿਆਨ ਅਤੇ ਸਿਆਣਪ

**-ਨਰਿੰਦਰ ਸਿੰਘ ਕਪੂਰ**

ਅਕਲ ਵੇਖਦੀ ਹੈ, ਗਿਆਨ ਬੋਲਦਾ ਹੈ ਅਤੇ ਸਿਆਣਪ ਸੁਣਦੀ ਹੈ। ਭਾਵੇਂ ਅਕਲ, ਗਿਆਨ ਅਤੇ ਸਿਆਣਪ ਨੂੰ ਇਕ ਹੀ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ ਪਰ ਇਹ ਸਾਡੀ ਸੂਝ-ਬੂਝ ਦੇ ਤਿੰਨ ਵੱਖ-ਵੱਖ ਪੜਾਓ ਹਨ। ਆਮ-ਸਧਾਰਨ ਸੂਝ-ਬੂਝ ਨੂੰ ਅਕਲ ਕਹਿੰਦੇ ਹਨ। ਆਲੇ-ਦੁਆਲੇ ਨੂੰ ਵੇਖਣ ਅਤੇ ਦੂਜਿਆਂ ਨਾਲ ਵਰਤ-ਵਰਤਾਰੇ ਨਾਲ ਅਤੇ ਉਨ੍ਹਾਂ ਨੂੰ ਕਾਰਜ ਕਰਦਿਆਂ ਵੇਖ ਕੇ ਅਸੀਂ ਅਕਲਮੰਦ ਬਣਦੇ ਹਾਂ। ਇਵੇਂ ਅਕਲ ਮੁੱਖ ਤੌਰ ਤੇ ਵੇਖਣ ਅਤੇ ਸਮਝਣ ਨਾਲ ਪ੍ਰਾਪਤ ਹੁੰਦੀ ਹੈ । ਅਸੀਂ ਜਿਤਨਾ ਵਧੇਰੇ ਧਿਆਨ ਨਾਲ ਵੇਖਦੇ-ਸਮਝਦੇ ਹਾਂ, ਉਤਨੇ ਹੀ ਵਧੇਰੇ ਅਕਲ ਵਾਲੇ ਬਣਦੇ ਜਾਂਦੇ ਹਾਂ।

ਬੱਚੇ ਦਾ ਵਿਕਾਸ ਘਰ ਦੇ ਜੀਆਂ ਨੂੰ ਵਿਚਰਦਿਆਂ ਵੇਖ ਕੇ, ਉਵੇਂ ਉਨ੍ਹਾਂ ਵਾਂਗ, ਨਕਲ ਕਰਨ ਨਾਲ ਹੁੰਦਾ ਹੈ। ਅਸੀਂ ਬਚਪਨ ਵਿਚ ਹੀ ਨਹੀਂ, ਸਗੋਂ ਸਾਰਾ ਜੀਵਨ ਦੂਜਿਆਂ ਨੂੰ ਵੇਖ ਕੇ ਆਪਣੀ ਅਕਲ ਅਤੇ ਕਾਰਗੁਜ਼ਾਰੀ ਸੁਧਾਰਦੇ ਰਹਿੰਦੇ ਹਾਂ। ਯਾਤਰਾ ਦਾ ਵੀ ਇਹੀ ਉਦੇਸ਼ ਹੁੰਦਾ ਹੈ। ਇਵੇਂ ਜੀਵਨ ਦੀ ਮੁੱਢਲੀ ਸੂਝ-ਬੂਝ ਅਕਲ ਅਖਵਾਉਂਦੀ ਹੈ, ਜਿਹੜੀ ਹਰੇਕ ਕੋਲ ਲਗਭਗ ਇਕੋ ਜਿਹੀ ਮਾਤਰਾ ਵਿਚ ਹੁੰਦੀ ਹੈ। ਫਿਰ ਵੀ ਅਸੀਂ ਜੋ ਕਿਸੇ ਨੂੰ ਅਕਲਮੰਦ ਅਤੇ ਕਿਸੇ ਨੂੰ ਬੇਅਕਲ ਕਹਿੰਦੇ ਹਾਂ ਤਾਂ ਵੱਖਰੇਵਾਂ ਅਕਲ ਦੀ ਮਾਤਰਾ ਵਿਚ ਨਹੀਂ ਹੁੰਦਾ, ਅਕਲ ਦੀ ਵਰਤੋਂ ਵਿਚ ਹੁੰਦਾ ਹੈ। ਜੇ ਕੋਈ ਦਰੱਖਤ ਦੀ ਇਕ ਟਾਹਣੀ 'ਤੇ ਬਹਿ ਕੇ ਉਸੇ ਨੂੰ ਕਟੇਗਾ ਤਾਂ ਉਹ ਵੇਖਣ ਵਾਲੇ ਨੂੰ ਬੇਅਕਲ ਲਗੇਗਾ ਪਰ ਜਦੋਂ ਉਹ ਇਕ ਵਾਰੀ ਡਿੱਗੇਗਾ ਤਾਂ ਉਸ ਨੂੰ ਅਕਲ ਆ ਜਾਵੇਗੀ, ਕਿ ਇਵੇਂ ਕਰਨਾ ਅਕਲ ਵਾਲਾ ਕੰਮ ਨਹੀਂ।

ਇਸਤਰੀਆਂ ਦੇ ਮੁਕਾਬਲੇ ਪੁਰਸ਼ ਵਧੇਰੇ ਥਾਵਾਂ ਤੇ, ਵਧੇਰੇ ਲੋਕਾਂ ਨੂੰ ਮਿਲਦੇ ਹਨ, ਇਸ ਲਈ ਉਹ ਵਧੇਰੇ ਅਕਲ ਵਾਲੇ ਸਮਝੇ ਜਾਂਦੇ ਹਨ ਪਰ ਵਾਸਤਵ ਵਿਚ ਉਨ੍ਹਾਂ ਕੋਲ ਸੂਚਨਾ ਵਧੇਰੇ ਹੁੰਦੀ ਹੈ। ਇਸਤਰੀਆਂ ਕੋਲ ਘਰ ਅੰਦਰਲੀ ਅਤੇ ਗਲੀ-ਮੁਹੱਲੇ ਦੀ ਸੂਚਨਾ ਵਧੇਰੇ ਹੁੰਦੀ ਹੈ, ਜਦੋਂ ਕਿ ਪੁਰਸ਼ਾਂ ਕੋਲ ਘਰੋਂ-ਬਾਹਰੀ ਸੂਚਨਾ ਵਧੇਰੇ ਹੁੰਦੀ ਹੈ, ਇਵੇਂ ਇਸਤਰੀਆਂ-ਪੁਰਸ਼ਾਂ ਵਿਚਕਾਰ ਅੰਤਰ ਅਕਲ ਦਾ ਨਹੀਂ, ਸੂਚਨਾ ਦਾ ਹੁੰਦਾ ਹੈ।

ਨਿੱਜੀ ਅਨੁਭਵ ਅਕਲ ਦਾ ਮੁੱਖ ਸਰੋਤ ਹੁੰਦਾ ਹੈ। ਬਹੁਤੇ ਲੋਕ ਆਪਣੀ ਅਕਲ ਨੂੰ ਵਰਤ ਕੇ ਵਧੇਰੇ ਯੋਗਤਾ ਨਾਲ ਕਾਰਜ ਕਰਦੇ ਹਨ ਅਤੇ ਅਕਲਾਂ ਵਾਲੇ ਅਖਵਾਉਂਦੇ ਹਨ ਪਰ ਕਈ ਅਕਲ ਨਹੀਂ ਵਰਤਦੇ, ਕੇਵਲ ਨਕਲ ਨਾਲ ਕੰਮ ਕਰਨ ਦਾ ਯਤਨ ਕਰਦੇ ਹਨ।

ਦੂਜਿਆਂ ਨੂੰ ਵੇਖ ਕੇ ਪਰ ਅਕਲ ਤੋਂ ਬਿਨਾ ਕੀਤੇ ਕਾਰਜ ਨੂੰ ਨਕਲ ਕਹਿੰਦੇ ਹਨ। ਨਕਲ ਵਿਚੋਂ ਲੋੜੀਂਦੇ ਸਿੱਟੇ ਨਹੀਂ ਨਿਕਲਦੇ। ਅਨਪੜ੍ਹ ਵਿਅਕਤੀਆਂ ਕੋਲ ਵੀ ਨਿਤਾ-ਪ੍ਰਤੀ ਦੀਆਂ ਸਮੱਸਿਆਵਾਂਸੁਲਝਾਉਣ ਦੀ ਅਕਲ ਹੁੰਦੀ ਹੈ ਪਰ ਉਨ੍ਹਾਂ ਕੋਲ ਗਿਆਨ ਨਹੀਂ ਹੁੰਦਾ, ਇਸੇ ਕਰਕੇ ਨਵੀਂ ਸਮੱਸਿਆ ਉਪਜਣ 'ਤੇ ਉਹ ਕਿਸੇ ਗਿਆਨਵਾਨ ਕੋਲ ਜਾਂਦੇ ਹਨ। ਵਿਦਿਆ ਦੇ ਪਸਾਰ ਤੋਂ ਪਹਿਲਾਂ, ਅਕਲ ਦੇ ਪੱਖੋਂ ਸਾਰੇ ਲੋਕ ਲਗਭਗ ਬਰਾਬਰ ਸਨ, ਅੰਤਰ ਵਿਦਿਆ ਨੇ ਉਪਜਾਏ ਹਨ।

ਵਿਦਿਆ ਨਾਲ ਹੀ ਗਿਆਨ ਦਾ ਸੰਕਲਪ ਉਸਰਿਆ ਹੈ। ਸੂਝ-ਬੂਝ ਦੇ ਪੱਖੋਂ ਅਕਲ ਤੋਂ ਅਗਲੇਰਾ ਪੜਾਓ ਗਿਆਨ ਦਾ ਹੁੰਦਾ ਹੈ। ਮਨੁੱਖ ਦੀਆਂ ਬੌਧਿਕ ਪ੍ਰਾਪਤੀਆਂ ਦੇ ਸਮੁੱਚੇ ਭੰਡਾਰ ਨੂੰ ਗਿਆਨ ਕਹਿੰਦੇ ਹਨ। ਅਕਲ ਇਕ ਸਾਂਝਾ ਅਨੁਭਵ ਹੈ, ਜਦੋਂ ਕਿ ਗਿਆਨ ਕਿਸੇ ਵਿਸ਼ੇਸ਼ ਖੇਤਰ ਦਾ ਵਿਸ਼ਾਲ ਅਨੁਭਵ ਹੁੰਦਾ ਹੈ। ਅਕਲ ਅਨੁਭਵੀ ਹੁੰਦੀ ਹੈ, ਜਦੋਂ ਕਿ ਗਿਆਨ ਕਿਤਾਬੀ ਅਤੇ ਸਿਧਾਂਤਕ ਹੁੰਦਾ ਹੈ। ਕਈ ਪੱਖਾਂ ਵਿਚ ਅਕਲ, ਗਿਆਨ ਨੂੰ ਵੀ ਪਛਾੜ ਜਾਂਦੀ ਹੈ। ਉਦਾਹਰਣ ਵਜੋਂ ਗਿਆਨ ਦੀ ਗਿਣਤੀ-ਮਿਣਤੀ ਦਸਦੀ ਹੈ ਕਿ ਜੇ ਪਰਿਵਾਰ ਵਿਚ ਬਾਰ੍ਹਾਂ ਬੱਚੇ ਹੋਣ ਤਾਂ ਪਰਿਵਾਰ ਬੜਾ ਸ਼ਕਤੀਸ਼ਾਲੀ ਹੋਵੇਗਾ ਪਰ ਅਜੋਕੀ ਅਕਲ ਦੱਸਦੀ ਹੈ ਕਿ ਬਾਰ੍ਹਾਂ ਬੱਚਿਆਂ ਨਾਲ ਪਰਿਵਾਰ ਮਜ਼ਬੂਤ ਨਹੀਂ, ਸਗੋਂ ਕਮਜ਼ੋਰ ਹੋਵੇਗਾ। ਇਵੇਂ ਜੇ ਗਿਆਨ, ਅਕਲ ਨਾਲ ਇਕ-ਸੁਰ ਨਾ ਹੋਵੇ ਤਾਂ ਉਸ ਨੂੰ ਖੁਸ਼ਕ-ਗਿਆਨ ਕਿਹਾ ਜਾਵੇਗਾ।

ਲੰਘ ਗਈਆਂ ਪੀੜ੍ਹੀਆਂ ਦੇ ਕਸ਼ੀਦ ਅਤੇ ਪੁਸ਼ਟ ਕੀਤੇ ਵਿਚਾਰਾਂ ਅਤੇ ਅਨੁਭਵਾਂ ਨੂੰ ਗ੍ਰੰਥਾਂ, ਪੋਥੀਆਂ ਅਤੇ ਪੁਸਤਕਾਂ ਰਾਹੀਂ ਗ੍ਰਹਿਣ ਕਰਨ, ਅਧਿਆਪਕਾਂ ਤੋਂ ਪੜ੍ਹਨ ਅਤੇ ਵਿਦਿਆਰਥੀ ਬਣ ਕੇ ਸੁਣਨ ਅਤੇ ਸਮਝਣ ਨਾਲ ਅਸੀਂ ਗਿਆਨਵਾਨ ਬਣਦੇ ਹਾਂ।

ਪੁਸਤਕਾਂ, ਅਧਿਆਪਕ ਅਤੇ ਵਿਸ਼ੇਸ਼ੱਗ ਗਿਆਨ ਦੇ ਪ੍ਰਮੁਖ ਸਰੋਤ ਹੁੰਦੇ ਹਨ। ਜੇ ਅਕਲ ਨਾ ਹੋਵੇ ਤਾਂ ਸਕੂਲ-ਕਾਲਜ ਅਤੇ ਪੁਸਤਕਾਂ ਵੀ ਕੁਝ ਨਹੀਂ ਸੰਵਾਰ ਸਕਦੀਆਂ।

ਜਦੋਂ ਪੁਸਤਕਾਂ ਦੀ ਸਹੂਲਤ ਨਹੀਂ ਸੀ ਤਾਂ ਗੁਰੂ-ਕੁਲਾਂ, ਨਾਲੰਦਾ ਅਤੇ ਟੈਕਸਿਲਾ ਵਿਸ਼ਵ-ਵਿਦਿਆਲਿਆਂ ਵਿਚ ਰਿਸ਼ੀ, ਸ਼ਿਸ਼ਾਂ ਨੂੰ ਬੋਲ ਕੇ ਗਿਆਨ ਦਿੰਦੇ ਸਨ। ਯੂਨਾਨ ਵਿਚ ਪਲੈਟੋ ਨੇ ਅਕਾਦਮੀ ਨਾਂ ਦਾ ਵਿਦਿਆਲਾ ਖੋਲ੍ਹਿਆ ਸੀ, ਜਿਥੇ ਅਰਸਤੂ ਇਕ ਵਿਦਿਆਰਥੀ ਵਜੋਂ ਦਾਖਲ ਹੋਇਆ ਸੀ। ਉਦੋਂ ਹੱਥਾਂ ਨਾਲ ਪੁਸਤਕਾਂ ਲਿਖਣ ਦਾ ਰਿਵਾਜ ਸੀ ਪਰ ਛਾਪਣ ਦਾ ਰਿਵਾਜ ਨਹੀਂ ਸੀ, ਸੋ ਬਹੁਤਾ ਗਿਆਨ ਮੌਖਿਕ ਸੀ। ਲਿਪੀ ਦੇ ਵਿਕਾਸ ਨਾਲ ਲਿਖਣ ਅਤੇ ਪੜ੍ਹਨ ਦਾ ਮਹੱਤਵ ਵੱਧਿਆ ਹੈ।

ਕਈ ਵਿਅਕਤੀ ਲਿਖਣ ਵਿਚ ਵਧੇਰੇ ਨਿਪੁੰਨ ਹੁੰਦੇ ਹਨ ਅਤੇ ਕਈ ਬੋਲਣ ਵਿਚ। ਧਰਮ, ਵਕਾਲਤ, ਅਧਿਆਪਨ ਅਤੇ ਰਾਜਨੀਤੀ ਵਿਚ ਬੋਲਣ ਦਾ ਮਹੱਤਵ ਹੈ, ਜਦੋਂ ਕਿ ਅਦਾਲਤਾਂ, ਦਫ਼ਤਰਾਂ, ਬੈਂਕਾਂ ਆਦਿ ਵਿਚ ਲਿਖਣ ਦਾ ਕਾਰਜ ਵਧੇਰੇ ਹੁੰਦਾ ਹੈ।

ਛਾਪੇਖਾਨੇ ਦੀ ਕਾਢ ਨਾਲ ਗਿਆਨ ਦਾ ਵਿਸਤਾਰ ਹੋਇਆ ਹੈ ਅਤੇ ਗਿਆਨ ਆਮ ਲੋਕਾਂ ਦੀ ਪਹੁੰਚ ਵਿਚ ਆਇਆ ਹੈ।

ਅਕਲ ਦਾ ਘੇਰਾ ਸੀਮਤ ਅਤੇ ਸਥਾਨਕ ਹੁੰਦਾ ਹੈ ਜਦੋਂ ਕਿ ਗਿਆਨ ਇਸ ਘੇਰੇ ਨੂੰ ਵਿਸ਼ਾਲ ਕਰ ਦਿੰਦਾ ਹੈ।

ਗਿਆਨ ਸਰਬ-ਵਿਆਪਕ ਨੇਮਾਂ, ਅਸੂਲਾਂ, ਵਿਚਾਰਾਂ, ਸਿਧਾਂਤਾਂ, ਖੋਜਾਂ, ਫਾਰਮੂਲਿਆਂ, ਪ੍ਰਯੋਗਾਂ, ਸਿੱਟਿਆਂ ਅਤੇ ਨਿਚੋੜਾਂ 'ਤੇ ਉਸਰਿਆ ਹੁੰਦਾ ਹੈ। ਗਿਆਨ ਨੂੰ ਸਿਲਸਿਲੇਵਾਰ ਅਤੇ ਵਿਸ਼ੇਸ਼ ਵਿਧੀ ਨਾਲ ਪ੍ਰਾਪਤ ਕੀਤਾ ਜਾਂਦਾ ਹੈ। ਹੁਣ ਸਾਡੇ ਜੀਵਨ ਦਾ ਵੱਡਾ ਭਾਗ ਗਿਆਨ-ਪ੍ਰਾਪਤੀ ਵਿਚ ਖਰਚ ਹੋ ਜਾਂਦਾ ਹੈ। ਅਜੋਕੇ ਯੁਗ ਵਿਚ ਗਿਆਨ ਤੋਂ ਬਿਨਾ ਕਿਸੇ ਦੀ ਕੋਈ ਪਛਾਣ ਨਹੀਂ ਬਣਦੀ। ਅਕਲ ਅਤੇ ਗਿਆਨ ਤੋਂ ਅਗਲੇਰੇ ਪੜਾਓ ਨੂੰ ਸਿਆਣਪ ਕਹਿੰਦੇ ਹਨ। ਸਿਆਣਪ ਦਾ ਮੁਖ ਸਰੋਤ ਕੁਦਰਤ ਹੁੰਦੀ ਹੈ।

ਅਕਲ ਸਥਾਨਕ, ਗਿਆਨ ਸੰਸਾਰੀ ਅਤੇ ਸਿਆਣਪ ਬ੍ਰਹਿਮੰਡੀ ਹੁੰਦੀ ਹੈ। ਗਿਆਨ, ਨਿਖੇੜਨ ਅਤੇ ਵਿਸ਼ਲੇਸ਼ਣ ਦਾ ਖੇਤਰ ਹੈ, ਜਦੋਂ ਕਿ ਸਿਆਣਪ, ਜੋੜਨ ਅਤੇ ਅੰਤਰ-ਸੰਬੰਧਾਂ ਨੂੰ ਉਸਾਰਨ ਅਤੇ ਜਾਣਨ ਦਾ ਖੇਤਰ ਹੈ। ਜਿਨ੍ਹਾਂ ਕੋਲ ਸਿਆਣਪ ਹੁੰਦੀ ਹੈ, ਉਨ੍ਹਾਂ ਨੂੰ ਜੀਨੀਅਸ, ਪੈਗੰਬਰ, ਦਰਵੇਸ਼, ਗੁਰੂ, ਮਹਾਤਮਾ, ਫ਼ਿਲਾਸਫ਼ਰ, ਯੁਗ-ਪੁਰਸ਼ ਆਦਿ ਕਿਹਾ ਜਾਂਦਾ ਹੈ। ਪੈਗੰਬਰ ਸਿਆਣਾ ਹੁੰਦਾ ਹੈ, ਫ਼ਿਲਾਸਫ਼ਰ ਗਿਆਨਵਾਨ ਹੁੰਦਾ ਹੈ। ਸੁਕਰਾਤ ਸਿਆਣਾ ਸੀ, ਪਲੈਟੋ ਗਿਆਨਵਾਨ ਸੀ। ਅਕਲਮੰਦ ਅਤੇ ਗਿਆਨਵਾਨ ਲੱਖਾਂ-ਕਰੋੜਾਂ ਹੁੰਦੇ ਹਨ,

ਜਦੋਂ ਕਿ ਸਿਆਣਿਆਂ ਦੀ ਕਦੇ ਭੀੜ ਨਹੀਂ ਹੁੰਦੀ।

ਸਿਆਣਪ ਦਾ ਸੰਬੰਧ ਸਮੁੱਚੇ ਜੀਵ-ਜੰਤੂ ਜਗਤ ਨਾਲ ਹੁੰਦਾ ਹੈ। ਅਕਲ ਸਾਲਾਂ ਵਿਚ, ਗਿਆਨ ਦਹਾਕਿਆਂ ਵਿਚ ਅਤੇ ਸਿਆਣਪ ਸਦੀਆਂਵਿਚ ਮਾਪੀ ਜਾਂਦੀ ਹੈ। ਸਿਆਣਿਆਂ ਦੀਆਂ ਗੱਲਾਂ ਸਦੀਆਂ ਤੱਕ ਗੂੰਜਦੀਆਂ ਹੀ ਨਹੀਂ, ਇਹ ਸਾਡੀ ਸੋਚ ਵਿਚ ਬਹਿ ਕੇ, ਸਾਨੂੰ ਅੰਦਰੋਂ ਚਲਾਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਸਿਆਣਿਆਂ ਦੇ ਵਿਚਾਰਾਂ ਦੀ ਗੋਦ ਵਿਚ ਅਸੀਂ ਨਿੱਘੇ ਅਤੇ ਸੁਖਾਲੇ ਮਹਿਸੂਸ ਕਰਦੇ ਹਾਂ। ਔਖੇ ਫ਼ੈਸਲਿਆਂ ਵੇਲੇ ਉਹ ਸਾਡੀ ਧਿਰ ਬਣਦੇ ਹਨ ਅਤੇ ਸੰਕਟ ਵਿਚ ਉਨ੍ਹਾਂ ਦੀ ਸ਼ਰਨ ਵਿਚ ਆਕੇ ਅਸੀਂ ਆਪਣੀ ਚਿੰਤਾ ਉਨ੍ਹਾਂ ਨੂੰ ਸੌਂਪ ਦਿੰਦੇ ਹਾਂ। ਸਿਆਣਿਆਂ ਦੀ ਦਹਿਲੀਜ਼ 'ਤੇ ਪਹੁੰਚ ਕੇ ਸਾਨੂੰ ਭਰੋਸਾ ਮਿਲ ਜਾਂਦਾ ਹੈ ਕਿ ਇਥੇ ਸਾਨੂੰ ਪ੍ਰਵਾਨ ਕੀਤਾ ਜਾਵੇਗਾ। ਮੁਸ਼ਕਿਲ ਵਿਚ ਘਿਰਿਆ ਮਨੁੱਖ, ਜਦੋਂ ਗੀਤਾਂ ਜਾਂ ਗ੍ਰੰਥ ਦੇ ਲੜ ਲਗਦਾ ਹੈ ਤਾਂ ਉਸ ਦਾ ਡੋਲਦਾ ਮਨ ਟਿਕ ਜਾਂਦਾ ਹੈ। ਇਵੇਂ ਡੋਲਦੇ ਮਨ ਨੂੰ ਟਿਕਾਓ ਦੇਣ ਵਾਲੇ ਗਿਆਨ ਨੂੰ ਸਿਆਣਪ ਕਹਿੰਦੇ ਹਨ।

ਗਿਆਨਵਾਨਾਂ ਦੇ ਬਦਲ ਮਿਲ ਜਾਂਦੇ ਹਨ ਪਰ ਸਿਆਣਿਆਂ ਦੇ ਬਦਲ ਨਹੀਂ ਮਿਲਦੇ। ਸਿਆਣੇ ਕੁਦਰਤ ਦਾ ਕੋਈ ਨੇਮ ਨਹੀਂ ਤੋੜਦੇ। ਕੁਦਰਤ ਨਾਲ ਇਕ-ਸੁਰ ਹੋਣਾ ਹੀ ਸਿਆਣਪ ਹੈ। ਕੁਦਰਤ ਤੋਂ ਬਿਨਾ ਕਾਦਰ ਦਾ ਸੰਕਲਪ ਸੰਭਵ ਹੀ ਨਹੀਂ। ਕੁਦਰਤ, ਪ੍ਰਮਾਤਮਾ ਦੀ ਹੋਂਦ ਦਾ ਸਬੂਤ ਹੁੰਦੀ ਹੈ। ਗਿਆਨ ਹਾਨੀਕਾਰਕ ਵੀ ਹੋ ਸਕਦਾ ਹੈ ਪਰ ਸਿਆਣਪ ਸਦਾ ਕਲਿਆਣ-ਕਾਰੀ ਹੀ ਹੁੰਦੀ ਹੈ।

ਸਿਆਣਪ ਨੂੰ ਹੀ ਸੱਚਾ ਗਿਆਨ ਜਾਂ ਸੱਚਾਈ ਕਿਹਾ ਗਿਆ ਹੈ। ਜਦੋਂ ਸੱਚਾ ਗਿਆਨ ਹੋ ਜਾਂਦਾ ਹੈ ਤਾਂ ਉਸ ਦੇ ਲੰਘਣ ਲਈ ਅੰਦਰਲੇ ਬੂਹੇ ਆਪੇ ਖੁਲ੍ਹ ਜਾਂਦੇ ਹਨ। ਗਿਆਨ ਵਿਚ ਤਰਕ ਅਤੇ ਬੁੱਧੀ ਦੀ ਪ੍ਰਧਾਨਤਾ ਹੁੰਦੀ ਹੈ, ਜਦੋਂ ਕਿ ਸਿਆਣਪ ਜਾਂ ਧੁਰ ਕੀ ਬਾਣੀ ਵਿਚ ਇਲਹਾਮ, ਅੰਤਰ-ਦ੍ਰਿਸ਼ਟੀ ਦੀ ਖੁਸ਼ਹਾਲੀ ਅਤੇ ਆਤਮਾ ਦੀ ਪ੍ਰਮੁੱਖਤਾ ਹੁੰਦੀ ਹੈ।

ਗਿਆਨ ਸਾਨੂੰ ਬੰਨ੍ਹਦਾ ਅਤੇ ਕਸਦਾ ਹੈ, ਸਿਆਣਪ ਸਾਨੂੰ ਖੋਲ੍ਹਦੀ ਅਤੇ ਸੁਤੰਤਰ ਕਰਦੀ ਹੈ।

ਸਿਆਣਪ ਕੁਦਰਤ ਵਿਚ ਹੈ, ਲੋੜ ਇਸ ਨੂੰ ਅਪਨਾਉਣ ਦੀ ਹੈ। ਕੁਦਰਤ ਨੇ ਆਪਣੀ ਸਿਆਣਪ ਨਾਲ ਪੰਛੀਆਂ ਦੇ ਰਹਿਣ ਲਈ ਦਰੱਖਤ ਅਤੇ ਉੱਡਣ ਲਈ ਅਸਮਾਨ ਬਣਾਇਆ ਹੈ, ਜਦੋਂ ਕਿ ਮਨੁੱਖ ਨੇ ਆਪਣੇ ਗਿਆਨਨਾਲ ਪਿੰਜਰੇ ਬਣਾਏ ਹਨ।

ਮਨੁੱਖ ਜਿਸ ਜੀਵ ਨੂੰ ਪਾਲਦਾ ਹੈ, ਉਸ ਨੂੰ ਕੈਦ ਕਰ ਲੈਂਦਾ ਹੈ। ਮਨੁੱਖ ਆਪਣੇ ਗਿਆਨ ਨੂੰ ਵਰਤ ਕੇ ਆਲੇ-ਦੁਆਲੇ ਨੂੰ ਕਾਬੂ ਕਰਦਾ ਹੈ। ਗਿਆਨ ਵਿਚ ਹਉਮੈ ਹੁੰਦੀ ਹੈ, ਇਸ ਕਰਕੇ ਇਸ ਦੀ ਦੁਰਵਰਤੋਂ ਹੁੰਦੀ ਹੈ। ਸਿਆਣਪ ਦਾ ਦੂਜਾ ਨਾਂ ਨਿਮਰਤਾ ਜਾਂ ਦਇਆ ਹੈ। ਗਿਆਨ ਬੋਲਦਾ ਹੈ, ਸਿਆਣਪ ਸੁਣਦੀ ਅਤੇ ਸੋਚਦੀ ਹੈ। ਸਿਆਣੇ ਘੱਟ ਬੋਲਦੇ ਹਨ, ਇਸੇ ਕਾਰਨ ਉਨ੍ਹਾਂ ਨੂੰ ਅਤੇ ਉਨ੍ਹਾਂ ਬਾਰੇ ਚਰਚਾ ਨੂੰ ਧਿਆਨ ਨਾਲ ਸੁਣਿਆ ਜਾਂਦਾ ਹੈ। ਉਹ ਘੱਟ ਲਿਖਦੇ ਹਨ, ਇਸੇ ਕਰਕੇ ਉਨ੍ਹਾਂ ਨੂੰ ਬਾਰ-ਬਾਰ ਪੜ੍ਹਿਆ ਜਾਂਦਾ ਹੈ। ਸਿਆਣਪ ਸਦੀਵੀ ਹੁੰਦੀ ਹੈ। ਇਸ ਦਾ ਸਥਾਨ-ਮੁਕਤ ਅਤੇ ਕਾਲ-ਮੁਕਤ ਹੋਣਾ ਇਸ ਦੇ ਮੁੱਢਲੇ ਲੱਛਣ ਹਨ।

ਗਿਆਨ ਨਾਲ ਸਾਡੀ ਜਗਿਆਸਾ ਸ਼ਾਂਤ ਹੁੰਦੀ ਹੈ, ਸਿਆਣਪ ਸਾਡੇ ਵਿਚ ਵਿਸ਼ਵਾਸ ਉਪਜਾਉਂਦੀ ਹੈ। ਸਿਆਣਪ ਅਗੇ ਸਾਨੂੰ ਝੁਕਣ ਵਿਚ ਆਨੰਦ ਆਉਂਦਾ ਹੈ। ਗਿਆਨ ਨਾਲ ਗਿਆਨ ਦੀ ਭੁੱਖ ਵੱਧਦੀ ਹੈ, ਸਿਆਣਪ ਸਾਨੂੰ ਸੰਤੁਸ਼ਟ ਕਰਦੀ ਹੈ, ਇਵੇਂ ਇਸ ਨਾਲ ਗਿਆਨ ਦੀ ਭੁੱਖ ਮਿੱਟ ਜਾਂਦੀ ਹੈ। ਸਿਆਣਪ, ਗਿਆਨ ਨਾਲੋਂ ਵੱਖਰੇ ਸੁਭਾਓ ਵਾਲਾ ਵਰਤਾਰਾ ਹੈ। ਗਿਆਨ ਨੇੜੇ ਅਤੇ ਸਿਆਣਪ ਦੂਰ ਪ੍ਰਤੀਤ ਹੁੰਦੀ ਹੈ। ਨੇੜਤਾ ਨਾਲ ਅਪਣੱਤ ਵੱਧਦੀ ਹੈ ਪਰ ਸਤਿਕਾਰ ਲਈ ਫ਼ਾਸਲੇ ਦਾ ਹੋਣਾ ਜ਼ਰੂਰੀ ਹੁੰਦਾ ਹੈ। ਫ਼ਾਸਲੇ ਨਾਲ ਵਿਸ਼ੇਸ਼ਤਾ ਅਤੇ ਵਿਸ਼ਾਲਤਾ ਦੇ ਗੁਣ ਉਭਰਦੇ ਹਨ। ਜੇ ਕੋਈ ਨੇੜੇ ਹੋਵੇਗਾ, ਭਾਵੇਂ ਕਿਤਨਾ ਹੀ ਸਿਆਣਾ ਹੋਵੇ, ਉਹ ਸਧਾਰਨ ਹੀ ਲਗੇਗਾ ਪਰ ਫਾਸਲੇ ਤੋਂ ਵੇਖਿਆਂ ਉਹ ਵਿਸ਼ਾਲ ਅਤੇ ਵੱਡਾ ਪ੍ਰਤੀਤ ਹੋਵੇਗਾ।

ਸਿਆਣੇ ਵਿਅਕਤੀਆਂ ਨਾਲ ਅਸੀਂ ਇਮਾਰਤਾਂ ਅਤੇ ਸ਼ਹਿਰ ਜੋੜ ਦਿੰਦੇ ਹਾਂ। ਇਨ੍ਹਾਂ ਇਮਾਰਤਾਂ ਨੂੰ ਵੇਖ ਕੇ ਸਾਨੂੰ ਮਹਾਂਪੁਰਸ਼ਾਂ ਦੇ ਹਾਜ਼ਰ-ਹਜ਼ੂਰ ਹੋਣ ਦਾ ਅਹਿਸਾਸ ਹੁੰਦਾ ਹੈ। ਮੱਕੇ ਦੇ ਆਲੇ-ਦੁਆਲੇ ਵਿਸ਼ਾਲ ਥਾਂ ਅਤੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਰੋਵਰ ਅਤੇ ਖੁੱਲ੍ਹੀ ਪ੍ਰਕਰਮਾ ਵਿਚੋਂ ਸਾਨੂੰ ਗੁਰੂ ਸਾਹਿਬਾਂ ਅਤੇ ਮਹਾਂਪੁਰਸ਼ਾਂ ਦੇ ਨੂਰਾਨੀ ਚਿਹਰੇ ਝਲਕਦੇ ਪ੍ਰਤੀਤ ਹੁੰਦੇ ਹਨ ਅਤੇ ਕੀਰਤਨ ਵਿਚ ਉਨ੍ਹਾਂ ਦਾ ਸੁਨੇਹਾ ਗੂੰਜਦਾ ਹੈ।

ਪ੍ਰਾਚੀਨ ਮਿਸਰ ਦੀਆਂ ਦਾਰਸ਼ਨਿਕ ਪੁਸਤਕਾਂ ਪੜ੍ਹਨ ਵਾਲੇ ਨੂੰ 'ਸਿਆਣਾ' ਕਿਹਾ ਜਾਂਦਾ ਸੀ। ਸਾਡੇ ਆਪਣੇ ਦੇਸ਼ ਵਿਚ ਵੇਦਾਂ ਅਤੇ ਉਪਨਿਸ਼ਦਾਂ ਦਾ ਗਿਆਨ ਪ੍ਰਾਪਤ ਕਰਨ ਅਤੇ ਪ੍ਰਸਾਰ ਕਰਨ ਵਾਲੇ ਨੂੰ ਪੰਡਤ ਅਤੇ ਬ੍ਰਹਮ-ਗਿਆਨੀ ਕਹਿ ਕੇ ਸਤਿਕਾਰਿਆ ਜਾਂਦਾ ਸੀ। ਮਹਾਂਪੁਰਸ਼ਾਂ ਦੇ ਕਥਨਾਂ, ਉਨ੍ਹਾਂ ਦੀਆਂ ਰਚਨਾਵਾਂ ਵਿਚ ਦਰਜ ਸਲੋਕਾਂ, ਅਖਾਣਾਂ, ਮੁਹਾਵਰਿਆਂ, ਲਕੋਕਤੀਆਂ ਆਦਿ ਵਿਚ ਉਨ੍ਹਾਂ ਦੇ ਅਨੁਭਵ ਅਤੇ ਉਨ੍ਹਾਂ ਦੀ ਸਿਆਣਪ, ਅਤਿਅੰਤ ਸੰਖੇਪ ਅਤੇ ਡੂੰਘੇ ਰੂਪ ਵਿਚ ਪ੍ਰਗਟ ਹੁੰਦੀ ਹੈ।

ਅਖਾਣਾਂ ਵਿਚ ਨਸੀਹਤ ਹੁੰਦੀ ਹੈ। ਮੁਹਾਵਰਿਆਂ ਵਿਚ ਪਰਖਿਆ ਹੋਇਆ ਅਨੁਭਵ ਹੁੰਦਾ ਹੈ ਅਤੇ ਲਕੋਕਤੀਆਂ ਵਿਚ ਅਪਨਾਉਣ ਯੋਗ ਗਿਆਨ ਹੁੰਦਾ ਹੈ। ਅਖਾਣ-ਮੁਹਾਵਰੇ ਲੋਕ-ਵਰਤਾਰੇ ਦਾ ਭਾਗ ਹੋਣ ਕਰਕੇ, ਸਮਾਜਿਕ ਅਕਲ ਦਾ ਆਧਾਰ ਬਣਦੇ ਹਨ।

ਅਕਲ ਨਾਲ ਅਸੀਂ ਯਾਦ-ਸ਼ਕਤੀ ਦੇ ਆਧਾਰ 'ਤੇ ਜਾਣੀਆਂ ਪਛਾਣੀਆਂ ਸਮੱਸਿਆਵਾਂ ਹੱਲ ਕਰਦੇ ਹਾਂ ਜਦੋਂ ਕਿ ਗਿਆਨ ਨਾਲ ਅਸੀਂ ਨਵੇਂ ਸੰਕਟਾਂ, ਮੁਸੀਬਤਾਂ, ਬਿਪਤਾਵਾਂ ਅਤੇ ਚੁਣੌਤੀਆਂ ਨਾਲ ਨਜਿੱਠਦੇ ਹਾਂ ਅਤੇ ਸਿਆਣਪ ਨਾਲ ਅਸੀਂ ਏਕਾ, ਭਾਈਚਾਰਾ ਅਤੇ ਸਾਂਝਾਂ ਉਸਾਰਦੇ ਹਾਂ।

ਜ਼ਰੂਰੀ ਨਹੀਂ ਕਿ ਸਿਆਣਪ ਕੇਵਲ ਧਰਮ ਦੇ ਖੇਤਰ ਨਾਲ ਹੀ ਸੰਬੰਧਤ ਹੋਵੇ। ਜਦੋਂ ਗਿਆਨ ਡੂੰਘਾ, ਵਿਸ਼ਾਲ ਅਤੇ ਸਦੀਵੀ ਹੋ ਜਾਵੇ, ਤਾਂ ਖੇਤਰ ਕੋਈ ਹੋਵੇ, ਉਸ ਨੂੰ ਸਿਆਣਪ ਹੀ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਯੂਕਲਿਡ ਦੀ ਜੁਮੈਟਰੀ ਹੈ ਤਾਂ ਗਿਆਨ ਪਰ ਪਿਛਲੇ ਦੋ ਹਜ਼ਾਰ ਸਾਲ ਤੋਂ ਵਿਸ਼ਵ ਦੀਆਂ ਯੂਨੀਵਰਸਿਟੀਆਂ ਵਿਚ ਪਾਠ-ਪੁਸਤਕ ਵਜੋਂ ਪੜ੍ਹਾਈ ਜਾਣ ਕਰਕੇ, ਇਹ ਗ੍ਰੰਥ ਦਾ ਦਰਜਾ ਪ੍ਰਾਪਤ ਕਰ ਗਈ ਹੈ। ਵਿਸ਼ਵਕਰਮਾ ਦੇ ਨੇਮ, ਸਭਨੀਂ ਥਾਈਂ, ਇਕਸਾਰ, ਕੁਦਰਤ ਦੇ ਨੇਮਾਂ ਵਾਂਗ, ਲਾਗੂ ਹੁੰਦੇ ਹਨ।

ਸਦੀਵੀ ਗਿਆਨ ਜਾਂ ਸਿਆਣਪ ਸਿਰਜਣ ਵਾਲਿਆਂ ਨੂੰ ਮਹਾਂਪੁਰਸ਼ ਕਿਹਾ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮਹਾਂਪੁਰਸ਼ਾਂ ਦੀ ਛੋਹ ਨਾਲ ਜਾਂ ਸਿਆਣਿਆਂ ਦੀ ਅਸ਼ੀਰਵਾਦ ਨਾਲ ਰੋਗੀ ਤੰਦਰੁਸਤ ਹੋ ਜਾਂਦੇ ਸਨ। ਸਿਰ ਤੇ ਹੱਥ ਰੱਖਣ ਦੀ ਰੀਤ, ਇਸ ਛੋਹ ਦਾ ਹੀ ਸੰਕੇਤ ਹੈ। ਹੁਣ ਵੀ ਬੱਚਿਆਂ ਨੂੰ ਪ੍ਰੇਰਿਆ ਜਾਂਦਾ ਹੈ ਕਿ ਉਹ ਬਜ਼ੁਰਗਾਂ ਤੋਂ ਅਸ਼ੀਰਵਾਦ ਲੈਣ ਤਾਂ ਜੋ ਉਨ੍ਹਾਂ ਵਿਚ ਵੀ ਸਦ-ਗੁਣ ਆ ਜਾਣ ਅਤੇ ਉਹ ਚੰਗੇ ਅਤੇ ਸਿਆਣੇ ਬਣਨ।

ਚੰਗੇ ਅਤੇ ਸਿਆਣੇ ਵਿਅਕਤੀ ਦੀ ਮੌਤ 'ਤੇ ਇਕੱਠੇ ਹੋਏ ਲੋਕ, ਮਰਨ ਵਾਲੇ ਦੀ ਸ਼ਖ਼ਸੀਅਤ ਦਾ ਉਘੜਵਾਂ ਗੁਣ ਧਾਰ ਲੈਂਦੇ ਹਨ। ਜੇ ਮਰਨ ਵਾਲਾ ਸਬਰ-ਸੰਤੋਖ ਵਾਲਾ ਸੀ ਤਾਂ ਸਾਰੇ ਸਬਰ-ਸੰਤੋਖ ਨਾਲ ਸੰਸਕਾਰ ਦੀ ਰਸਮ ਨੂੰ ਉਡੀਕਣਗੇ। ਜੇ ਮਰਨ ਵਾਲਾ ਕੁਰਬਾਨੀਆਂ ਕਰਨ ਵਾਲਾ ਸੀ ਤਾਂ ਦੂਰੋਂ-ਦੂਰੋਂ ਲੋਕ ਕੁਰਬਾਨੀਆਂ ਕਰਕੇ ਪਹੁੰਚਣਗੇ। ਜੇ ਮਰਨ ਵਾਲਾ ਗਿਆਨਵਾਨ ਅਤੇ ਸਿਆਣਾ ਸੀ ਤਾਂ ਸਾਰੇ ਸਿਆਣੀਆਂ ਗੱਲਾਂ ਕਰਨਗੇ।

ਸਧਾਰਨ ਲੋਕਾਂ ਦੇ ਗੁਣ ਉਭਾਰਨ ਲਈ ਕਿਸੇ ਮਹੱਤਵਪੂਰਨ ਅਤੇ ਵੱਡੇ ਵਿਅਕਤੀ ਦੀ ਮੌਤ ਦਾ ਵਾਪਰਨਾ ਸਹਾਇਕ ਹੁੰਦਾ ਹੈ। ਪਿਛੇ ਜਿਹੇ ਜਦੋਂ ਰੋਮ ਵਿਚ ਈਸਾਈਆਂ ਦਾ ਪੋਪ ਅਕਾਲ ਚਲਾਣਾ ਕਰ ਗਿਆ ਤਾਂ ਉਸ ਦਿਨ ਰੋਮ ਦੀ ਅਬਾਦੀ ਦੁੱਗਣੀ ਹੋ ਗਈ ਸੀ ਅਤੇ ਸੋਗ ਕਰਨ ਲਈ ਸੰਸਾਰ ਭਰ ਵਿਚੋਂ ਆਏ ਮਹਿਮਾਨਾਂ ਲਈ, ਰੋਮ ਵਾਸੀਆਂ ਨੇ ਆਪਣੇ ਘਰਾਂ ਦੇ ਬੂਹੇ ਖੋਲ੍ਹ ਦਿੱਤੇ ਸਨ। ਪੋਪ ਨੂੰ ਦਫ਼ਨਾਉਣ ਵੇਲੇ ਬਾਦਸ਼ਾਹ ਅਤੇ ਰਾਸ਼ਟਰਪਤੀ ਪਹੁੰਚੇ ਸਨ। ਉਸ ਦਿਨ ਸਾਰਾ

ਰੋਮ ਚੁੱਪ ਅਤੇ ਉਦਾਸ ਸੀ । ਚੁੱਪ, ਸਿਆਣਪ ਦਾ ਲੱਛਣ ਹੁੰਦੀ ਹੈ। ਵਿਸ਼ਾਲ ਅਤੇ ਡੂੰਘੇ ਗਿਆਨ ਅਤੇ ਸਿਆਣਪ ਲਈ ਚੁੱਪ ਅਤੇ ਇਕਾਂਤ ਜ਼ਰੂਰੀ ਹੁੰਦਾ ਹੈ। ਚੁੱਪ ਅਤੇ ਇਕਾਂਤ ਦਾ ਅਰਥ ਇਹ ਨਹੀਂ ਕਿ ਅਸੀਂ ਸੰਸਾਰ ਤੋਂ ਕਿਨਾਰਾ ਕਰ ਲਈਏ ਸਗੋਂ ਸਿਆਣਪ ਇਹ ਜਾਣਨਾ ਹੁੰਦੀ ਹੈ ਕਿ ਨੀਵੀਆਂ ਖਿੱਚਾਂ ਤੋਂ ਮੁਕਤ ਹੋਏ ਬਿਨਾਂ ਉੱਚੀਆਂ ਉਡਾਰੀਆਂ ਸੰਭਵ ਨਹੀਂ ਹੁੰਦੀਆਂ।

ਅਕਲ, ਗਿਆਨ ਅਤੇ ਸਿਆਣਪ ਨੂੰ ਵਿਹਾਰਕ ਪੱਖ ਤੋਂ ਵੀ ਵਿਚਾਰਨ ਦੀ ਲੋੜ ਹੈ। ਸਧਾਰਨ ਲੋਕ ਸਮਝਦੇ ਹਨ ਕਿ ਪ੍ਰਚਲਿਤ ਵਿਚਾਰ ਹੀ ਠੀਕ ਹਨ, ਸੋ ਪ੍ਰਚਲਿਤ ਵਿਚਾਰਾਂ ਦਾ ਵਿਰੋਧ ਕਰਨ ਵਾਲਾ ਗਿਆਨ, ਉਨ੍ਹਾਂ ਨੂੰ ਚੰਗਾ ਨਹੀਂ ਲਗਦਾ।

ਗਿਆਨ ਗ੍ਰਹਿਣ ਕਰਨਾ ਜਾਂ ਬੁੱਧੀ ਨੂੰ ਵਰਤਣਾ ਸੌਖਾ ਕਾਰਜ ਨਹੀਂ ਹੁੰਦਾ, ਇਸੇ ਕਰਕੇ ਗਿਆਨ ਦੇਣ ਵਾਲੇ ਦੇ ਮੁਕਾਬਲੇ ਅਸੀਂ ਗਾਉਣ ਵਾਲਿਆਂ ਨੂੰ ਵਧੇਰੇ ਧਿਆਨ ਅਤੇ ਮੋਹ ਨਾਲ ਸੁਣਦੇ ਹਾਂ। ਅਸੀਂ ਗੰਭੀਰ ਹੋਣ ਤੋਂ ਘਬਰਾਉਂਦੇਹਾਂ, ਜਿਸ ਕਰਕੇ ਅਸੀਂ ਆਪਣਾ ਬਹੁਤਾ ਸਮਾਂ ਵਿਅਰਥ ਹੀ ਗੁਆ ਦਿੰਦੇ ਹਾਂ। ਕਈਆਂ ਨੂੰ ਭੁਲੇਖਾ ਹੁੰਦਾ ਹੈ ਕਿ ਉਹ ਰੋਜ਼ ਅਖਬਾਰ ਪੜ੍ਹਦੇ ਹਨ, ਸੋ ਉਹ ਰੋਜ਼ ਗਿਆਨ ਪ੍ਰਾਪਤ ਕਰਦੇ ਹਨ।

ਜਾਣਨਾ ਜ਼ਰੂਰੀ ਹੈ ਕਿ ਸਮਾਚਾਰ-ਪੱਤਰ ਸੂਚਨਾ ਹੀ ਦਿੰਦੇ ਹਨ। ਰਸਾਲਿਆਂ ਆਦਿ ਤੋਂ ਸਾਨੂੰ ਵਿਚਾਰ ਮਿਲਦੇ ਹਨ, ਜਦੋਂ ਕਿ ਗਿਆਨ, ਪੁਸਤਕਾਂ ਪੜ੍ਹਨ ਅਤੇ ਸਿਆਣਿਆਂ ਨੂੰ ਸੁਣਨ ਨਾਲ ਹੀ ਪ੍ਰਾਪਤ ਹੁੰਦਾ ਹੈ।

ਮੁੱਖ ਤੌਰ ਤੇ ਪੁਸਤਕਾਂ ਵੀ, ਜੇ ਨਿਗਰਾਨੀ ਤੋਂ ਬਿਨਾ ਆਪੇ ਪੜ੍ਹੀਆਂ ਜਾਣ ਤਾਂ ਇਹ ਅਕਸਰ ਨਵਾਂ ਗਿਆਨ ਉਪਜਾਉਂਦੀਆਂ ਨਹੀਂ, ਪ੍ਰਾਪਤ ਗਿਆਨ ਨੂੰ ਵਧਾਉਂਦੀਆਂ ਹੀ ਹਨ। ਗਿਆਨ ਪ੍ਰਾਪਤੀ ਲਈ ਕਿਸੇ ਸੰਸਥਾ ਵਿਚ ਦਾਖਲ ਹੋਣਾ ਪਵੇਗਾ ਅਤੇ ਉਸ ਉਪਰੰਤ ਗਿਆਨ ਨਾਲ ਜੁੜੇ ਰਹਿਣ ਵਾਸਤੇ ਆਪ ਪੁਸਤਕਾਂ ਪੜ੍ਹਨੀਆਂ ਪੈਣਗੀਆਂ।

ਜਦੋਂ ਕਿਸੇ ਪੁਸਤਕ ਨੂੰ ਅਸੀਂ ਦੁਬਾਰਾ ਪੜ੍ਹਦੇ ਹਾਂ ਤਾਂ ਪੁਸਤਕ ਵਿਚੋਂ ਉਤਨਾ ਹੀ ਉਪਜਦਾ ਹੈ, ਜਿਤਨਾ ਪਹਿਲੀ ਵਾਰ ਉਪਜਿਆ ਸੀ ਪਰ ਅਨੁਭਵ ਅਤੇ ਉਮਰ ਦੇ ਵੱਧਣ ਕਰਕੇ ਸਾਡੇ ਆਪਣੇ ਆਪ ਵਿਚੋਂ ਵਧੇਰੇ ਉਪਜਦਾ ਹੈ।

ਮਹਾਨ ਪੁਸਤਕਾਂ ਦੇ ਪੂਰੇ ਅਰਥ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਬਾਰ-ਬਾਰ ਪੜ੍ਹਨਾ ਪੈਂਦਾ ਹੈ। ਮਹਾਨ ਪੁਸਤਕਾਂ ਦੀ ਸੰਪੂਰਣ ਸਮੀਖਿਆ-ਵਿਆਖਿਆ ਨਹੀਂ ਕੀਤੀ ਜਾ ਸਕਦੀ, ਲੱਖਾਂ ਯਤਨ ਹੋਏ ਹਨ ਪਰ ਸਭ ਅਧੂਰੇ ਹਨ।

ਸਿਆਣਿਆਂ ਦੀਆਂ ਗੱਲਾਂ ਦੇ ਅਰਥਾਂ ਦੀਆਂ ਕਈ ਪਰਤਾਂ ਹੁੰਦੀਆਂ ਹਨ ਅਤੇ ਜਿਉਂ-ਜਿਉਂ ਅਸੀਂ ਅਰਥਾਂ ਦੀਆਂ ਮੰਜ਼ਲਾਂ ਚੜ੍ਹਦੇ ਜਾਂਦੇ ਹਾਂ, ਤਿਉਂ-ਤਿਉਂ ਅਸੀਂ ਪ੍ਰਸੰਨ ਅਤੇ ਸੰਤੁਸ਼ਟ ਹੁੰਦੇ ਜਾਂਦੇ ਹਾਂ।

ਸੰਸਾਰ ਵਿਚ ਮਨੁੱਖ ਦਾ ਮੁੱਖ ਉਦੇਸ਼ ਪ੍ਰਸੰਨ ਹੋਣਾ ਹੈ, ਜਦੋਂ ਕਿ ਗਿਆਨ ਸਾਨੂੰ ਸੰਤੁਸ਼ਟ ਹੀ ਕਰਦਾ ਹੈ। ਇਸ ਸੰਤੁਸ਼ਟਤਾ ਵਿਚ ਪ੍ਰਸੰਨਤਾ ਹੁੰਦੀ ਹੈ। ਇਵੇਂ ਅਕਲ ਜਾਂ ਗਿਆਨ ਸਾਨੂੰ ਸਿੱਧੇ ਰੂਪ ਵਿਚ ਨਹੀਂ, ਅਸਿੱਧੇ ਰੂਪ ਵਿਚ ਪ੍ਰਸੰਨ ਕਰਦੇ ਹਨ।

ਗਿਆਨ ਨਾਲ ਸਮੱਸਿਆਵਾਂ ਅਤੇ ਮੁਸ਼ਕਿਲਾਂ ਹੱਲ ਕੀਤੀਆਂ ਜਾਂਦੀਆਂ ਹਨ, ਇਨ੍ਹਾਂ ਨੂੰ ਹੱਲ ਕਰਨ ਵਿਚੋਂ ਪ੍ਰਸੰਨਤਾ ਮਿਲਦੀ ਹੈ। ਜਦੋਂ ਦਿਮਾਗ ਕੋਲ ਕੋਈ ਸਮੱਸਿਆ ਹੁੰਦੀ ਹੈ ਤਾਂ ਮਨੁੱਖ ਚੁੱਪ ਹੋ ਕੇ ਉਸ ਨੂੰ ਸੁਲਝਾਉਣ ਵਿਚ ਰੁੱਝ ਜਾਂਦਾ ਹੈ। ਰੁਝਿਆ ਹੋਇਆ ਮਨੁੱਖ, ਨਿਮਰ ਅਤੇ ਸੰਤੁਸ਼ਟ ਹੁੰਦਾ ਹੈ।

ਜਦੋਂ ਕਿਸੇ ਸਮੱਸਿਆ 'ਤੇ ਮਨ ਇਕਾਗਰ ਹੋ ਜਾਵੇ ਤਾਂ ਉਸ ਨੂੰ ਹੱਲ ਕਰਨ ਦੀ ਸਮੁੱਚੀ ਵਿਉਂਤ ਸਪੱਸ਼ਟ ਹੋ ਜਾਂਦੀ ਹੈ।

ਇਕ ਫਿਲਮ ਬਣਾਉਣ ਦੀ ਪੂਰੀ ਵਿਉਂਤ ਮਨ ਵਿਚ ਸਪੱਸ਼ਟ ਹੋ ਜਾਣ ਉਪਰੰਤ ਇਕ ਮਾਹਿਰ ਅਤੇ ਸਿਆਣੇ ਡਾਇਰੈਕਟਰ ਨੇ ਕਿਹਾ ਸੀ: ਫਿਲਮ ਤਿਆਰ ਹੈ, ਬਸ ਸ਼ੂਟਿੰਗ ਦਾ ਕੰਮ ਬਾਕੀ ਹੈ।

ਜੇ ਢੇਰ ਸਾਰਾ ਅਰਥ-ਪੂਰਨ ਅਤੇ ਮਹੱਤਵਪੂਰਨ ਕੰਮ ਹੋਵੇ ਅਤੇ ਕੰਮ ਕਰਨ ਦਾ ਮਨ ਹੋਵੇ ਤਾਂ ਪ੍ਰਸੰਨਤਾ ਹੀ ਨਹੀਂ, ਆਨੰਦ ਵੀ ਮਿਲੇਗਾ। ਯਾਦ ਰੱਖਣ ਵਾਲੀ ਗਲ ਇਹ ਹੈ ਕਿ ਆਨੰਦ ਜਦੋਂ ਵੀ ਮਿਲੇਗਾ, ਕੁਝ ਕਰਨ ਨਾਲ ਹੀ ਮਿਲੇਗਾ। ਕੰਮ ਵਿਚ ਰੁਝਿਆ ਮਨ ਵਧੇਰੇ ਸ਼ਕਤੀ ਉਪਜਾਉਂਦਾ ਹੈ। ਜਿਨ੍ਹਾਂ ਕੋਲ ਕੰਮ ਹੁੰਦਾ ਹੈ, ਉਨ੍ਹਾਂ ਨੂੰ ਸਵੱਖਤੇ ਉੱਠਣ ਵਿਚ ਔਖ ਨਹੀਂ ਹੁੰਦੀ ਕਿਉਂਕਿ ਉਹ ਜਾਣਦੇ ਹਨ ਕਿ ਜਦੋਂ ਕੰਮ ਹੋ ਜਾਵੇਗਾ, ਥਕਾਵਟ ਲਹਿ ਜਾਵੇਗੀ, ਰੱਜ ਆ ਜਾਵੇਗਾ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਧੇਰੇ ਸੰਤੁਸ਼ਟ ਜੀਵਨ ਗੁਜ਼ਾਰਦੀਆਂ ਹਨ, ਕਿਉਂਕਿ ਉਹ ਵਧੇਰੇ ਕੰਮਾਂ ਨੂੰ ਨਿਪਟਾਉਂਦੀਆਂ ਹਨ।

ਜੇ ਮਨ ਪ੍ਰਸੰਨ ਹੋਵੇ ਤਾਂ ਵਰਤ ਵਿਚੋਂ ਵੀ ਸੁਆਦ ਆਉਣ ਲੱਗ ਪੈਂਦਾ ਹੈ। ਉਂਝ ਤਾਂ ਪ੍ਰਸੰਨਤਾ ਹਰ ਥਾਂ ਸੰਭਵ ਹੋ ਸਕਦੀ ਹੈ ਪਰ ਘਰ ਵਿਚ ਇਹ ਵਧੇਰੇ ਸੰਭਵ ਹੁੰਦੀ ਹੈ। ਬਾਹਰ ਉਚੇਚ ਹੁੰਦਾ ਹੈ, ਘਰ ਵਿਚ ਉਚੇਚ ਨਹੀਂ ਹੁੰਦਾ, ਇਸ ਕਰਕੇ ਬਾਹਰ ਦੇ ਮੁਕਾਬਲੇ, ਘਰ ਵਿਚ ਅਸੀਂ ਵਧੇਰੇ ਪ੍ਰਸੰਨ ਹੁੰਦੇ ਹਾਂ।

ਜਦੋਂ ਕੋਈ ਕਾਰੀਗਰ ਓਵਰਟਾਈਮ ਲਾ ਕੇ ਘਰ ਦੇ ਜੀਆਂ ਲਈ ਫਲ ਲਿਆਉਂਦਾ ਹੈ ਤਾਂ ਉਸ ਨੂੰ ਪ੍ਰਸੰਨਤਾ ਫਲਾਂ ਵਿਚੋਂ ਨਹੀਂ, ਆਪਣੇ ਸਿਆਣੇ ਵਿਹਾਰ ਵਿਚੋਂ ਮਿਲੇਗੀ। ਜਦੋਂ ਪਤਨੀ, ਪਤੀ ਨੂੰ ਦਸ ਬਿਨਾ, ਫੁਲਕੇ ਦੀ ਥਾਂ ਪਰੌਂਠਾ ਪਰੋਸਦੀ ਹੈ ਤਾਂ ਪ੍ਰਸੰਨਤਾ ਉਸ ਦੀ ਅਕਲ ਵਿਚ ਹੁੰਦੀ ਹੈ, ਜਿਸ ਨਾਲ ਉਸ ਨੇ ਪਰੌਂਠਾ ਬਣਾਉਣ ਦਾ ਨਿਰਣਾ ਕੀਤਾ ਸੀ।

ਖੁਸ਼ਹਾਲ ਘਰਾਂ ਵਿਚ ਮਿਹਨਤੀ ਪਤੀ ਦੀ ਅਕਲ ਨੂੰ ਸਲੀਕ ਵਾਲੀ ਪਤਨੀ ਦੀ ਸਿਆਣਪ ਨਿਰੰਤਰ ਤਾਲ ਦਿੰਦੀ ਰਹਿੰਦੀ ਹੈ। ਜਿਹੜੇ ਨਿਰਣੇ ਮਨੁੱਖ ਜਾਤੀ ਦੀ ਸਮੁੱਚੀ ਸਿਆਣਪ ਨੇ ਕਰ ਦਿੱਤੇ ਹਨ, ਉਨ੍ਹਾਂ ਉਤੇ ਅਕਲ ਖਰਚਣ ਦੀ ਲੋੜ ਨਹੀਂ ਹੁੰਦੀ।

ਸਿਆਣਿਆਂ ਅਤੇ ਮੂਰਖਾਂ ਦੇ ਲੱਛਣ ਪੂਰਨ-ਭਾਂਤ ਸਪੱਸ਼ਟ ਹੋ ਚੁੱਕੇ ਹਨ। ਅਕਲਮੰਦ ਨਾਲ ਬਹਿਸ ਕਰਨੀ, ਗਿਆਨਵਾਨ 'ਤੇ ਰੋਹਬ ਪਾਉਣਾ, ਸਿਆਣਿਆਂ ਅੱਗੇ ਸ਼ਾਨ ਵਿਖਾਉਣੀ, ਬੱਚਿਆਂ 'ਤੇ ਧੌਂਸ ਜਮਾਉਣੀ ਅਤੇ ਇਸਤਰੀ ਨਾਲ ਲੜਨਾ, ਮੂਰਖਾਂ ਦੇ ਲੱਛਣ ਹੁੰਦੇ ਹਨ, ਜਦੋਂ ਕਿ ਸਿਆਣੇ ਦੋਸਤ ਅਤੇ ਗਿਆਨਵਾਨ ਅਧਿਆਪਕ ਵਰਗੀ ਕੋਈ ਸੌਗਾਤ ਨਹੀਂ ਹੁੰਦੀ।

ਜੇ ਤੁਸੀਂ ਆਪਣੀ ਅਕਲ ਨੂੰ ਉਸਾਰੂ ਕੰਮਾਂ ਲਈ ਵਰਤੋਗੇ ਤਾਂ ਚੰਗੇ ਅਤੇ ਲਾਹੇਵੰਦੇ ਸਿੱਟੇ ਹੀ ਨਿਕਲਣਗੇ।

ਵੇਖਿਆ ਗਿਆ ਹੈ ਕਿ ਪੱਛੜੇ ਸਮਾਜਾਂ ਦੇ ਲੋਕ ਆਪਸੀ ਲਾਗਬਾਜ਼ੀ ਕਾਰਨ, ਆਪਣੀ ਅਕਲ ਵਰਤਣ ਤੋਂ ਇਨਕਾਰੀ ਹੁੰਦੇ ਹਨ ਅਤੇ ਗਿਆਨ ਦੇ ਮਾਰਗ 'ਤੇ ਪੈਣ ਵਿਚ ਪੱਛੜ ਜਾਂਦੇ ਹਨ ਅਤੇ ਇਵੇਂ ਉਨ੍ਹਾਂ ਦੀ ਪਛਾਣ ਜਾਂ ਸ਼ਖ਼ਸੀਅਤ ਨਹੀਂ ਉਘੜਦੀ। ਤੁਹਾਡੀ ਸ਼ਖ਼ਸੀਅਤ, ਰੰਗ-ਰੂਪ, ਕੱਪੜਿਆਂ ਅਤੇ ਨੈਣ-ਨਕਸ਼ਾਂ ਨਾਲ ਕੋਈ ਦਰਵਾਜ਼ਾ ਖੁੱਲ੍ਹ ਤਾਂ ਜਾਵੇਗਾ ਪਰ ਉਹ ਖੁਲ੍ਹਿਆ ਤੁਹਾਡੀ ਅਕਲ ਅਤੇ ਸਿਆਣਪ ਅਤੇ ਚਰਿਤਰ ਦੀ ਮਜ਼ਬੂਤੀ ਨਾਲ ਹੀ ਰਹੇਗਾ।

ਗਿਆਨ ਦੇ ਮਾਰਗ 'ਤੇ ਇਕ ਪੜਾਓ ਆ ਜਾਂਦਾ ਹੈ, ਜਿਥੇ ਅੱਖ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਹਾਲਤ ਵਿਚ ਬਹੁਤੇ ਮਾਯੂਸ ਹੋ ਕੇ ਅੱਧ ਵਿਚਾਲੇ ਹੀ ਮੈਦਾਨ ਛੱਡ ਜਾਂਦੇ ਹਨ। ਉਹ ਇਕ ਵਾਰੀ ਫੇਲ੍ਹ ਹੁੰਦੇ ਹਨ ਅਤੇ ਪੜ੍ਹਾਈ ਤਿਆਗ ਦਿੰਦੇ ਹਨ।

ਲੋੜ ਇਸ ਔਖ ਵਿਚ ਆਪਣੇ ਆਪ ਨੂੰ ਸੰਭਾਲਣ ਦੀ ਹੁੰਦੀ ਹੈ। ਬਾਹਰ ਵੇਖੋ, ਅਨੇਕਾਂ ਨਾਲ ਦੁਖਾਂਤ ਵਾਪਰਿਆ ਹੈ, ਉਨ੍ਹਾਂ ਨੇ ਹਿੰਮਤ ਕੀਤੀ ਹੈ ਅਤੇ ਮੁੜ ਆਪਣੇ ਪੈਰਾਂ ਤੇ ਖੜੇ ਹੋਏ ਹਨ। ਤੁਸੀਂ ਵੀ ਉਸਾਰੂ ਵਿਚਾਰਾਂ ਦੀ ਦੌਲਤ ਇਕੱਠੀ ਕਰੋ, ਮੁੜ ਨਵੇਂ ਸਿਰਿਓਂ ਯਤਨ ਕਰੋ, ਸਫਲਤਾ ਮਿਲੇਗੀ।

ਜਦੋਂ ਤੁਸੀਂ ਨਿਰੰਤਰ ਯਤਨਾਂ ਨਾਲ ਅਕਲਮੰਦ, ਗਿਆਨਵਾਨ ਅਤੇ ਸਿਆਣੇ ਬਣ ਜਾਓਗੇ ਤਾਂ ਤੁਸੀਂ ਕਿਸੇ ਨੂੰ ਨਹੀਂ ਉਡੀਕੋਗੇ, ਸਾਰੇ ਤੁਹਾਨੂੰ ਉਡੀਕਣਗੇ । ਸੰਸਾਰ ਨੂੰ ਨਵੇਂ ਵਿਚਾਰਾਂ ਨਾਲ ਪਰਖੋ ਅਤੇ ਦੁਨੀਆਂ ਨੂੰ ਨਵੀਆਂ ਅੱਖਾਂਨਾਲ ਵੇਖੋ, ਤੁਹਾਡਾ ਭਵਿੱਖ ਬਦਲ ਜਾਵੇਗਾ। ਸ਼ੀਸ਼ੇ ਵਿਚ ਹੀ ਨਾ ਵੇਖੀ ਜਾਓ, ਬਾਰੀ ਤੋਂ ਬਾਹਰ ਵੀ ਵੇਖੋ। ਆਪਣੀ ਜ਼ਿੰਦਗੀ ਦਾ ਉਦੇਸ਼ ਮਿਥੋ ਕਿ ਅਸੀਂ ਆਟੋਗ੍ਰਾਫ ਲੈਣ ਵਾਲੇ ਨਹੀਂ,ਆਟੋਗ੍ਰਾਫ ਦੇਣ ਵਾਲੇ ਬਣਨਾ ਹੈ।

-0-

# ਸਤਾਰਾਂ ਹਜ਼ਾਰ ਨਹਿਰੀ ਖਾਲ਼ੇ ਹੋਏ 'ਗ਼ਾਇਬ'.. !

**-ਚਰਨਜੀਤ ਭੁੱਲਰ**

**ਚੰਡੀਗੜ੍ਹ:** ਨਹਿਰੀ ਪਾਣੀ ਦੀ ਵਰਤੋਂ ਤੋਂ ਪਾਸਾ ਵੱਟਣ ਦਾ ਨਤੀਜਾ ਹੈ ਕਿ ਪੰਜਾਬ ਵਿਚ ਕਰੀਬ 17 ਹਜ਼ਾਰ ਨਹਿਰੀ ਖਾਲੇ ਹੀ 'ਗ਼ਾਇਬ' ਹੋ ਗਏ ਹਨ। ਮੁਫ਼ਤ ਬਿਜਲੀ ਦੀ ਸਹੂਲਤ ਨੇ ਕਿਸਾਨਾਂ ਨੂੰ ਨਹਿਰੀ ਪਾਣੀ ਤੋਂ ਦੂਰ ਕਰ ਦਿੱਤਾ ਹੈ। ਇੱਕ ਪਾਸੇ ਕਿਸਾਨਾਂ ਨੇ ਨਹਿਰੀ ਪਾਣੀ ਨੂੰ ਨੱਕਾ ਮਾਰ ਦਿੱਤਾ, ਦੂਜੇ ਪਾਸੇ ਜ਼ਮੀਨ ਹੇਠੋਂ ਅੰਨ੍ਹੇਵਾਹ ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਹੈ। ਹਕੂਮਤਾਂ ਨੇ ਨਹਿਰੀ ਢਾਂਚੇ ਤੋਂ ਮੂੰਹ ਫੇਰ ਲਿਆ ਅਤੇ ਹੌਲੀ-ਹੌਲੀ ਇਸ ਢਾਂਚੇ ਦੀ ਆਖ਼ਰੀ ਕੜੀ 'ਨਹਿਰੀ ਖਾਲੇ' ਆਪਣਾ ਵਜੂਦ ਹੀ ਗੁਆ ਬੈਠੇ ਹਨ। ਸਿੰਜਾਈ ਮਹਿਕਮੇ ਨੇ ਹੁਣ ਜਦੋਂ ਨਹਿਰੀ ਖਾਲਿਆਂ ਦੀ ਬਹਾਲੀ ਦੀ ਕਾਰਵਾਈ ਸ਼ੁਰੂ ਕੀਤੀ ਹੈ ਤਾਂ ਹੈਰਾਨੀ ਭਰੇ ਤੱਥ ਸਾਹਮਣੇ ਆਏ ਹਨ। ਪੰਜਾਬ ਵਿਚ ਕੁੱਲ 47,025 ਨਹਿਰੀ ਖਾਲੇ ਸ਼ਨਾਖ਼ਤ ਕੀਤੇ ਗਏ ਹਨ ਜਿਨ੍ਹਾਂ 'ਚੋਂ 16,892 ਨਹਿਰੀ ਖਾਲੇ 'ਗ਼ਾਇਬ' ਪਾਏ ਗਏ ਹਨ। ਇਨ੍ਹਾਂ 'ਗ਼ਾਇਬ' ਖਾਲਿਆਂ ਨੂੰ ਹੁਣ ਲੱਭਿਆ ਜਾ ਰਿਹਾ ਹੈ। ਜਦੋਂ ਇਹ ਅਧਿਐਨ ਹੋਇਆ ਤਾਂ ਪਤਾ ਲੱਗਾ ਕਿ ਜਿੱਥੇ ਨਹਿਰੀ ਪਾਣੀ ਦੀ ਵਰਤੋਂ ਸਭ ਤੋਂ ਘੱਟ ਹੈ, ਉੱਥੇ ਜ਼ਮੀਨੀ ਪਾਣੀ ਸਭ ਤੋਂ ਵੱਧ ਡੂੰਘਾ ਹੈ।

ਪੰਜਾਬ ਵਿਚ ਇਸ ਵੇਲੇ ਕਰੀਬ 100 ਲੱਖ ਏਕੜ ਰਕਬਾ ਖੇਤੀ ਹੇਠ ਹੈ, ਜਿਸ 'ਚੋਂ 78.76 ਲੱਖ ਏਕੜ ਨੂੰ ਪਾਲਣ ਲਈ ਨਹਿਰੀ ਢਾਂਚਾ ਮੌਜੂਦ ਹੈ ਪਰ ਇਸ 'ਚੋਂ ਸਿਰਫ਼ 38.78 ਲੱਖ ਏਕੜ ਰਕਬੇ ਨੂੰ ਹੀ ਨਹਿਰੀ ਪਾਣੀ ਲੱਗ ਰਿਹਾ ਹੈ। ਮਤਲਬ ਕਿ ਖੇਤੀ ਸੈਕਟਰ 'ਚ ਸਿਰਫ਼ 38.78 ਫ਼ੀਸਦੀ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ। ਪੰਜਾਬ ਵਿੱਚ ਕਰੀਬ ਸਵਾ ਲੱਖ ਕਿਲੋਮੀਟਰ ਨਹਿਰੀ ਖਾਲੇ ਹਨ, ਜਿਨ੍ਹਾਂ 'ਚੋਂ ਕਰੀਬ 60 ਹਜ਼ਾਰ ਕਿਲੋਮੀਟਰ ਨਹਿਰੀ ਖਾਲੇ ਪੱਕੇ ਹਨ। ਤਾਜ਼ਾ ਵੇਰਵਿਆਂ ਅਨੁਸਾਰ ਮਾਧੋਪੁਰ ਨਹਿਰ ਦੇ ਪਾਣੀ ਦੀ ਮਾਝੇ ਵਿਚ 8.19 ਫ਼ੀਸਦੀ ਅਤੇ ਜੰਡਿਆਲਾ ਕਨਾਲ ਦੇ ਪਾਣੀ ਦੀ 10.72 ਫ਼ੀਸਦੀ ਵਰਤੋਂ ਹੋ ਰਹੀ ਹੈ। ਬਿਸਤ ਦੁਆਬ ਕਨਾਲ ਦਾ ਦੁਆਬੇ ਵਿੱਚ 9.45 ਫ਼ੀਸਦੀ ਰਕਬੇ ਵਿਚ ਪਾਣੀ ਲੱਗ ਰਿਹਾ ਹੈ। ਮਾਝੇ ਅਤੇ ਦੁਆਬੇ ਤੋਂ ਇਲਾਵਾ ਪਟਿਆਲਾ, ਸੰਗਰੂਰ, ਬਰਨਾਲਾ ਅਤੇ ਫ਼ਤਹਿਗੜ੍ਹ ਸਾਹਿਬ ਵਿਚ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਹੋ ਰਹੀ ਹੈ। ਦੂਸਰੇ ਪਾਸੇ ਅਬੋਹਰ ਕਨਾਲ ਸੌ ਫ਼ੀਸਦੀ ਰਕਬਾ ਅਤੇ ਮਾਨਸਾ ਨਹਿਰ ਦੇ ਪਾਣੀ ਨਾਲ 98.06 ਫ਼ੀਸਦੀ ਨਹਿਰੀ ਪਾਣੀ ਦੀ ਸਿੰਜਾਈ ਹੋ ਰਹੀ ਹੈ।



ਸੰਗਰੂਰ ਕਨਾਲ ਡਵੀਜ਼ਨ ਵਿਚ 4.03 ਲੱਖ ਨਹਿਰੀ ਪਾਣੀ ਅਧੀਨ ਰਕਬੇ 'ਚੋਂ 2.27 ਲੱਖ ਏਕੜ ਨੂੰ ਨਹਿਰੀ ਪਾਣੀ ਲੱਗਦਾ ਹੈ। ਸਿੰਜਾਈ ਮਹਿਕਮੇ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਢਹਿ ਚੁੱਕੇ ਨਹਿਰੀ ਖਾਲ਼ਿਆਂ 'ਚੋਂ 11,574 ਖਾਲ਼ਿਆਂ ਨੂੰ ਬਹਾਲ ਕਰ ਦਿੱਤਾ ਹੈ। ਨਹਿਰ ਮਹਿਕਮਾ ਬਹੁਤੇ ਥਾਵਾਂ 'ਤੇ ਕੱਚੇ ਖਾਲ਼ੇ ਬਹਾਲ ਕਰ ਰਿਹਾ ਹੈ। ਸਿੰਜਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਇਸੇ ਪਾਸੇ ਕੁੱਦੇ ਹੋਏ ਹਨ। ਪਿਛਾਂਹ ਦੇਖੀਏ ਤਾਂ 1970 ਵਿਚ 60 ਫ਼ੀਸਦੀ ਰਕਬਾ

# ਆਖਰਕਾਰ ਕਿਸਮਤ ਨੇ ਫੈਸਲਾ ਲੈ ਹੀ ਲਿਆ

ਦੱਖਣੀ ਅਫਰੀਕਾ ਦੀ ਰਾਜਧਾਨੀ ਕੇਪ ਟਾਊਨ ਨੂੰ ਦੁਨੀਆਂ ਦਾ ਪਹਿਲਾ ਪਾਣੀ ਰਹਿਤ ਸ਼ਹਿਰ ਘੋਸ਼ਿਤ ਕੀਤਾ ਗਿਆ ਹੈ ਕਿਉਂਕਿ ਇਸਦੀ ਸਰਕਾਰ ਨੇ 14 ਅਪ੍ਰੈਲ, 2023 ਤੋਂ ਬਾਅਦ ਪਾਣੀ ਦੀ ਸਪਲਾਈ ਕਰਨ ਵਿੱਚ ਅਸਮਰੱਥਾ ਦਿਖਾਈ ਹੈ।

ਉੱਥੇ ਨਹਾਉਣ ਦੀ ਮਨਾਹੀ ਹੈ।

10 ਲੱਖ ਲੋਕਾਂ ਦੇ ਕੁਨੈਕਸ਼ਨ ਕੱਟਣ ਦੀ ਤਿਆਰੀ ਚੱਲ ਰਹੀ ਹੈ।

ਜਿਸ ਤਰ੍ਹਾਂ ਭਾਰਤ 'ਚ ਪੈਟਰੋਲ ਪੰਪ 'ਤੇ ਜਾ ਕੇ ਪੈਟਰੋਲ ਖਰੀਦਿਆ ਜਾਂਦਾ ਹੈ, ਉਸੇ ਤਰ੍ਹਾਂ ਕੇਪਟਾਊਨ 'ਚ ਪਾਣੀ ਦੇ ਟੈਂਕਰ ਲੱਗਣਗੇ ਜਿੱਥੇ 25 ਲੀਟਰ ਪਾਣੀ ਮਿਲੇਗਾ, ਜ਼ਿਆਦਾ ਪਾਣੀ ਮੰਗਣ ਵਾਲਿਆਂ ਨਾਲ ਨਜਿੱਠਣ ਲਈ ਪੁਲਸ ਅਤੇ ਫੌਜ ਦੇ ਜਵਾਨ ਤਾਇਨਾਤ ਕੀਤੇ ਗਏ ਹਨ। ਤਾਕੀ ਕੋਈ ਪਾਣੀ ਲੁੱਟ ਨਾ ਸਕੇ

ਸੰਸਾਰ ਦੀ ਇਹ ਦੁਖਦਾਈ ਯਾਤਰਾ ਆਖਿਰਕਾਰ ਕਿਸੇ ਵੀ ਮੁਲਕ ਤੇ ਆਵੇਗੀ, ਇਸ ਲਈ ਪਾਣੀ ਦੀ ਸੰਜਮ ਨਾਲ ਵਰਤੋਂ ਕਰੋ।

ਪਾਣੀ ਬਰਬਾਦ ਕਰਨਾ ਬੰਦ ਕਰੋ, ਅਸੀਂ ਰੇਲ ਰਾਹੀਂ ਲਾਤੂਰ (ਮਹਾਰਾਸ਼ਟਰ) ਨੂੰ ਪਾਣੀ ਭੇਜਦੇ ਵੀ ਦੇਖਿਆ ਹੈ।

ਦੁਨੀਆ ਦਾ ਸਿਰਫ 2.7% ਪਾਣੀ ਪੀਣ ਯੋਗ ਹੈ।

ਸਮੂਹ ਮੈਂਬਰਾਂ ਨੂੰ ਅਪੀਲ !!

ਸਾਰੇ ਨੇੜਲੇ ਡੈਮਾਂ ਵਿੱਚ ਪਾਣੀ ਦਾ ਪੱਧਰ ਘਟਣ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੋ ਗਿਆ ਹੈ।

ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਅਸੀਂ ਪਾਣੀ ਦੀ ਬਰਬਾਦੀ ਨੂੰ ਰੋਕ ਕੇ ਪਾਣੀ ਦੀ ਬੱਚਤ ➡

ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਸੀ ਅਤੇ ਖੇਤੀ ਟਿਊਬਵੈੱਲਾਂ ਦੀ ਗਿਣਤੀ 1.92 ਲੱਖ ਸੀ। ਹੁਣ ਸਿਰਫ਼ 38.78 ਫ਼ੀਸਦੀ ਰਕਬਾ ਨਹਿਰੀ ਪਾਣੀ ਹੇਠ ਹੈ। ਇਸ ਮੌਕੇ ਖੇਤੀ ਟਿਊਬਵੈੱਲਾਂ ਦੀ ਗਿਣਤੀ 14.50 ਲੱਖ ਦੇ ਕਰੀਬ ਹੈ। ਪੰਜਾਬ 'ਚ ਇਸ ਵੇਲੇ ਪੰਜ ਹੈੱਡ ਵਰਕਸ ਹਨ ਅਤੇ 10 ਮੁੱਖ ਨਹਿਰਾਂ ਹਨ ਜਿਨ੍ਹਾਂ ਦੀ ਲੰਬਾਈ 14,500 ਕਿਲੋਮੀਟਰ ਹੈ। ਫ਼ੀਲਡ ਅਧਿਕਾਰੀ ਦੱਸਦੇ ਹਨ ਕਿ ਖੇਤਾਂ ਵਿਚ ਜਿੱਥੇ ਕਿਤੇ ਪੱਕੇ ਖਾਲ ਢਹਿ-ਢੇਰੀ ਹੋ ਗਏ ਹਨ, ਉਨ੍ਹਾਂ ਖਾਲਿਆਂ ਦੇ ਰਕਬੇ ਨੂੰ ਕਿਸਾਨਾਂ ਨੇ ਆਪਣੇ ਖੇਤਾਂ ਵਿਚ ਹੀ ਸ਼ਾਮਲ ਕਰ ਲਿਆ ਹੈ। ਇਹ ਵੀ ਦੱਸਿਆ ਕਿ ਜਦ ਖਾਲ਼ਿਆਂ ਵਿਚ ਲੰਮੇ ਸਮੇਂ ਤੋਂ ਨਹਿਰੀ ਪਾਣੀ ਹੀ ਨਾ ਪਹੁੰਚਿਆ ਤਾਂ ਕਿਸਾਨਾਂ ਨੇ ਇਨ੍ਹਾਂ ਖਾਲ਼ਿਆਂ ਨੂੰ ਅੜਿੱਕਾ ਸਮਝਿਆ ਅਤੇ ਉਨ੍ਹਾਂ ਦਾ ਵਜੂਦ ਹੀ ਖ਼ਤਮ ਕਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਕਿ ਉਹ ਹਰ ਖੇਤ ਤੱਕ ਪਾਣੀ ਪੁੱਜਦਾ ਕਰਨਗੇ। ਉਹ ਆਖ ਚੁੱਕੇ ਕਿ ਅਬੋਹਰ ਫ਼ਾਜ਼ਿਲਕਾ ਦੀਆਂ ਟੇਲਾਂ 'ਤੇ ਪਹਿਲੀ ਵਾਰ ਨਹਿਰੀ ਪਾਣੀ ਪਹੁੰਚਿਆ ਹੈ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਦੇ ਇੱਕ ਪ੍ਰਾਜੈਕਟ ਦੇ 477 ਕਰੋੜ ਰੁਪਏ ਦੀ ਰਾਸ਼ੀ ਨਾਲ ਨਹਿਰੀ ਖਾਲ਼ਿਆਂ ਦਾ ਮੂੰਹ ਮੱਥਾ ਸਵਾਰਿਆ ਜਾਣਾ ਹੈ। ਕਿਸਾਨਾਂ ਵੱਲੋਂ ਪਾਈ ਜਾਣ ਵਾਲੀ 10 ਫ਼ੀਸਦੀ ਹਿੱਸੇਦਾਰੀ ਵੀ ਹੁਣ ਪੰਜਾਬ ਸਰਕਾਰ ਹੀ ਪਾਏਗੀ।

ਸੂਬੇ ਦੇ 117 ਬਲਾਕ 'ਡਾਰਕ ਜ਼ੋਨ' ਵਿੱਚ ਸਰਕਾਰਾਂ ਨੇ ਕਦੇ ਇਸ ਪਾਸੇ ਧਿਆਨ ਨਹੀਂ ਦਿੱਤਾ ਕਿ ਨਹਿਰੀ ਪਾਣੀ ਦੀ ਢੁਕਵੀਂ ਵਰਤੋਂ ਨਹੀਂ ਹੋ ਰਹੀ ਹੈ ਅਤੇ ਕਿਸਾਨ ਜ਼ਮੀਨੀ ਪਾਣੀ ਨੂੰ ਅੰਨ੍ਹੇਵਾਹ ਨਿਕਾਸ ਕਰਨ 'ਤੇ ਲੱਗੇ ਹੋਏ ਹਨ। ਅੱਜ ਪੰਜਾਬ ਦੇ 117 ਬਲਾਕ ਡਾਰਕ ਜ਼ੋਨ ਵਿਚ ਚਲੇ ਗਏ ਹਨ। ਪੰਜਾਬ 'ਚ ਹਰ ਵਰ੍ਹੇ 17.07 ਬਿਲੀਅਨ ਕਿਊਬਿਕ ਮੀਟਰ ਦੀ ਬਜਾਏ ਸਾਲਾਨਾ 28.02 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ 'ਚੋਂ ਕੱਢਿਆ ਜਾ ਰਿਹਾ ਹੈ। ਸਾਲਾਨਾ 10.95 ਬਿਲੀਅਨ ਕਿਊਬਿਕ ਮੀਟਰ ਪਾਣੀ ਵੱਧ ਕੱਢਿਆ ਜਾ ਰਿਹਾ ਹੈ ਜੋ ਪੰਜਾਬ ਨੂੰ ਰੇਗਿਸਤਾਨ ਬਣਾਉਣ ਵੱਲ ਧੱਕੇਗਾ।

-0-



**ਪੰਜਾਬ ਵਿਚ ਇਸ ਵੇਲੇ ਕਰੀਬ 100 ਲੱਖ ਏਕੜ ਰਕਬਾ ਖੇਤੀ ਹੇਠ ਹੈ, ਜਿਸ 'ਚੋਂ 78.76 ਲੱਖ ਏਕੜ ਨੂੰ ਪਾਲਣ ਲਈ ਨਹਿਰੀ ਢਾਂਚਾ ਮੌਜੂਦ ਹੈ ਪਰ ਇਸ 'ਚੋਂ ਸਿਰਫ਼ 38.78 ਲੱਖ ਏਕੜ ਰਕਬੇ ਨੂੰ ਹੀ ਨਹਿਰੀ ਪਾਣੀ ਲੱਗ ਰਿਹਾ ਹੈ। ਮਤਲਬ ਕਿ ਖੇਤੀ ਸੈਕਟਰ 'ਚ ਸਿਰਫ਼ 38.78 ਫ਼ੀਸਦੀ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ। ਪੰਜਾਬ ਵਿੱਚ ਕਰੀਬ ਸਵਾ ਲੱਖ ਕਿਲੋਮੀਟਰ ਨਹਿਰੀ ਖਾਲੇ ਹਨ, ਜਿਨ੍ਹਾਂ 'ਚੋਂ ਕਰੀਬ 60 ਹਜ਼ਾਰ ਕਿਲੋਮੀਟਰ ਨਹਿਰੀ ਖਾਲੇ ਪੱਕੇ ਹਨ। ਤਾਜ਼ਾ ਵੇਰਵਿਆਂ ਅਨੁਸਾਰ ਮਾਧੋਪੁਰ ਨਹਿਰ ਦੇ ਪਾਣੀ ਦੀ ਮਾਝੇ ਵਿਚ 8.19 ਫ਼ੀਸਦੀ ਅਤੇ ਜੰਡਿਆਲਾ ਕਨਾਲ ਦੇ ਪਾਣੀ ਦੀ 10.72 ਫ਼ੀਸਦੀ ਵਰਤੋਂ ਹੋ ਰਹੀ ਹੈ। ਬਿਸਤ ਦੁਆਬ ਕਨਾਲ ਦਾ ਦੁਆਬੇ ਵਿੱਚ 9.45 ਫ਼ੀਸਦੀ ਰਕਬੇ ਵਿਚ ਪਾਣੀ ਲੱਗ ਰਿਹਾ ਹੈ। ਮਾਝੇ ਅਤੇ ਦੁਆਬੇ ਤੋਂ ਇਲਾਵਾ ਪਟਿਆਲਾ, ਸੰਗਰੂਰ, ਬਰਨਾਲਾ ਅਤੇ ਫ਼ਤਹਿਗੜ੍ਹ ਸਾਹਿਬ ਵਿਚ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਹੋ ਰਹੀ ਹੈ। ਦੂਸਰੇ ਪਾਸੇ ਅਬੋਹਰ ਕਨਾਲ ਸੌ ਫ਼ੀਸਦੀ ਰਕਬਾ ਅਤੇ ਮਾਨਸਾ ਨਹਿਰ ਦੇ ਪਾਣੀ ਨਾਲ 98.06 ਫ਼ੀਸਦੀ ਨਹਿਰੀ ਪਾਣੀ ਦੀ ਸਿੰਜਾਈ ਹੋ ਰਹੀ ਹੈ।**

➡ਕਰਾਂਗੇ। ਤੁਸੀਂ ਇਸਨੂੰ ਆਸਾਨੀ ਨਾਲ ਕਰ ਸਕਦੇ ਹੋ। :-

1. ਕਾਰ/ਬਾਈਕ ਨੂੰ ਹਰ ਰੋਜ਼ ਨਾ ਧੋਵੋ।
2. ਵਿਹੜੇ / ਪੌੜੀਆਂ / ਫਰਸ਼ ਨੂੰ ਧੋਣ ਤੋਂ ਪਰਹੇਜ਼ ਕਰੋ ਜਾਂ ਧੋਣ ਵਿਚ ਘੱਟ ਤੋਂ ਘੱਟ ਪਾਣੀ ਦੀ ਵਰਤੋਂ ਕਰੋ।
3.. ਲਗਾਤਾਰ ਟੂਟੀ ਨੂੰ ਚਾਲੂ ਨਾ ਰੱਖੋ॥
4. ਹੋਰ ਵੀ ਕਈ ਚੰਗੇ ਉਪਾਅ ਕਰਕੇ ਪਾਣੀ ਦੀ ਬੱਚਤ ਕਰੋ।
5. ਘਰ ਵਿੱਚ ਲੀਕ ਹੋਈ ਟੂਟੀ ਨੂੰ ਠੀਕ ਕਰੋ।
6. ਗਮਲਿਆਂ ਵਿੱਚ ਘੱਟ ਤੋਂ ਘੱਟ ਪਾਣੀ ਪਾਓ।*
7. ਸੜਕ 'ਤੇ ਪਾਣੀ ਦਾ ਛਿੜਕਾਅ ਨਾ ਕਰੋ

ਆਓ ਮਿਲ ਕੇ ਇਸ ਸੰਕਟ ਦਾ ਸਾਹਮਣਾ ਕਰੀਏ।

ਉਪਰੋਕਤ ਸੰਦੇਸ਼ ਨੂੰ 5 ਗਰੁੱਪਾਂ ਵਿੱਚ ਭੇਜੋ.. ਇਸ ਨਾਲ ਜਾਦੂ ਵਰਗਾ ਕੁਝ ਨਹੀਂ ਹੋਵੇਗਾ, ਪਰ ਤੁਹਾਨੂੰ ਜ਼ਰੂਰੀ ਖ਼ਬਰਾਂ ਫੈਲਾਉਣ ਦੀ ਤਸੱਲੀ ਜ਼ਰੂਰ ਮਿਲੇਗੀ ਅਤੇ ਆਉਣ ਵਾਲੇ ਸੋਕੇ ਵਿੱਚ ਪਾਣੀ ਬਚਾਉਣ ਦਾ ਪੁੰਨ ਪੂਰਾ ਹੋਵੇਗਾ, ਚਾਰ ਪਿਆਸੇ ਲੋਕਾਂ ਦੀ ਪਿਆਸ ਬੁਝ ਜਾਵੇਗੀ। ਬੁਝਾ ਕੇ ਆਉਣ ਵਾਲੀ ਪੀੜੀ ਨੂੰ ਵੀ ਪਾਣੀ ਮਿਲੇਗਾ..

ਗ੍ਰੋ ਦਰੱਖਤ!

ਧੰਨਵਾਦ ਸਹਿਤ ਸ਼ੋਸ਼ਲ ਮੀਡੀਆ

# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com




# ਫੇਲ੍ਹ ਹੋਣਾ ਮਤਲਬ ਇਕ ਮੌਕਾ ਹੋਰ

**-ਪ੍ਰਭਜੀਤ ਸਿੰਘ** ਲੈਕਚਰਾਰ ਬਾਇਓਲੌਜੀ, ਗੱਗੋ ਬੂਆ, (ਤਰਨ ਤਾਰਨ)

ਪਿਆਰੇ ਬੱਚਿਓ! ਤੁਸੀਂ ਸਭ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੋ ਕਿ ਅਗਲੀ ਜਮਾਤ 'ਚ ਜਾਣ ਲਈ ਸਾਨੂੰ ਇਮਤਿਹਾਨਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਇਮਤਿਹਾਨਾਂ ਦੀ ਪ੍ਰਕਿਰਿਆ ਸ਼ੁਰੂ ਕਰਨ ਵਾਲੇ 'ਹੈਨਰੀ ਫਿਸ਼ਲ' ਨੇ ਕੀ ਕਮਾਲ ਦੀ ਚੀਜ਼ ਖੋਜ ਕੇ ਇਸ ਨੂੰ ਲੋਕਾਂ ਦੇ ਸਨਮੁੱਖ ਕੀਤਾ ਹੈ। ਇਹ ਇਮਤਿਹਾਨ ਹੀ ਹਨ ਜੋ ਸਾਨੂੰ ਸਾਡੀ ਜ਼ਿੰਦਗੀ ਵਿਚ ਖ਼ੁਦ ਦੀ ਕਾਬਲੀਅਤ ਬਾਰੇ ਜਾਣਨ ਵਿਚ ਮਦਦਗਾਰ ਸਿੱਧ ਹੁੰਦੇ ਹਨ। ਇਨ੍ਹਾਂ ਸੰਬੰਧੀ ਅਸੀਂ ਆਪਣੇ-ਆਪ ਨੂੰ ਸਾਬਤ ਕਰਨ ਲਈ ਅਣਥੱਕ ਮਿਹਨਤ ਕਰਦੇ ਹਾਂ। ਇਨ੍ਹਾਂ ਇਮਤਿਹਾਨਾਂ 'ਚੋਂ ਪਾਰ ਲੰਘਣਾ ਜਿਥੇ ਸਾਨੂੰ ਅਨੰਦਮਈ, ਸੁੱਖੀ ਅਤੇ ਚਿੰਤਾਮੁਕਤ ਕਰਦਾ ਹੈ, ਉਥੇ ਹੀ ਸਾਨੂੰ ਆਪਣੇ ਹੁਨਰ ਨੂੰ ਦਰਸਾਉਣ ਲਈ ਵਧੀਆ ਮੌਕਾ ਵੀ ਪ੍ਰਦਾਨ ਕਰਦਾ ਹੈ।

ਜਿਵੇਂ ਹਰੇਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਉਸੇ ਤਰ੍ਹਾਂ ਇਮਤਿਹਾਨਾਂ ਵਿਚੋਂ ਵੀ ਹਮੇਸ਼ਾ ਦੋ ਤਰ੍ਹਾਂ ਦੇ ਨਤੀਜੇ ਸਾਹਮਣੇ ਆਉਂਦੇ ਹਨ, ਪਾਸ ਅਤੇ ਫ਼ੇਲ੍ਹ। ਅਸੀਂ ਆਪਣੀ ਜ਼ਿੰਦਗੀ ਵਿਚ ਆਮ ਹੀ ਦੇਖਿਆ ਹੋਵੇਗਾ ਕਿ ਨਤੀਜਾ ਆਉਣ 'ਤੇ ਪਾਸ ਹੋਣ ਵਾਲੇ ਬੱਚਿਆਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਹੁੰਦਾ, ਉਥੇ ਹੀ ਕਿਸੇ ਕਾਰਨ ਆਪਣਾ ਪ੍ਰਦਰਸ਼ਨ ਬਿਹਤਰ ਨਾ ਦੇਣ ਕਰਕੇ ਫ਼ੇਲ੍ਹ ਹੋ ਜਾਣ ਜਾਂ ਕੁਝ ਕੁ ਨੰਬਰਾਂ ਤੋਂ ਪਿਛੇ ਰਹਿ ਜਾਣ ਵਾਲੇ ਬੱਚਿਆਂ ਦੇ ਚਿਹਰੇ 'ਤੇ ਮਾਯੂਸੀ ਵੇਖਣ ਨੂੰ ਮਿਲਦੀ ਹੈ। ਇਸ ਹਾਲਤ ਵਿਚ ਉਹ ਆਪਣੇ-ਆਪ ਨੂੰ ਨੀਵਾਂ ਤੇ ਅਯੋਗ ਸਮਝਣ ਦੀ ਭੁੱਲ ਕਰ ਬੈਠਦੇ ਹਨ। ਕਈ ਵਾਰ ਅਸੀਂ ਖ਼ਬਰਾਂ ਅਤੇ ਸੋਸ਼ਲ ਮੀਡੀਆ 'ਤੇ ਦੇਖਦੇ ਹਾਂ ਕਿ ਫ਼ੇਲ੍ਹ ਹੋ ਜਾਣ ਜਾਂ ਆਪਣੀ ਉਮੀਦ ਅਨੁਸਾਰ ਚੰਗਾ ਨਤੀਜਾ ਨਾ ਆਉਣ ਕਰਕੇ ਉਹ ਨਿਰਾਸ਼ਾ 'ਚ ਚਲੇ ਜਾਂਦੇ ਹਨ ਤੇ ਗ਼ਲਤ ਧਾਰਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਮੈਂ ਅਜਿਹਾ ਸੋਚਣ ਜਾਂ ਕਰਨ ਵਾਲੇ ਬੱਚਿਆਂ ਨੂੰ ਇਹ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਨਤੀਜੇ ਵਿਚੋਂ ਫ਼ੇਲ੍ਹ ਹੋ ਜਾਣਾ ਜਾਂ ਕਹਿ ਲਓ ਕਿਸੇ ਖੇਡ 'ਚੋਂ ਹਾਰ ਜਾਣਾ ਇਹ ਦੋਵੇਂ ਸਾਡੀ ਜ਼ਿੰਦਗੀ ਲਈ ਇਕ ਵੱਡਾ ਸਬਕ ਹਨ। ਇਕ ਵਾਰੀ 'ਚ ਕੁਝ ਕੁ ਨੰਬਰਾਂ ਤੋਂ ਪਿਛੇ ਰਹਿ ਜਾਣ 'ਤੇ ਤੁਹਾਨੂੰ ਦਿਲ ਨਹੀਂ ਛੱਡਣਾ ਚਾਹੀਦਾ, ਸਗੋਂ ਇਸ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਈ ਵਾਰ ਤੁਹਾਡੀ ਸਿਰਫ਼ ਇਕ ਕੋਸ਼ਿਸ਼ ਤੁਹਾਡੀ ਉਮੀਦ ਮੁਤਾਬਿਕ ਓਨਾ ਵਧੀਆ ਨਤੀਜਾ ਦੇਣ ਦੇ ਸਮਰੱਥ ਨਾ ਹੋਵੇ।

ਮੈਂ ਨਿੱਜੀ ਤਜਰਬੇ ਦੇ ਆਧਾਰ 'ਤੇ ਇਹ ਕਹਿੰਦਾ ਹਾਂ ਕਿ ਮੇਰੇ ਅਨੁਸਾਰ ਫ਼ੇਲ੍ਹ ਹੋਣ ਵਾਲਾ ਬੱਚਾ ਪਾਸ ਹੋਣ ਵਾਲੇ ਨਾਲੋਂ ਵਧੇਰੇ ਸਿਖਦਾ ਹੈ ਕਿਉਂਕਿ ਫ਼ੇਲ੍ਹ ਹੋਣ ਵਾਲੇ ਬੱਚੇ ਨੂੰ ਇਕ ਵਧੇਰੇ ਮੌਕਾ ਮਿਲਦਾ ਹੈ, ਜਿਸ ਦਾ ਜੇ ਉਹ ਪੂਰਨ ਤੌਰ 'ਤੇ ਇਸਤੇਮਾਲ ਕਰੇ ਤਾਂ ਆਪਣੀ ਜ਼ਿੰਦਗੀ ਵਿਚ ਜ਼ਰੂਰ ਸਫਲ ਤੇ ਕਾਮਯਾਬ ਇਨਸਾਨ ਬਣ ਸਕਦਾ ਹੈ। ਮੈਂ ਇਥੇ ਫ਼ੇਲ੍ਹ ਹੋਣ ਨੂੰ ਬੜਾਵਾ ਨਹੀਂ ਦੇ ਰਿਹਾ ਬਲਕਿ ਬਦਕਿਸਮਤੀ ਨਾਲ ਫ਼ੇਲ੍ਹ ਹੋਣ ਕਰਕੇ ਨਿਰਾਸ਼ਾ 'ਚ ਡੁੱਬੇ ਬੱਚਿਆਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਉਹ ਇਹ ਸੋਚਣ ਕਿ ਅਸੀਂ ਧਰਤੀ 'ਤੇ ਜੰਮਦੇ ਹੀ ਤੁਰਨਾ ਨਹੀਂ ਸਿੱਖ ਜਾਂਦੇ। ਉਦਾਹਰਨ ਵਜੋਂ ਜੇ ਗੱਲ ਕਰਾਂ ਤਾਂ ਇਕ ਮਸ਼ਹੂਰ ਵਿਗਿਆਨੀ 'ਥੌਮਸ ਐਡੀਸਨ' ਵੀ ਬਲਬ ਬਣਾਉਣ ਦੇ ਪ੍ਰਯੋਗ ਦੌਰਾਨ ਬਹੁਤ ਵਾਰ ਫ਼ੇਲ੍ਹ ਹੋਇਆ ਪਰ ਫਿਰ ਉਸ ਨੇ ਹਾਰ ਨਾ ਮੰਨਦਿਆਂ ਲਗਭਗ



9999ਵੇਂ ਵਾਰ ਫ਼ੇਲ੍ਹ ਹੋਣ ਦੇ ਬਾਵਜੂਦ ਆਪਣੇ ਬੱਲਬ ਬਣਾਉਣ ਦੇ ਪ੍ਰਯੋਗ ਨੂੰ ਜਾਰੀ ਰੱਖਿਆ ਤੇ ਅਖੀਰ ਸਫਲਤਾ ਹਾਸਲ ਕੀਤੀ। ਜੇਕਰ ਉਹ ਵੀ ਇਕ ਵਾਰ ਫ਼ੇਲ੍ਹ ਹੋਣ 'ਤੇ ਨਿਰਾਸ਼ ਹੋ ਕੇ ਬੈਠ ਜਾਂਦਾ ਤਾਂ ਸ਼ਾਇਦ ਅੱਜ ਉਸ ਨੂੰ ਕੋਈ ਯਾਦ ਨਾ ਕਰਦਾ। ਇਥੋਂ ਤੱਕ ਸ਼ਾਇਦ ਸਾਡੇ ਘਰਾਂ 'ਚ ਰੌਸ਼ਨੀ ਵੀ ਨਾ ਹੁੰਦੀ। ਅਖ਼ੀਰ ਮੈਂ ਇਹੀ ਕਹਾਂਗਾ ਕਿ ਫ਼ੇਲ੍ਹ ਹੋ ਜਾਣਾ ਨਿਰਾਸ਼ਾਜਨਕ ਨਹੀਂ ਸਗੋਂ ਆਪਣੇ ਛੁਪੇ ਹੋਏ ਹੁਨਰ ਨੂੰ ਦਰਸਾਉਣ / ਸਾਬਤ ਕਰਨ ਦਾ ਇਕ ਖ਼ਾਸ ਮੌਕਾ ਹੈ।

-0-

## ਆਓ ਗਿਆਨ ਵਧਾਓ

1. ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਦੋਂ ਕੀਤਾ?
2. ਪਹਿਲੀ ਰੇਲਵੇ ਲਾਈਨ ਕਿਥੋਂ ਤੋਂ ਕਿਥੋਂ ਤੱਕ ਵਿਛਾਈ ਗਈ?
3. ਜੋਧਪੁਰ ਸ਼ਹਿਰ ਕਿਸ ਨੇ ਵਸਾਇਆ ਸੀ?
4. ਚਿੱਟਾ ਸ਼ਹਿਰ ਕਿਸ ਨੂੰ ਕਹਿੰਦੇ ਹਨ?
5. ਪੰਜਾਬ ਦਾ ਸ਼ੈਕਸਪੀਅਰ ਕਿਸ ਨੂੰ ਕਹਿੰਦੇ ਹਨ?
6. ਭਾਰਤ ਵਿਚ ਛਪਣ ਵਾਲਾ ਪਹਿਲਾ ਅਖ਼ਬਾਰ ਕਿਹੜਾ ਹੈ?
7. ਨੀਲਾ ਗ੍ਰਹਿ ਕਿਹੜੇ ਗ੍ਰਹਿ ਨੂੰ ਕਹਿੰਦੇ ਹਨ?
8. 'ਅੰਨ੍ਹੇ ਘੋੜਾ ਦਾ ਦਾਨ' ਨਾਵਲ ਕਿਸ ਦਾ ਲਿਖਿਆ ਹੋਇਆ ਹੈ?

ਉੱਤਰ : 1. 1849 ਵਿਚ, 2. ਮੁੰਬਈ ਤੋਂ ਥਾਣੇ ਤੱਕ, 3. ਮਹਾਰਾਜਾ ਜੋਧ ਸਿੰਘ ਨੇ, 4. ਸ੍ਰੀ ਅਨੰਦਪੁਰ ਸਾਹਿਬ ਨੂੰ, 5. ਪ੍ਰੋ. ਪੂਰਨ ਸਿੰਘ ਨੂੰ, 6. ਬੰਗਾਲ ਗੱਜਟ, 7. ਧਰਤੀ ਨੂੰ, 8. ਪ੍ਰੋ. ਗੁਰਦਿਆਲ ਸਿੰਘ


ਬਾਲ ਕਹਾਣੀ:

# ਜੀਵ-ਜੰਤੂਆਂ ਦਾ ਵਿਲੱਖਣ ਸੰਸਾਰ


**-ਸੁਖਮੰਦਰ ਸਿੰਘ ਤੂਰ**
-ਪਿੰਡ ਤੇ ਡਾਕ: ਖੋਸਾ ਪਾਂਡੋ,
(ਮੋਗਾ)-142048









ਬੱਚਿਓ ! ਕੀੜੀਆਂ ਦੇ ਫੇਫੜੇ ਨਹੀਂ ਹੁੰਦੇ, ਇਹ ਸਰੀਰ ਵਿਚ ਚਾਰੇ ਪਾਸੇ ਬਣੇ ਨਿੱਕੇ -ਨਿੱਕੇ ਛੇਕਾਂ ਰਾਹੀਂ ਸਾਹ ਲੈਂਦੀਆਂ ਹਨ। ਚਿੰਪਾਜ਼ੀ ਦੁਨੀਆ ਦਾ ਸਭ ਤੋਂ ਜ਼ਿਆਦਾ ਸਮਝਦਾਰ ਜਾਨਵਰ ਹੈ। ਸਿਖਾਏ ਜਾਣ 'ਤੇ ਉਹ ਇੰਸਟਰੂਮੈਂਟ ਵਰਗੇ ਸਾਜ਼ ਵਜਾ ਲੈਂਦਾ ਹੈ ਅਤੇ ਪੇਂਟਿੰਗ ਵੀ ਕਰ ਲੈਂਦਾ ਹੈ। ਛੁਰੀ ਕਾਂਟੇ ਨਾਲ ਖਾਣਾ ਇਸ ਲਈ ਇਕ ਖੇਡ ਹੈ। ਪੰਛੀਆਂ ਵਿੱਚੋਂ ਗਿੱਦ ਅਤੇ ਬਾਜ਼ ਦੀਆਂ ਅੱਖਾਂ ਸਭ ਤੋਂ ਤੇਜ਼ ਹੁੰਦੀਆਂ ਹਨ। ਇਸ ਕਰਕੇ ਇਹ ਦਸ ਕਿਲੋਮੀਟਰ ਦੂਰ ਤੱਕ ਆਪਣੇ ਸ਼ਿਕਾਰ ਨੂੰ ਸਾਫ ਤਰ੍ਹਾਂ ਦੇਖ ਲੈਂਦੇ ਹਨ।

ਘੜਿਆਲ ਦੀਆਂ ਅੱਖਾਂ ਉਭਰੀਆਂ ਹੋਈਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ 'ਤੇ ਇਕ ਪਾਰਦਰਸ਼ੀ ਝਿੱਲੀ ਰਹਿੰਦੀ ਹੈ। ਇਸ ਝਿੱਲੀ ਨਾਲ ਇਹ ਪਾਣੀ ਵਿਚ ਆਪਣੇ ਸ਼ਿਕਾਰ ਨੂੰ ਆਸਾਨੀ ਨਾਲ ਵੇਖ ਸਕਦਾ ਹੈ।ਹਾਥੀ ਦੀ ਸੁੰਡ ਵਿਚ ਇਕ ਵੀ ਹੱਡੀ ਨਹੀਂ ਹੁੰਦੀ, ਕੇਵਲ ਮਾਸਪੇਸ਼ੀਆਂ ਹੀ ਹੁੰਦੀਆਂ ਹਨ। ਇਸ ਦਾ ਦਿਮਾਗ 4.5 ਕਿਲੋ ਗ੍ਰਾਮ ਹੁੰਦਾ ਹੈ । ਇਸ ਦੀ ਸੁਣਨ ਅਤੇ ਵੇਖਣ ਸ਼ਕਤੀ ਘੱਟ ਅਤੇ ਸੁੰਘਣ ਸ਼ਕਤੀ ਤੇਜ਼ ਹੁੰਦੀ ਹੈ। ਆਕਟੋਪਸ ਦੇ ਤੈਰਨ ਦਾ ਤਰੀਕਾ ਬੜਾ ਵਚਿੱਤਰ ਹੁੰਦਾ ਹੈ। ਇਸ ਦੇ ਸਰੀਰ ਅੰਦਰ ਇਕ ਟਿਊਬ ਹੁੰਦੀ ਹੈ। ਜਿਸ ਦੇ ਰਾਹੀਂ ਇਹ ਪਾਣੀ ਖਿੱਚਦਾ ਹੈ ਅਤੇ ਬੜੀ ਤੇਜ਼ੀ ਨਾਲ ਬਾਹਰ ਕੱਢਦਾ ਹੈ। ਇਸ ਕਿਰਿਆ ਨਾਲ ਸਰੀਰ ਵਿਚ ਗਤੀ ਪੈਦਾ ਹੁੰਦੀ ਹੈ ਅਤੇ ਇਹ ਅੱਗੇ ਵਧਦਾ ਚਲਾ ਜਾਂਦਾ ਹੈ।

ਮੱਛਰ ਆਪਣੇ ਵਜ਼ਨ ਨਾਲੋਂ ਤਿੰਨ ਗੁਣਾਂ ਜ਼ਿਆਦਾ ਮਨੁੱਖੀ ਖੂਨ ਪੀ ਜਾਂਦਾ ਹੈ। ਇਸੇ ਤਰ੍ਹਾਂ ਪੈਲਿਕਨ ਨਾਂਅ ਦੀ ਚਿੜੀ ਆਪਣੇ ਮੂੰਹ ਵਿਚ ਪੇਟ ਨਾਲੋਂ ਜ਼ਿਆਦਾ ਭੋਜਨ ਸਮਾਅ ਸਕਦੀ ਹੈ। ਇਹ ਚੁੰਝ ਦੇ ਹੇਠਾਂ ਝੂਲਦੀ ਥੈਲੀ ਵਿਚ ਹਫਤੇ ਭਰ ਦਾ ਭੋਜਨ ਰੱਖ ਸਕਦੀ ਹੈ।

ਵਿਕੂਨਾ ਇਕ ਅਜਿਹਾ ਜੀਵ ਹੈ, ਜਿਸ ਦੇ ਖੂਨ ਵਿਚ ਮਨੁੱਖੀ ਖੂਨ ਦੇ ਮੁਕਾਬਲੇ ਤਿੰਨ ਗੁਣਾਂ ਜ਼ਿਆਦਾ ਆਕਸੀਜਨ ਹੁੰਦੀ ਹੈ। ਆਪਣੇ ਝਿਲੀਦਾਰ ਪੈਰਾਂ ਕਰਕੇ ਇਸ ਦੀ ਜ਼ਮੀਨ 'ਤੇ ਪਕੜ ਬਹੁਤ ਮਜ਼ਬੂਤ ਹੁੰਦੀ ਹੈ। ਜ਼ਹਿਰੀਲੀ ਸਟੋਨ ਫਿਸ਼ ਗਰਮ ਪਾਣੀ ਵਿਚ ਰਹਿੰਦੀ ਹੈ। ਇਸ ਦਾ ਸਰੀਰ ਚਿੱਤੀਦਾਰ ਢੇਲੇ ਵਰਗਾ ਹੁੰਦਾ ਹੈ। ਜਿਸ ਕਾਰਨ ਇਹ ਸਮੁੰਦਰ ਦੀ ਸਤ੍ਹਾ 'ਤੇ ਪਏ ਪੱਥਰਾਂ ਵਿਚਕਾਰ ਦਿਖਾਈ ਨਹੀਂ ਦਿੰਦੀ ਅਤੇ ਉੱਥੇ ਹੀ ਆਪਣੇ ਸ਼ਿਕਾਰ 'ਤੇ ਝਪਟ ਮਾਰਨ ਲਈ ਇੰਤਜ਼ਾਰ ਵਿਚ ਲੇਟੀ ਰਹਿੰਦੀ ਹੈ। ਦੁਨੀਆ ਭਰ ਵਿਚ ਮੱਛੀਆਂ ਦੀਆਂ 4500 ਤੋਂ ਵੀ ਵੱਧ ਪ੍ਰਜਾਤੀਆਂ ਹੁੰਦੀਆਂ ਹਨ। ਇਹ ਪ੍ਰਜਾਤੀਆਂ ਘਰੇਲੂ ਮੱਖੀ ਦੇ ਆਕਾਰ ਤੋਂ ਲੈ ਕੇ 60 ਤੋਂ 65 ਮੀਟਰ ਤੱਕ ਲੰਬੀਆਂ ਹੁੰਦੀਆਂ ਹਨ। ਜੋ ਦੁਨੀਆ ਦੇ ਵੱਖ-ਵੱਖ ਜਲਵਾਯੂ ਦੇ ਮੁਤਾਬਕ ਵੱਖ-ਵੱਖ ਜਲ ਭੰਡਾਰਾਂ ਵਿਚ ਪਾਈਆਂ ਜਾਂਦੀਆਂ ਹਨ।

ਚਮਗਿੱਦੜ ਦੀ ਸੁਣਨ ਸ਼ਕਤੀ ਏਨੀ ਤੇਜ਼ ਹੁੰਦੀ ਹੈ ਕਿ ਹਜ਼ਾਰਾਂ ਬੱਚਿਆਂ ਵਿੱਚੋਂ ਕਿਸ ਬੱਚੇ ਨੇ ਉਸ ਨੂੰ ਪੁਕਾਰਿਆ ਹੈ, ਉਸ ਨੂੰ ਤੁਰੰਤ ਪਹਿਚਾਣ ਲੈਂਦਾ ਹੈ। ਮਾਦਾ ਤਿੱਤਲੀ ਆਪਣੇ ਸੰਪੂਰਨ ਜੀਵਨ ਕਾਲ ਵਿਚ 50,000 ਤੋਂ ਉੱਪਰ ਆਂਡੇ ਦਿੰਦੀ ਹੈ। ਇਕ ਫੁੱਲ ਤੋਂ ਦੂਸਰੇ ਫੁੱਲ ਤੱਕ ਉੱਡ-ਉੱਡ ਕੇ ਰਸ ਪੀਣ ਵਾਲੀਆਂ ਤਿੱਤਲੀਆਂ ਪਰਾਂਗਣ ਵਿਚ ਸਹਾਇਕ ਮੰਨੀਆਂ ਜਾਂਦੀਆਂ ਹਨ। ਇਹ ਫੁੱਲਾਂ ਦਾ ਮਿੱਠਾ ਰਸ ਸਵਾਦ ਲਈ ਨਹੀਂ ਪੀਂਦੀਆਂ ਬਲਕਿ ਇਸ ਨਾਲ ਉਨ੍ਹਾਂ ਨੂੰ ਉੱਡਣ ਲਈ ਜ਼ਰੂਰੀ ਸ਼ਕਤੀ ਪ੍ਰਾਪਤ ਹੁੰਦੀ ਹੈ।

-0-

ਬਾਲ ਕਵਿਤਾ:

# ਜਾਮਣ



ਬੁੱਲ੍ਹ ਸਾਡੇ ਨੇ ਰੰਗੇ ਹੋਏ, ਰੰਗੇ ਜਿਵੇਂ ਲਲਾਰੀ ਨੇ,
ਪਰ ਅੱਜ ਤਾਂ ਸਾਡੇ ਨਾਲ ਕੀਤੀ,
ਇਹ ਗੱਲ ਜਾਮਣ ਪਿਆਰੀ ਨੇ,
ਜਾਮਣ ਖਾਵੇ, ਰੰਗ ਚੜ੍ਹ ਜਾਵੇ, ਰੰਗ ਜਾਮਣੀ ਕਹਿੰਦੇ ਨੇ,
ਕੱਪੜੇ ਉੱਤੇ ਧੱਬੇ ਇਹਦੇ, ਮਰਿਆ ਵੀ ਨਾ ਲਹਿੰਦੇ ਨੇ।
ਹਾੜ੍ਹ-ਸਾਉਣ ਵਿਚ ਜਾਮਣ ਪੱਕੇ ਉੱਤੇ ਕਾਲਾ ਰੰਗ ਦਿਖੇ,
ਮੋਟੀ-ਮੋਟੀ ਜਾਮਣ ਵਿਚੋਂ ਮਿੱਠੀ-ਮਿੱਠੀ ਖੰਡ ਰਿਸੇ ।
ਮਿੱਠੀ-ਮਿੱਠੀ ਖੰਡ ਇਸ ਦੇ ਅੰਦਰ ਠੰਢ ਪਾਉਂਦੀ ਹੈ,
ਤਿੱਖੀ ਤਿੱਖੀ ਗਰਮੀ ਦੇ ਵਿਚ ਸਾਡੀ ਪਿਆਸ ਬਝਾਉਂਦੀ ਹੈ ।
ਕਹਿੰਦੇ ਨੇ ਜੇ ਜਾਮਣ ਜਾਮਣ ਖਾਈਏ ਗਰਮੀ ਸਾਰੀ ਕੱਢ ਦਿੰਦੀ,
ਕਈ ਰੋਗਾਂ ਦਾ ਜਾਮਣ ਪਿਆਰੀ ਮੂਲੋਂ ਫਾਹਾਂ ਵੱਢ ਦਿੰਦੀ ।
ਗਰਮੀ ਦੀ ਰੁੱਤ ਦਾ ਇਹ ਮੇਵਾ ਅੱਜ ਵੀ ਲੱਭਣ ਜਾਵਾਂਗੇ,
ਨਹਿਰ ਕਿਨਾਰੇ ਜਾਮਣ ਪੱਕੀ,
'ਸੁਰਜੀਤ' ਇਕੱਠੇ ਖਾਵਾਂਗੇ ।

# ਰਾਜਸਥਾਨ 'ਚ ਆਪਣੇ ਹਿਤ ਸਾਧਨ ਲਈ ਮਾਨ ਸਰਕਾਰ ਦੇ ਰਹੀ ਹੈ ਵਾਧੂ ਪਾਣੀ

**ਬਲਬੀਰ ਸਿੰਘ ਰਾਜੇਵਾਲ # 98142-28005**

ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਕਿ ਪਾਣੀ ਹੀ ਜੀਵਨ ਹੈ। ਮਨੁੱਖ ਰੋਟੀ ਤੋਂ ਬਗ਼ੈਰ ਤਾਂ ਕੁਝ ਸਮਾਂ ਜਿਊਂਦਾ ਰਹਿ ਸਕਦਾ ਹੈ, ਪਰ ਪਾਣੀ ਤੋਂ ਬਿਨਾਂ ਤਾਂ ਇਕ ਹਫ਼ਤਾ ਵੀ ਜਿਊਂਦਾ ਰਹਿਣਾ ਔਖਾ ਹੈ। ਕੁਦਰਤ ਨੇ ਧਰਤੀ ਦੇ ਹਰ ਖਿੱਤੇ ਉੱਤੇ ਕੋਈ ਨਾ ਕੋਈਂ ਬਖ਼ਸ਼ਿਸ਼ ਜ਼ਰੂਰ ਕੀਤੀ ਹੈ। ਕਿਤੇ ਸੰਗਮਰਮਰ, ਕਿਤੇ ਕੋਲਾ, ਲੋਹਾ, ਮੈਗਨੀਜ਼, ਤੇਲ, ਸੋਨਾ, ਕੋਈ ਨਾ ਕੋਈ ਧਾਤ। ਇਸੇ ਤਰ੍ਹਾਂ ਪੰਜਾਬ ਨੂੰ ਪੰਜ ਦਰਿਆਵਾਂ ਦਾ ਪਾਣੀ ਅਤੇ ਉਪਜਾਊ ਧਰਤੀ ਬਖ਼ਸ਼ੀ ਸੀ। ਪਾਕਿਸਤਾਨ ਨਾਲ ਵੰਡ ਹੋਣ ਤੋਂ ਬਾਅਦ ਪੰਜਾਬ ਦੇ ਹਿੱਸੇ ਸਤਲੁਜ, ਬਿਆਸ ਅਤੇ ਰਾਵੀ ਤਿੰਨ ਦਰਿਆ ਆਏ।

ਸੰਵਿਧਾਨ ਦੀ ਸਟੇਟ ਲਿਸਟ 'ਚ ਪਾਣੀ 17 ਨੰਬਰ ਉੱਤੇ ਦਰਜ ਹੈ ਅਰਥਾਤ ਇਹ ਰਾਜਾਂ ਦਾ ਵਿਸ਼ਾ ਹੈ। ਜੋ ਵੀ ਦਰਿਆ ਜਿਸ-ਜਿਸ ਸੂਬੇ ਵਿਚੋਂ ਵਗਦਾ ਹੈ, ਉਹ ਰਾਜ ਉਸ ਦੇ ਪਾਣੀ ਦਾ ਮਾਲਕ ਹੁੰਦਾ ਹੈ। ਸਾਡੇ ਹਿੱਸੇ ਇਹ ਤਿੰਨ ਦਰਿਆ ਆਏ ਅਤੇ ਪਾਕਿਸਤਾਨ ਦੇ ਹਿੱਸੇ ਚਨਾਬ, ਜਿਹਲਮ ਅਤੇ ਸਿੰਧ ਨਦੀਆਂ ਆ ਗਈਆਂ। ਸਾਡੇ ਦਰਿਆ ਰਾਜਸਥਾਨ ਅਤੇ ਹਰਿਆਣਾ ਰਾਜਾਂ ਵਿਚੋਂ ਨਹੀਂ ਲੰਘਦੇ, ਅਰਥਾਤ ਪੰਜਾਬ ਹੀ ਇਨ੍ਹਾਂ ਦੇ ਪਾਣੀ ਦਾ ਮਾਲਕ ਹੈ। ਨਦੀਆਂ ਦੇ ਰੁਖ ਬਦਲਦੇ ਰਹਿੰਦੇ ਹਨ। ਜੇ ਕਿਸੇ ਵੇਲੇ ਕੋਈ ਨਦੀ ਕਿਸੇ ਇਲਾਕੇ ਵਿਚੋਂ ਵਗੀ ਹੋਵੇ ਅਤੇ ਉਹ ਇਲਾਕਾ ਨਦੀ ਦੇ ਬੇਸਿਨ (ਤੱਟੀ ਖੇਤਰ) ਵਿਚ ਰਿਹਾ ਹੋਵੇ ਤਾਂ ਉਹ ਵੀ ਉਸ ਰਾਜ ਦੇ ਪਾਣੀ ਵਿਚ ਹਿੱਸੇਦਾਰ ਬਣਦਾ ਹੈ। ਹਰਿਆਣਾ, ਰਾਜਸਥਾਨ ਅਤੇ ਦਿੱਲੀ ਕਦੀ ਵੀ ਇਨ੍ਹਾਂ ਨਦੀਆਂ ਦੇ ਬੇਸਿਨ ਵਿਚ ਨਹੀਂ ਆਏ ਅਰਥਾਤ ਇਹ ਕਦੇ ਵੀ ਰਾਇਪੇਰੀਅਨ ਰਾਜ ਨਹੀਂ ਰਹੇ। ਇੰਜ ਪੰਜਾਬ ਤੋਂ ਬਿਨਾਂ ਹੋਰ ਕਿਸੇ ਵੀ ਰਾਜ ਦਾ ਸਾਡੇ ਦਰਿਆਵਾਂ ਦੇ ਪਾਣੀ ਵਿਚ ਹਿੱਸਾ ਨਹੀਂ ਬਣਦਾ। ਹਾਂ, ਮੁਹਾਲੀ ਜ਼ਿਲ੍ਹਾ ਖਰੜ ਤੱਕ ਯਮੁਨਾ ਨਦੀ ਦੇ ਬੇਸਿਨ ਦਾ ਹਿੱਸਾ ਰਿਹਾ ਹੈ। ਅਫ਼ਸੋਸ ਹੈ ਕਿ ਕੇਂਦਰ ਅਤੇ ਹਰਿਆਣਾ ਸਰਕਾਰ ਇਸ ਸੰਬੰਧੀ ਕੁਝ ਵੀ ਸੁਣਨ ਲਈ ਤਿਆਰ ਨਹੀਂ। ਇੰਜ ਰਾਜਸਥਾਨ ਅਤੇ ਦਿੱਲੀ ਦਾ ਸਾਡੇ ਦਰਿਆਵਾਂ ਦੇ ਪਾਣੀ ਵਿਚ ਕੋਈ ਸੰਵਿਧਾਨਿਕ ਹੱਕ ਨਹੀਂ ਬਣਦਾ।

1966 ਤੱਕ ਹਰਿਆਣਾ ਅਤੇ ਹਿਮਾਚਲ ਪੰਜਾਬ ਦਾ ਹਿੱਸਾ ਸਨ। ਜਦੋਂ ਇਹ ਵੱਖ ਹੋਏ ਤਾਂ ਪੰਜਾਬ ਅਤੇ ਹਰਿਆਣਾ ਦਾ ਇਸ ਵਿਚ 60 ਅਤੇ 40 ਦੇ ਅਨੁਪਾਤ ਅਨੁਸਾਰ ਹਿੱਸਾ ਨਿਰਧਾਰਤ ਕੀਤਾ ਗਿਆ ਪਰ ਪੰਜਾਬ ਨਾਲ ਬੇਇਨਸਾਫ਼ੀ ਕਰ ਕੇ ਯਮੁਨਾ ਦੇ ਪਾਣੀ 'ਚੋਂ ਪੰਜਾਬ ਨੂੰ ਕੋਈ ਹਿੱਸਾ ਨਹੀਂ ਦਿੱਤਾ ਗਿਆ। ਜੇ ਘੋਖਿਆ ਜਾਵੇ ਤਾਂ ਹਰਿਆਣਾ ਵੀ ਆਪਣੇ ਹਿੱਸੇ ਤੋਂ ਵੱਧ ਪਾਣੀ ਸਾਡੇ ਸਤਲੁਜ ਅਤੇ ਬਿਆਸ 'ਚੋਂ ਲੈ ਰਿਹਾ ਹੈ। ਇਹ ਵੀ ਅਸੂਲ ਹੈ ਕਿ ਹਰ 25 ਸਾਲਾਂ ਬਾਅਦ ਦਰਿਆਵਾਂ ਦੇ ਵਗਦੇ ਪਾਣੀ ਨੂੰ ਮਾਪਿਆ ਜਾਵੇ। ਪਰ 1962 ਤੋਂ ਬਾਅਦ ਕਦੀ ਵੀ ਪਾਣੀ ਦਾ ਵਹਾਓ, ਜੋ ਬਹੁਤ ਘਟ ਚੁੱਕਾ ਹੈ, ਉਸ ਦੀ ਮਿਣਤੀ ਨਹੀਂ ਕੀਤੀ ਗਈ।

ਪਾਣੀ ਰਾਜਾਂ ਦਾ ਵਿਸ਼ਾ ਹੈ ਅਤੇ ਕੇਂਦਰ ਸਰਕਾਰ ਜਾਂ ਸੁਪਰੀਮ ਕੋਰਟ ਸਾਡੇ ਦਰਿਆਵਾਂ ਦੇ ਪਾਣੀ 'ਚ ਦਖ਼ਲ ਨਹੀਂ ਦੇ ਸਕਦੇ। ਪਰ ਕੇਂਦਰ ਨੇ ਹਰ ਵਾਰ ਕੋਈ ਨਾ ਕੋਈ ਤਿਕੜਮ ਲਾ ਕੇ ਸਾਡੇ ਪਾਣੀਆਂ ਵਿਚ ਦਖ਼ਲ ਦਿੱਤਾ ਅਤੇ ਹਮੇਸ਼ਾ ਪੰਜਾਬ ਨਾਲ ਧੋਖਾ ਕੀਤਾ। ਪੰਜਾਬ ਅਤੇ ਹਰਿਆਣਾ ਦੇ ਪੁਨਰਗਠਨ ਸਮੇਂ 1966 ਵਿਚ ਪੁਨਰਗਠਨ ਦੇ ਕਾਨੂੰਨ ਵਿਚ ਧਾਰਾ 78, 79 ਅਤੇ 80 ਕੇਵਲ ਪੰਜਾਬ ਦੇ ਪਾਣੀਆਂ ਵਿਚ ਦਖ਼ਲ ਦੇਣ ਲਈ ਗ਼ਲਤ ਅਤੇ ਗ਼ੈਰ-ਸੰਵਿਧਾਨਿਕ ਢੰਗ ਨਾਲ ਪਾਈਆਂ ਗਈਆਂ। ਪੰਜਾਬ ਨੇ ਇਨ੍ਹਾਂ ਵਿਰੁੱਧ ਸੁਪਰੀਮ ਕੋਰਟ ਦਾ ਰੁਖ ਕੀਤਾ ਤਾਂ 1981 ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਉਸ ਸਮੇਂ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਨੂੰ ਘੁਰਕੀ ਦੇ ਕੇ ਇਹ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਕਰਵਾ ਦਿੱਤਾ। ਉਸ ਤੋਂ ਬਾਅਦ ਦੋਬਾਰਾ ਸੁਪਰੀਮ ਕੋਰਟ ਵਿਚ ਪਾਈ 2008 ਦੀ ਪਟੀਸ਼ਨ ਹਾਲਾਂ ਵੀ ਅਦਾਲਤ ਵਿਚ ਵਿਚਾਰ ਅਧੀਨ ਹੈ।

ਜਦੋਂ ਭਾਰਤ ਗ਼ੁਲਾਮ ਸੀ, ਉਦੋਂ ਮਹਾਰਾਜਾ ਬੀਕਾਨੇਰ ਨੇ ਇਨਸਾਨੀ ਨਾਤੇ ਪੀਣ ਲਈ ਪਾਣੀ ਦੀ ਮੰਗ ਕੀਤੀ। ਉਸ ਨੂੰ ਪਾਣੀ ਤਾਂ ਦੇ ਦਿੱਤਾ ਗਿਆ,



ਪਰ ਉਸ ਦੀ ਕੀਮਤ ਵੀ ਤੈਅ ਕੀਤੀ ਗਈ, ਜੋ ਰਾਜਸਥਾਨ 1995 ਤੱਕ ਪੰਜਾਬ ਨੂੰ ਦਿੰਦਾ ਰਿਹਾ। ਉਸ ਤੋਂ ਬਾਅਦ ਅੱਜ ਤੱਕ ਰਾਜਸਥਾਨ ਨੂੰ 35 ਲੱਖ ਕਰੋੜ ਦਾ ਪਾਣੀ ਮੁਫ਼ਤ ਚਲਾ ਗਿਆ, ਜਿਸ ਦਾ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਕਲੇਮ ਲਈ ਬਿੱਲ ਬਣਾ ਕੇ ਨਹੀਂ ਭੇਜਿਆ। ਇਹੋ ਨਹੀਂ ਉਸ ਵੇਲੇ ਦੀਆਂ ਪੰਜਾਬ ਦੀਆਂ ਕੁਝ ਰਿਆਸਤਾਂ ਨੂੰ ਵੀ ਪਾਣੀ ਮੁੱਲ ਦਿੱਤਾ ਗਿਆ ਅਤੇ ਉਹ ਵੀ ਇਸ ਦੀ ਕੀਮਤ ਦਿੰਦੇ ਰਹੇ। 1955 ਵਿਚ ਸੰਸਾਰ ਬੈਂਕ ਦੀ ਸੰਯੁਕਤ ਰਾਸ਼ਟਰ ਸੰਘ ਵਲੋਂ ਭਾਰਤ ਅਤੇ ਪਾਕਿਸਤਾਨ ਦੇ ਪਾਣੀਆਂ ਦਾ ਝਗੜਾ ਨਿਪਟਾਉਣ ਲਈ ਸਾਲਸੀ ਨਿਯੁਕਤ ਕੀਤਾ ਗਿਆ। ਪਰ ਉਸ ਤੋਂ ਪਹਿਲਾਂ ਹੀ ਭਾਰਤ ਸਰਕਾਰ ਨੇ ਆਪਣੇ ਤੌਰ 'ਤੇ ਪਾਣੀ ਦੀ ਕਾਣੀ ਵੰਡ ਕਰਕੇ ਰਾਜਸਥਾਨ ਦਾ ਪਾਣੀ ਦੁੱਗਣਾ ਕਰ ਦਿੱਤਾ। ਇਸ ਮੀਟਿੰਗ 'ਚ ਇਹ ਵੀ ਫ਼ੈਸਲਾ ਹੋਇਆ ਕਿ ਬਹੁਤ ਜਲਦੀ ਇਕ ਹੋਰ ਮੀਟਿੰਗ ਕਰ ਕੇ ਰਾਜਸਥਾਨ ਨੂੰ ਜਾ ਰਹੇ ਪਾਣੀ ਦਾ ਮੁੱਲ ਤੈਅ ਕੀਤਾ ਜਾਵੇਗਾ। ਪਰ ਅੱਜ ਤੱਕ ਇਹ ਮੀਟਿੰਗ ਹੀ ਨਹੀਂ ਹੋਈ ਅਤੇ ਰਾਜਸਥਾਨ ਨੂੰ ਮੁਫ਼ਤ ਵਿਚ ਪਾਣੀ ਜਾ ਰਿਹਾ ਹੈ। ਭਾਵੇਂ ਸੰਵਿਧਾਨ ਅਨੁਸਾਰ ਪਾਣੀ ਦਾ ਮਾਲਕ ਪੰਜਾਬ ਹੈ, ਪਰ ਅੱਜ ਰਾਜਸਥਾਨ ਇਸ ਨੂੰ ਆਪਣਾ ਹੱਕ ਸਮਝ ਕੇ ਧੱਕੇ ਨਾਲ ਸਾਡਾ ਪਾਣੀ ਲੈ ਰਿਹਾ ਹੈ। ਇਹੋ ਹਾਲ ਹਰਿਆਣੇ ਦਾ ਹੈ, ਜੋ ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਰਿਹਾ ਹੈ, ਫਿਰ ਵੀ ਪੰਜਾਬ ਨੂੰ ਐਸ.ਵਾਈ.ਐਲ. ਦੇ ਡਰਾਵੇ ਦੇ ਰਿਹਾ ਹੈ।

ਸਭ ਤੋਂ ਵੱਧ ਬਦਕਿਸਮਤੀ ਇਹ ਹੈ ਕਿ ਜਿੰਨੀ ਵਾਰ ਵੀ ਪੰਜਾਬ ਨਾਲ ਪਾਣੀਆਂ ਦੇ ਸਮਝੌਤੇ ਹੋਏ, ਕਦੇ ਵੀ ਸਮੇਂ ਦੇ ਪੰਜਾਬ ਦੇ ਹਾਕਮਾਂ ਨੇ ਪੰਜਾਬ ਦੇ ਹਿਤਾਂ ਉੱਤੇ ਡਟ ਕੇ ਸਟੈਂਡ ਨਹੀਂ ਲਿਆ। ਕੇਂਦਰ ਨੇ ਹਰ ਵਾਰ ਤਿਕੜਮਬਾਜ਼ੀ ਕਰ ਕੇ ਦਖ਼ਲ ਦਿੱਤਾ ਅਤੇ ਹਮੇਸ਼ਾ ਪੰਜਾਬ ਨਾਲ ਬੇਇਨਸਾਫ਼ੀ ਕੀਤੀ। ਕੇਂਦਰ ਅੱਜ ਵੀ ਪਾਣੀਆਂ ਦੇ ਮਸਲੇ ਉੱਤੇ ਪੰਜਾਬ ਨੂੰ ਡਰਾ ਰਿਹਾ ਹੈ। ਕਦੀ ਹਰਿਆਣਾ ਅਤੇ ਹਿਮਾਚਲ ਦੇ ਮੁੱਖ ਮੰਤਰੀ ਮੀਟਿੰਗਾਂ ਕਰ ਕੇ ਹਿਮਾਚਲ ਤੋਂ ਸਤਲੁਜ ਦਾ ਪਾਣੀ ਸਿੱਧਾ ਹਰਿਆਣੇ ਨੂੰ ਲਿਜਾਣ ਦੀ ਗੱਲ ਕਰਦੇ ਹਨ, ਜੋ ਸੰਵਿਧਾਨ ਅਤੇ ਦੁਨੀਆ ਦੇ ਰਾਇਪੇਰੀਅਨ ਸਿਧਾਂਤ ਦੇ ਵਿਰੁੱਧ ਹੈ। ਕਿਸੇ ਨੂੰ ਕਿਸੇ ਦਰਿਆ ਦਾ ਰੁਖ ਬਦਲਣ ਦਾ ਅਧਿਕਾਰ ਨਹੀਂ। ਪੰਜਾਬ ਦੇ ਪਿੰਡ ਉਜਾੜ ਕੇ ਚੰਡੀਗੜ੍ਹ ਵਸਾਇਆ ਗਿਆ। ਪੰਜਾਬ ਨੂੰ ਉਸ ਦੀ ਇਹ ਰਾਜਧਾਨੀ 56 ਸਾਲ ਬਾਅਦ ਵੀ ਕੇਂਦਰ ਨੇ ਨਹੀਂ ਦਿੱਤੀ। ਉਲਟਾ ਹਰਿਆਣਾ ਇਸ ਵਿੱਚ ਆਪਣਾ ਹਿੱਸਾ ਮੰਗਦਾ ਹੈ ਅਤੇ ਹਿਮਾਚਲ ਵੀ ਹਿੱਸਾ ਮੰਗਣ ਲੱਗਾ ਹੈ। ਹਿਮਾਚਲ ਦੇ ਮੁੱਖ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰਾਜਾਂ ਦੇ ਪੁਨਰਗਠਨ ਤੋਂ ਪਹਿਲਾਂ ਸ਼ਿਮਲਾ ਪੰਜਾਬ ਦੀ ਰਾਜਧਾਨੀ ਹੋਇਆ ਕਰਦਾ ਸੀ। ਕੀ ਪੰਜਾਬ ਨੂੰ ਉਸ ਵਿਚੋਂ ਹਿੱਸਾ ਦਿਉਗੇ? ਹਿਮਾਚਲ ਸਾਡੇ ਦਰਿਆਵਾਂ ਦੇ ਪਾਣੀ ਵਿਚੋਂ ਆਪਣਾ ਹਿੱਸਾ ਪਹਿਲਾਂ ਹੀ ਲੈ ਚੁੱਕਾ ਹੈ। ਉਹ ਆਪਣੇ ਹਿੱਸੇ ਵਿਚੋਂ ਵਾਧੂ ਪਾਣੀ ਪਹਿਲਾਂ ਹੀ ਦਿੱਲੀ ਨੂੰ ਮੁੱਲ ਵੇਚ ਰਿਹਾ ਹੈ। ਇੰਜ ਹਿਮਾਚਲ ਅਤੇ ਹਰਿਆਣੇ ਦੀਆਂ ਬੇਤੁਕੀਆਂ ਮੰਗਾਂ ਹੁਣ ਪੰਜਾਬ ਦੇ ਲੋਕਾਂ ਨੂੰ ਚੁੱਭਣ ਲੱਗੀਆਂ ਹਨ। ਇਹ ਦੇਸ਼ ਹਿਤ ਵਿਚ ਨਹੀਂ ਹਨ।

ਪਾਣੀ ਪੰਜਾਬ ਕੋਲ ਆਪਣੀਆਂ ਲੋੜਾਂ ਪੂਰੀਆਂ ਕਰਨ ਜੋਗਾ ਵੀ ਨਹੀਂ। ਪੰਜਾਬ ਨਾਲ ਬਹੁਤ ਬੇਇਨਸਾਫ਼ੀ ਹੋ ਚੁੱਕੀ ਹੈ। ਪੰਜਾਬੀਆਂ ਨੇ ਵੀ ਗ਼ਲਤੀਆਂ ਕੀਤੀਆਂ ਹਨ। ਅਸੀਂ ਦੇਸ਼ ਭਗਤ ਬਣੇ ਰਹੇ, ਪਰ ਕਿਸੇ ਨੇ ਸਾਡਾ ਮੁੱਲ ਨਹੀਂ ਪਾਇਆ। ਅਸੀਂ ਦੇਸ਼ ਦਾ ਢਿੱਡ ਭਰਨ ਲਈ ਆਪਣਾ ਧਰਤੀ ਹੇਠਲਾ ਪਾਣੀ ਅਨਾਜ ਵਿਚ ਤਬਦੀਲ ਕਰ ਕੇ ਦੇਸ਼ ਦੇ ਅੰਨ੍ਹ ਭੰਡਾਰ ਭਰਦੇ ਰਹੇ। ਇਸ ਪਾਣੀ ਦੀ ਕੀਮਤ ਕਦੇ ਵੀ ਕਿਸੇ ਫ਼ਸਲ ਦਾ ਭਾਅ ਮਿਥਣ ਸਮੇਂ ਹਿਸਾਬ 'ਚ ਨਹੀਂ ਲਈ ਗਈ। ਸਾਡਾ ਪਾਣੀ ਮੁਫ਼ਤ ਵਿਚ ਦੇਸ਼ ਭਗਤੀ ਦੀ ਕੁਰਬਾਨੀ ਚੜ੍ਹ ਗਿਆ। ਅਸੀਂ ਟਿਊਬਵੈੱਲ ਕੁਨੈਕਸ਼ਨ ਲੈ ਲਏ ਅਤੇ ਨਹਿਰੀ ਪਾਣੀ ਦੇ ਖਾਲ਼ੇ ਢਾਹ ਦਿੱਤੇ। ਸਾਡਾ ਪਾਣੀ ਹਰਿਆਣੇ ਅਤੇ ਰਾਜਸਥਾਨ ਨੂੰ ਬਿਨਾਂ ਲੇਖੇ ਪੱਤੇ ਜਾਂਦਾ ਰਿਹਾ। ਅੱਜ ਸਾਡਾ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਚਾਰ ਸਾਲ ਤੋਂ ਵੱਧ ਨਹੀਂ ਲੰਘਣੇ ਜਦੋਂ ਸਾਡੇ ਕੋਲ ਪੀਣ ਲਈ ਪਾਣੀ ਨਹੀਂ ਬਚੇਗਾ। ਅਸੀਂ ਬਹੁਤ ਅਵੇਸਲੇ ਹਾਂ, ਸਭ ਨੂੰ ਜਾਗਣਾ ਪਵੇਗਾ।

ਸਾਡੇ ਅੱਜ ਦੇ ਮੁੱਖ ਮੰਤਰੀ ਵੀ ਪੰਜਾਬ ਲਈ ਚਿੰਤਤ ਨਹੀਂ। ਇਸ ਦੀ ਮਿਸਾਲ 21 ਮਈ ਨੂੰ ਮੁੱਖ ਮੰਤਰੀ ਵਲੋਂ ਰਾਜਸਥਾਨ ਦੇ ਇਕ ਐਮ.ਪੀ. ਸ੍ਰੀ ਹਨੂੰਮਾਨ ਬੈਨੀਵਾਲ ਅਤੇ ਰਾਜਸਥਾਨ ਦੀਆਂ ਕਿਸਾਨ ਜਥੇਬੰਦੀਆਂ ਨਾਲ ਬਠਿੰਡਾ ਵਿਖੇ ਕੀਤੀ ਮੀਟਿੰਗ ਤੋਂ ਮਿਲਦੀ ਹੈ। ਆਪਣੀ ਰਾਜਨੀਤੀ ਲਈ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇਣ ਲਈ ਸ੍ਰੀ ਭਗਵੰਤ ਮਾਨ ਇੰਨੇ ਕਾਹਲੇ ਸਨ ਕਿ ਉਹ ਇਸ ਮੀਟਿੰਗ 'ਚ ਉਚੇਚੇ ਤੌਰ 'ਤੇ ਪੰਜਾਬ ਦੇ ਸਭ ਤੋਂ ਵੱਡੇ ਅਧਿਕਾਰੀ, ਆਪਣਾ ਪ੍ਰਿੰਸੀਪਲ ਸਕੱਤਰ, ਸਾਰੇ ਚੀਫ਼ ਇੰਜੀਨੀਅਰ, ਬੀ.ਬੀ.ਐਮ.ਬੀ. ਦੇ ਅਧਿਕਾਰੀ ਅਤੇ ਹੋਰ ਸਾਰਾ ਅਮਲਾ ਫੈਲਾ ਨਾਲ ਲੈ ਕੇ ਗਏ। ਮੀਟਿੰਗ ਵਿਚ ਮੁੱਖ ਮੰਤਰੀ ਰਾਜਸਥਾਨ ਨੂੰ ਪੰਜਾਬ ਦੇ ਹਿੱਸੇ ਵਿਚੋਂ ਹੋਰ ਪਾਣੀ ਦੇਣਾ ਮੰਨ ਕੇ ਆਏ ਅਤੇ ਮੀਡੀਆ ਸਾਹਮਣੇ ਝੂਠ ਬੋਲ ਗਏ ਅਤੇ ਮੁੱਕਰ ਗਏ। ਇਸ ਦਾ ਪਰਦਾਫਾਸ਼ ਉਸ ਸਮੇਂ ਹੋ ਗਿਆ ਜਦੋਂ ਬਠਿੰਡਾ ਤੋਂ ਹਨੂੰਮਾਨਗੜ੍ਹ ਜਾ ਕੇ ਰਾਜਸਥਾਨ ਵਾਲਿਆਂ ਨੇ ਖ਼ੁਸ਼ੀ ਵਿਚ ਆਤਿਸ਼ਬਾਜ਼ੀ ਚਲਾਈ ਅਤੇ ਸ੍ਰੀ ਭਗਵੰਤ ਮਾਨ ਦਾ ਧੰਨਵਾਦ ਅਤੇ ਗੁਣਗਾਨ ਕੀਤਾ। ਰਾਜਸਥਾਨ ਦਾ ਮੀਡੀਆ ਇਸ ਦਾ ਗਵਾਹ ਹੈ।

ਸਾਡੇ ਕੋਲ ਸਬੂਤ ਹਨ ਕਿ ਕਿਵੇਂ ਰਾਜਸਥਾਨ ਨੂੰ 21 ਮਈ ਤੋਂ ਬਾਅਦ ਲਗਾਤਾਰ ਪੰਜਾਬ ਦੇ ਹਿੱਸੇ ਵਿਚੋਂ ਵੀ ਵਾਧੂ ਪਾਣੀ ਰਾਜਸਥਾਨ ਨੂੰ ਜਾ ਰਿਹਾ ਹੈ। ਬੀਕਾਨੇਰ ਕੈਨਾਲ ਜਿਸ ਨੂੰ ਗੰਗ ਨਹਿਰ ਕਿਹਾ ਜਾਂਦਾ ਹੈ, ਉਸ ਵਿਚ ਰਾਜਸਥਾਨ ਦੇ ਹਿੱਸੇ ਦਾ 1500 ਕਿਊਸਕ ਪਾਣੀ ਜਾਣਾ ਚਾਹੀਦਾ ਹੈ, ਪਰ ਜਾ 2800 ਤੋਂ 3000 ਕਿਊਸਕ ਰਿਹਾ ਹੈ। ਇੰਦਰਾ ਗਾਂਧੀ ਕੈਨਾਲ ਵਿਚ ਵੀ ਰਾਜਸਥਾਨ ਦੇ ਹਿੱਸੇ ਨਾਲੋਂ ਪੰਜਾਬ ਦੇ ਹਿੱਸੇ ਦਾ 2000 ਤੋਂ 2500 ਕਿਊਸਕ ਵਾਧੂ ਪਾਣੀ ਰਾਜਸਥਾਨ ਨੂੰ ਜਾ ਰਿਹਾ ਹੈ। ਭਾਰਤ ਸਰਕਾਰ ਨੇ ਇਨ੍ਹਾਂ ਦੋਵਾਂ ਨਹਿਰਾਂ ਉੱਤੇ ਪਾਣੀ ਨਾਪਣ ਲਈ ਮਸ਼ੀਨਾਂ ਲਾਈਆਂ ਹੋਈਆਂ ਹਨ। ਇਹ ਮਸ਼ੀਨਾਂ ਹਰ ਦੋ ਘੰਟੇ ਬਾਅਦ ਪਾਣੀ ਨਾਪ ਕੇ ਰਿਕਾਰਡ ਦਰਜ ਕਰਦੀਆਂ ਹਨ। ਮੇਰੇ ਕੋਲ 29 ਅਪ੍ਰੈਲ ਤੋਂ 15 ਜੂਨ ਤੱਕ ਦਾ ਸਾਰਾ ਰਿਕਾਰਡ ਮੌਜੂਦ ਹੈ। ਭਾਖੜਾ ਮੇਨ ਲਾਈਨ ਤੋਂ ਕਿੰਨਾ ਵਾਧੂ ਪਾਣੀ ਪੰਜਾਬ ਦੇ ਹਿੱਸੇ ਵਿਚੋਂ ਰਾਜਸਥਾਨ ਅਤੇ ਹਰਿਆਣਾ ਨੂੰ ਜਾਂਦਾ ਹੈ, ਉਸ ਦਾ ਰਿਕਾਰਡ ਨਹੀਂ। ਪੰਜਾਬ ਸਰਕਾਰ ਇੰਜ ਅੱਖਾਂ ਮੀਚੀ ਬੈਠੀ ਹੈ ਜਿਵੇਂ ਪਾਣੀ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਾ ਹੋਵੇ। ਅਸਲ ਵਿਚ ਸਾਡੀ ਜਾਣਕਾਰੀ ਅਨੁਸਾਰ ਰਾਜਸਥਾਨ ਦੀਆਂ ਨਵੰਬਰ 'ਚ ਹੋਣ ਵਾਲੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਸ੍ਰੀ ਹਨੂੰਮਾਨ ਬੈਨੀਵਾਲ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰ ਕੇ, ਉਨ੍ਹਾਂ ਨੂੰ ਰਾਜਸਥਾਨ ਦੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨਾ ਚਾਹੁੰਦੀ ਹੈ।


ਸਪੱਸ਼ਟ ਹੈ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਆਪਣੀ ਅਤੇ ਆਪਣੀ ਪਾਰਟੀ ਦੀਆਂ ਰਾਜਸੀ ਲੋੜਾਂ ਪੂਰੀਆਂ ਕਰਨ ਲਈ ਮੁਫ਼ਤ ਵਿਚ ਰਾਜਸਥਾਨ ਨੂੰ ਪਾਣੀ ਦੇ ਰਹੇ ਹਨ। ਪੰਜਾਬ ਲਈ ਪਾਣੀ ਅੱਜ ਸਭ ਤੋਂ ਗੰਭੀਰ ਮੁੱਦਾ ਹੈ। ਪਾਣੀ ਦੇ ਅੱਜ ਤੱਕ ਪੰਜਾਬ ਨਾਲ ਜਿੰਨੇ ਵੀ ਸਮਝੌਤੇ ਹੋਏ ਹਨ, ਸਾਰੇ ਗ਼ੈਰ-ਸੰਵਿਧਾਨਕ ਹਨ। ਇਸ ਲਈ ਅਸੀਂ ਇਸ ਸੰਬੰਧੀ ਇਕ ਵੱਡੇ ਅੰਦੋਲਨ ਦੀ ਤਿਆਰੀ ਕਰ ਰਹੇ ਹਾਂ, 5 ਅਗਸਤ 2023 ਨੂੰ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੁਹਾਲੀ ਸਾਹਮਣੇ ਇਕ ਵੱਡੀ ਰੈਲੀ ਰੱਖੀ ਗਈ ਹੈ, ਜਿੱਥੋਂ ਕੇਂਦਰ ਅਤੇ ਰਾਜ ਸਰਕਾਰ ਨੂੰ ਅੰਦੋਲਨ ਦਾ ਨੋਟਿਸ ਦਿੱਤਾ ਜਾਵੇਗਾ। ਮੁੱਖ ਤੌਰ 'ਤੇ ਪੰਜਾਬ ਦੇ ਪਾਣੀਆਂ ਦਾ ਮਸਲਾ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਰਥਾਤ ਫੈਡਰਲ ਸਿਸਟਮ ਅਤੇ ਵਾਤਾਵਰਨ ਆਦਿ ਦੀਆਂ ਮੰਗਾਂ ਇਸ ਅੰਦੋਲਨ ਦਾ ਹਿੱਸਾ ਹੋਣਗੀਆਂ। ਕਿਸਾਨਾਂ ਦਾ ਕਰਜ਼ਾ ਅਤੇ ਅਵਾਰਾ ਪਸ਼ੂਆਂ ਵਰਗੇ ਮੁੱਦੇ ਵੀ ਸ਼ਾਮਿਲ ਕੀਤੇ ਜਾਣਗੇ। ਪਾਣੀ ਕੇਵਲ ਕਿਸਾਨਾਂ ਦਾ ਮਸਲਾ ਨਹੀਂ, ਇਹ ਸਮਾਜ ਦੇ ਹਰ ਵਰਗ ਦਾ ਮਸਲਾ ਹੈ। ਸਮਾਂ ਮੰਗ ਕਰਦਾ ਹੈ ਕਿ ਸਾਰਾ ਪੰਜਾਬੀ ਭਾਈਚਾਰਾ ਇਸ ਵੱਡੇ ਸੰਘਰਸ਼ ਲਈ ਹੁਣੇ ਤੋਂ ਹੀ ਕਮਰਕੱਸੇ ਕਰੇ। -0-

# ਹਾਲੀਵੁੱਡ ਦਾ ਪੂਰਨ ਸਿੱਖੀ ਸਰੂਪ ਵਾਲਾ ਪ੍ਰਸਿੱਧ ਐਕਟਰ ਤੇ ਮਾਡਲ, ਵਾਰਿਸ ਸਿੰਘ ਆਹਲੂਵਾਲੀਆ

ਕਮਾਂਡੈਂਟ ਬਲਰਾਜ ਸਿੰਘ, ਪੰਡੋਰੀ ਸਿੱਧਵਾਂ 95011-00062

ਵਾਰਿਸ ਸਿੰਘ ਆਹਲੂਵਾਲੀਆ ਨਿਊਯਾਰਕ ਦਾ ਰਹਿਣ ਵਾਲਾ ਇੱਕ ਹਰਫਨਮੌਲਾ ਵਿਅਕਤੀ ਤੇ ਸੰਪੂਰਨ ਸਿੱਖੀ ਸਰੂਪ ਵਾਲਾ ਕਲਾਕਾਰ ਹੈ। ਉਹ ਐਕਟਰ, ਮਾਡਲ, ਦਾਨਵੀਰ ਤੇ ਕੱਪੜਿਆਂ ਅਤੇ ਜ਼ੇਵਰਾਂ ਦਾ ਵਿਸ਼ਵ ਪ੍ਰਸਿੱਧ ਡਿਜ਼ਾਈਨਰ ਹੈ। ਉਸ ਦਾ ਜਨਮ 1974 ਵਿੱਚ ਅੰਮ੍ਰਿਤਸਰ ਵਿਖੇ ਹੋਇਆ ਸੀ ਤੇ ਜਦੋਂ ਉਹ ਪੰਜ ਸਾਲ ਦਾ ਸੀ ਤਾਂ ਉਸ ਦਾ ਪਰਿਵਾਰ ਨਿਊਯਾਰਕ ਹਿਜ਼ਰਤ ਕਰ ਗਿਆ ਸੀ। ਉਸ ਨੇ ਕੋਲੰਬੀਆ ਯੂਨੀਵਰਸਿਟੀ 'ਤੋਂ ਫੈਸ਼ਨ ਡਿਜ਼ਾਇਨਿੰਗ ਦੀ ਡਿਗਰੀ ਹਾਸਲ ਕੀਤੀ ਤੇ ਕੁਝ ਸਾਲ ਪ੍ਰਸਿੱਧ ਫੈਸ਼ਨ ਡਿਜ਼ਾਇਨਰਾਂ ਨਾਲ ਕੰਮ ਕਰਨ ਤੋਂ ਬਾਅਦ ਆਪਣੀ ਕੰਪਨੀ ਹਾਊਸ ਆਫ ਵਾਰਿਸ ਦੀ ਸ਼ੁਰੂਆਤ ਕਰ ਲਈ। ਅੱਜ ਇਹ ਕੰਪਨੀ ਵਿਸ਼ਵ ਪੱਧਰ 'ਤੇ ਕਰੋੜਾਂ ਦਾ ਕਾਰੋਬਾਰ ਕਰ ਰਹੀ ਹੈ। ਉਸ ਦੀ ਕੰਪਨੀ ਦੇ ਜ਼ੇਵਰ ਅਤੇ ਕੱਪੜੇ ਪੁਰਾਣੇ ਸ਼ਾਹੀ ਘਰਾਣਿਆ ਦੇ ਡਿਜ਼ਾਈਨਾਂ ਤੋਂ ਪ੍ਰਭਾਵਿਤ ਹਨ। ਇਸ ਲਈ ਉਹ ਸਾਲ ਵਿੱਚ ਕਈ ਵਾਰ ਰੋਮ ਅਤੇ ਰਾਜਸਥਾਨ ਦਾ ਦੌਰਾ ਕਰਦਾ ਹੈ ਤੇ ਸੁਨਿਆਰਿਆਂ ਅਤੇ ਦਰਜ਼ੀਆਂ ਦੇ ਉਹਨਾਂ ਘਰਾਣਿਆਂ ਤੋਂ ਕੰਮ ਕਰਵਾਉਂਦਾ ਹੈ ਜੋ ਸਦੀਆਂ ਤੋਂ ਰਾਜਿਆਂ ਮਹਾਰਾਜਿਆ ਦੇ ਜ਼ੇਵਰ ਅਤੇ ਕੱਪੜੇ ਤਿਆਰ ਕਰਦੇ ਰਹੇ ਹਨ।

ਵਾਰਿਸ ਦਾ ਮਾਡਲਿੰਗ ਕੈਰੀਅਰ ਵੀ ਬੁਲੰਦੀਆਂ 'ਤੇ ਹੈ ਤੇ ਉਹ ਕਈ ਵਾਰ ਵੋਗ ਅਤੇ ਵੈਨਿਟੀ ਫੇਅਰ ਵਰਗੇ ਸੰਸਾਰ ਦੇ ਚੋਟੀ ਦੇ ਫੈਸ਼ਨ ਮੈਗਜ਼ੀਨਾਂ ਦੇ ਕਵਰ 'ਤੇ ਛਪ ਚੁੱਕਾ ਹੈ। ਉਹ ਇਸ ਵੇਲੇ ਜ਼ੇਵਰ ਨਿਰਮਾਣ ਵਿੱਚ ਵੱਡਾ ਨਾਮ ਹੈ ਤੇ ਡੀ ਬੀਅਰਜ਼, ਟਿਲਡਾ ਸਵਿੰਟਨ, ਪਰਿੰਗਲ ਆਫ ਸਕਾਟਲੈਂਡ, ਬੈਂਜਾਮੀ ਚੋਅ, ਲੁੱਕਮੈਟਿਕ, ਦੀ ਵੈੱਬਸਟਰ ਮਿਆਮੀ ਅਤੇ ਕੋਈਲੈਟ ਪੈਰਿਸ ਆਦਿ ਵਰਗੀਆਂ ਦੁਨੀਆਂ ਦੀਆਂ ਚੋਟੀ ਦੀਆਂ ਜ਼ੇਵਰ ਕੰਪਨੀਆਂ ਨਾਲ ਮਿਲ ਕੇ ਮਰਦਾਂ ਅਤੇ ਔਰਤਾਂ ਵਾਸਤੇ ਜ਼ੇਵਰ ਤਿਆਰ ਕਰਦਾ ਹੈ। ਉਹ ਇਨਸਾਨੀਅਤ ਦੇ ਭਲੇ ਵਾਸਤੇ ਵੀ ਵਧ ਚੜ੍ਹ ਕੇ ਯੋਗਦਾਨ ਪਾਉਂਦਾ ਹੈ। ਨਵੰਬਰ 2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਪੀੜਤਾਂ ਵਾਸਤੇ ਉਸ ਨੇ ਆਪਣੇ ਸਾਥੀਆਂ ਮਾਰਟੀਅਰ ਸਿੰਗਰ ਅਤੇ ਟੀਨਾ ਭੋਜਵਾਨੀ ਨਾਲ ਮਿਲ ਕੇ 11 ਕਰੋੜ ਰੁਪਏ ਦੀ ਮਦਦ ਭੇਜੀ ਸੀ। 2013 ਵਿੱਚ ਉਸ ਨੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਡਿਜ਼ਾਈਨਰ ਕੱਪੜਿਆਂ ਦੇ ਹਾਊਸ ਆਫ ਵਾਰਿਸ ਨਾਮਕ ਸਟੋਰ ਖੋਲ੍ਹੇ ਹਨ ਜੋ ਸਫਲਤਾ ਪੂਰਵਕ ਚੱਲ ਰਹੇ ਹਨ।



ਦਾ ਲਾਈਫ ਐਕੁਐਟਿਕ (2004) ਉਸ ਦੀ ਪਹਿਲੀ ਫਿਲਮ ਸੀ। ਉਹ ਹੁਣ ਤੱਕ 14 ਫਿਲਮਾਂ ਤੇ 6 ਟੀ.ਵੀ ਸੀਰੀਅਲਾਂ ਵਿੱਚ ਕੰਮ ਕਰ ਚੁੱਕਾ ਹੈ। ਵਾਰਿਸ ਆਹਲੂਵਾਲੀਆ ਦੀ ਸਭ ਤੋਂ ਵੱਡੀ ਸਫਲਤਾ ਇਹ ਹੈ ਕਿ ਉਹ ਹਾਲੀਵੁੱਡ ਦੀਆਂ ਫਿਲਮਾਂ ਵਿੱਚ ਪੂਰਨ ਸਿੱਖੀ ਸਰੂਪ ਵਿੱਚ ਕੰਮ ਕਰਦਾ ਹੈ ਜਿਸ ਕਾਰਨ ਅਮਰੀਕਾ ਵਿੱਚ ਅਲ ਕਾਇਦਾ ਦੁਆਰਾ ਕੀਤੇ ਗਏ 9 ਸਤੰਬਰ 2001 ਦੇ ਹਮਲਿਆ ਤੋਂ ਬਾਅਦ ਆਮ ਅਮਰੀਕਨਾਂਨੂੰ ਇਹ ਸਮਝਾਉਣ ਵਿੱਚ ਸਫਲਤਾ ਮਿਲੀ ਹੈ ਕਿ ਸਿੱਖ ਅਰਬੀਆਂ ਤੋਂ ਅਲੱਗ ਕੌਮੀਅਤ ਦੇ ਲੋਕ ਹਨ। 2006 ਵਿੱਚ ਆਈ ਹਾਲੀਵੁੱਡ ਦੀ ਹਿੱਟ ਫਿਲਮ,ਦੀ ਇਨਸਾਈਡ ਮੈਨ(ਜਿਸ ਵਿੱਚ ਹਾਲੀਵੁੱਡ ਦੇ ਸੁਪਰ ਸਟਾਰ ਡੈਂਜ਼ਲ ਵਾਸ਼ਿੰਗਟਨ ਨੇ ਕੰਮ ਕੀਤਾ ਸੀ) ਵਿੱਚ ਉਸ ਨੇ ਵਿਕਰਮ ਵਾਲੀਆ ਨਾਮਕ ਬੈਂਕ ਮੁਲਾਜ਼ਮ ਦਾ ਰੋਲ ਨਿਭਾਇਆ ਸੀ। ਇਹ ਰੋਲ ਸਿਰਫ ਸਿੱਖਾਂ ਦੀ ਦਸਤਾਰ ਦੀ ਅਹਿਮੀਅਤ ਵਿਖਾਉਣ ਲਈ ਹੀ ਫਿਲਮ ਵਿੱਚ ਪਾਇਆ ਗਿਆ ਸੀ। ਫਿਲਮ ਵਿੱਚ ਕੁਝ ਲੁਟੇਰੇ ਬੈਂਕ 'ਤੇ ਕਬਜ਼ਾ ਕਰ ਲੈਂਦੇ ਹਨ ਤੇ ਮੁਲਾਜ਼ਮਾਂ ਅਤੇ ਗਾਹਕਾਂ ਨੂੰ ਬਾਹਰ ਕੱਢ ਦਿੰਦੇ ਹਨ। ਪੁਲਿਸ ਇਸ ਸ਼ੱਕ ਕਾਰਨ ਕਿ ਕਿਤੇ ਲੁਟੇਰੇ ਇਹਨਾਂ ਵਿੱਚ ਰਲ ਕੇ ਬਾਹਰ ਨਾ ਆ ਗਏ ਹੋਣ, ਸਭ ਨੂੰ ਘੇਰ ਲੈਂਦੇ ਹਨ ਤੇ ਤਲਾਸ਼ੀ ਲੈਂਦੇ ਹਨ। ਜਦੋਂ ਇੱਕ ਪੁਲਿਸ ਅਫਸਰ ਵਾਰਿਸ ਦੀ ਦਸਤਾਰ ਉਤਾਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਅੱਗੋਂ ਚਿਲਾਉਂਦਾ ਹੈ ਕਿ ਮੈਂ ਸਿੱਖ ਹਾਂ, ਮੇਰੀ ਦਸਤਾਰ ਨੂੰ ਹੱਥ ਨਹੀਂ ਲਾਉਣਾ। ਇਸ 'ਤੇ ਇੱਕ ਸੀਨੀਅਰ ਪੁਲਿਸ ਅਫਸਰ ਉਸ ਪੁਲਿਸ ਵਾਲੇ ਨੂੰ ਸਮਝਾਉਂਦਾ ਹੈ ਕਿ ਦਸਤਾਰ ਨਾ ਉਤਾਰੀ ਜਾਵੇ, ਕਿਉਂਕਿ ਇਹ ਸਿੱਖਾਂ ਲਈ ਪਵਿੱਤਰ ਹੁੰਦੀ ਹੈ।

ਐਨੀ ਪ੍ਰਸਿੱਧੀ ਦੇ ਬਾਵਜੂਦ ਵਾਰਿਸ ਨੂੰ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। 2016 ਵਿੱਚ ਉਸ ਨੂੰ ਦਸਤਾਰ ਉਤਾਰ ਕੇ ਤਲਾਸ਼ੀ ਦੇਣ ਤੋਂ ਇਨਕਾਰ ਕਰਨ ਕਾਰਨ ਮੈਕਸੀਕੋ ਤੋਂ ਨਿਊਯਾਰਕ ਦੀ ਫਲਾਈਟ (ਏਅਰੋ ਮੈਕਸੀਕੋ) ਵਿੱਚ ਸਫਰ ਕਰਨ ਤੋਂ ਰੋਕ ਦਿੱਤਾ ਗਿਆ ਸੀ, ਜਿਸ ਕਾਰਨ ਉਹ ਨਿਊਯਾਰਕ ਫੈਸ਼ਨ ਵੀਕ ਵਿੱਚ ਹਿੱਸਾ ਨਹੀਂ ਸੀ ਲੈ ਸਕਿਆ। ਇਸ ਤੋਂ ਬਾਅਦ ਉਸ ਨੇ ਮੈਕਸੀਕੋ ਇੰਟਰਨੈਸ਼ਨਲ ਏਅਰਪੋਰਟ ਅਥਾਰਟੀ ਅਤੇ ਏਅਰੋ ਮੈਕਸੀਕੋ ਨੂੰ ਸਿੱਖਾਂ ਦੀ ਦਸਤਾਰ ਦੀ ਮਹੱਤਤਾ ਬਾਰੇ ਇੱਕ ਚਿੱਠੀ ਲਿਖ ਕੇ ਭੇਜੀ ਸੀ ਤੇ ਏਅਰਲਾਈਨ ਦੇ ਖਿਲਾਫ ਕੇਸ ਦਾਇਰ ਕੀਤਾ ਸੀ। 2017 ਵਿੱਚ ਏਅਰਪੋਰਟ ਅਤੇ ਏਅਰਲਾਈਨ ਦੇ ਅਧਿਕਾਰੀਆਂ ਨੂੰ ਉਸ ਤੋਂ ਮਾਫੀ ਮੰਗਣੀ ਪਈ ਸੀ। 2010 ਵਿੱਚ ਵੈਨਿਟੀ ਫੇਅਰ ਫੈਸ਼ਨ ਮੈਗਜ਼ੀਨ ਨੇ ਉਸ ਨੂੰ ਵਿਸ਼ਵ ਦੇ ਸਭ ਤੋਂ ਵੱਧ ਸਲੀਕੇਦਾਰ ਢੰਗ ਨਾਲ ਕੱਪੜੇ ਪਹਿਨਣ ਵਾਲੇ ਦਸ ਵਿਅਕਤੀਆਂ ਵਿੱਚ ਸਥਾਨ ਦਿੱਤਾ ਸੀ।

-0-

## ਕਾਵਿ ਕਿਆਰੀ:

# ਨਵੀਂ ਪੁਰਾਣੀ ਤਹਿਜ਼ੀਬ

–ਵਿਧਾਤਾ ਸਿੰਘ ਤੀਰ

ਹੱਥ ਵੇਲਾ ਨਹੀਂ ਆਉਂਦਾ, ਹੱਥੋਂ ਜੋ ਗਵਾਚ ਗਿਆ।
ਉਹ ਜੋਬਨ ਨਹੀਂ ਮੁੜਦਾ, ਜੋ ਪਤਰਾ ਵਾਚ ਗਿਆ। ਸ਼
ਪਾਣੀ ਦਰਿਆਵਾਂ ਦੇ, ਇੱਕ ਵਾਰ ਜੋ ਵਹਿ ਗਏ ਹਨ।
'ਪਰਤਣ ਨਾ ਪਤਣਾ ਤੇ', ਇਹ ਦਾਨੇ ਕਹਿ ਗਏ ਹਨ।
ਤਦਬੀਰ ਲਿਆਏ ਕਿਵੇਂ, ਤਕਦੀਰ ਜੋ ਲੈ ਗਈ ਹੈ।
ਗੱਲਾਂ ਹਨ ਚੱਲੀਆਂ ਤਾਂ, ਗੱਲ ਕਰਨੀ ਪੈ ਗਈ ਹੈ।
ਤਹਿਜ਼ੀਬ ਗਵਾਈ ਨਹੀਂ, ਅਸਾਂ ਅਕਲ ਗਵਾ ਲਈ ਹੈ।
'ਕਪਲਾ ਗਊ' ਦੇ ਕੇ ਘਰੋਂ, ਇੱਕ 'ਖੋਤੀ' ਵਟਾ ਲਈ ਹੈ।
ਦੁੱਧ ਪੀਣੋਂ ਰਹਿ ਗਏ ਹਾਂ, ਲਿਦ ਝੋਲੀ ਪਾ ਲਈ ਹੈ।
ਕੀ ਲਈ ਤਹਿਜ਼ੀਬ ਨਵੀਂ, ਗਲ ਜ਼ਹਿਮਤ ਲਾ ਲਈ ਹੈ।
ਜੇ ਇਹ ਵੀ ਕਹਿ ਦੇਈਏ, ਮਾਸਾ ਨਹੀਂ ਝੂਠ ਕੋਈ।
ਰਿਸ਼ੀਆਂ ਦੇ ਚੌਂਕੇ ਵਿੱਚ, ਪੱਛਮ ਦੀ 'ਜੂਠ' ਕੋਈ।
ਆਈ ਅੱਗ ਲੈਣ ਲਈ, ਆ ਕੇ ਘਰ ਪਾ ਬੈਠੀ।
ਭਾਰਤ ਦਾ ਸਾਊ-ਪੁਣਾ, ਸਭ ਰਿੰਨ੍ਹ ਕੇ ਖਾ ਬੈਠੀ।
ਜੋ ਅੱਜ ਤੱਕ ਨਹੀਂ ਆਖੀ, ਉਹ ਆਖੀ ਜਾਣੀ ਹੈ।
ਉਹ ਦੁੱਧ ਸੀ ਬਰਕਤ ਦਾ, ਇਹ ਫੁੱਟ ਦਾ ਪਾਣੀ ਹੈ।
ਉਹ ਜੀਵਨ ਦੇਂਦੀ ਸੀ, ਇਹ ਜੀਵਨ ਲੈਂਦੀ ਹੈ।
ਉਹ ਖਾਣ ਨੂੰ ਦੇਂਦੀ ਸੀ, ਇਹ ਖਾਣ ਨੂੰ ਪੈਂਦੀ ਹੈ।
ਉਹ ਬਾਂਹ ਬਣਾਂਦੀ ਸੀ, ਇਹ ਬਾਹਵਾਂ ਭੰਨਦੀ ਹੈ।
ਉਹ ਭੋਲੀ ਭਾਲੀ ਸੀ, ਇਹ ਚੰਚਲ ਮਨ ਦੀ ਹੈ।
ਉਹ ਵੀਰ ਮਨਾਂ ਦੀ ਸੀ, ਇਹ ਵੀਰ ਲੜਾਂਦੀ ਹੈ।
ਉਹ ਛਾਵੇਂ ਸੁੱਟਦੀ ਸੀ, ਇਹ ਸੁੱਕਣੇ ਪਾਂਦੀ ਹੈ।
ਉਸ ਵਿੱਚ ਇੱਕ ਕਰਦਾ ਸੀ, ਸਭ ਟੱਬਰ ਖਾਂਦਾ ਸੀ।
ਸੀ ਸਮੇਂ ਅਜ਼ਾਦੀ ਦੇ, ਹਿੰਦ ਢੋਲੇ ਗਾਂਦਾ ਸੀ।
ਇਸ ਵਿੱਚ ਮਰ ਮਰ ਕੇ ਵੀ, ਸਭ ਭੁੱਖੇ ਮਰਦੇ ਹਨ।
ਹਉਕੇ ਦਿਨ ਰਾਤ ਭਰਨ, ਪਰ ਪੇਟ ਨਾ ਭਰਦੇ ਹਨ।
ਕਿਰਤੀ ਦੀ ਛਾਤੀ 'ਤੇ, ਇਹ ਮੂੰਗ ਪਈ ਦਲਦੀ ਹੈ।
ਰੱਤ ਪੀ ਪੀ ਲਿੱਸਿਆਂ ਦੀ, ਇਦ੍ਹੀ ਗੋਗੜ ਪਲਦੀ ਹੈ।
ਬਿਜਲੀ ਦੇ ਲਾਟੂ ਜੋ, ਇਸ ਦੇ ਘਰ ਜਗਦੇ ਹਨ।
ਉਹ ਨੈਣ ਗ਼ਰੀਬਾਂ ਦੇ, ਕੱਢੇ ਹੋਏ ਲੱਗਦੇ ਹਨ।
ਖੱਲ ਲਾਹ ਲਾਹ ਲੋਕਾਂ ਦੀ, ਇਹ ਸੂਟ ਸਿਵਾਉਂਦੀ ਹੈ।
ਪੀਹ ਪੀਹ ਮਜ਼ਦੂਰਾਂ ਨੂੰ, ਇਹ ਪਾਊਡਰ ਲਾਉਂਦੀ ਹੈ।
ਆ ਕੇ ਇਸ ਚੰਦਰੀ ਨੇ, ਹੋਣੀ ਵਰਤਾ ਦਿੱਤੀ।
ਲਾਲੀ ਸਭ ਭਾਰਤ ਦੀ, ਢੰਗ ਨਾਲ ਉਡਾ ਦਿੱਤੀ।
ਪਿਛਲੇ ਵਰਿਆਮਾਂ ਦੇ, ਹੁਣ 'ਨਾਂਵੇਂ' ਰਹਿ ਗਏ ਹਨ।
ਅੱਜ ਕੱਲ੍ਹ ਦੇ ਗਭਰੂ ਤਾਂ, ਪਰਛਾਵੇਂ ਰਹਿ ਗਏ ਹਨ।
ਪੈਲੀ ਦੀ ਵਾਟ ਕਰਨ, ਤਾਂ ਕੋਠੀ ਹਲਦੀ ਹੈ।
ਮੂੰਗੀ ਦੀ ਦਾਲ ਪਈ, ਨਾ ਢਿੱਡ ਵਿੱਚ ਗਲਦੀ ਹੈ।
ਇਹ ਬਿਜਲੀ ਕੜਕ ਪਈ, ਭਾਰਤ ਦੇ ਵੇਸਾਂ 'ਤੇ।
ਇਸ ਕੈਂਚੀ ਧਰ ਦਿੱਤੀ, ਕੁੜੀਆਂ ਦਿਆਂ ਕੇਸਾਂ 'ਤੇ।
ਕੀ ਹੈ ਤਹਿਜ਼ੀਬ ਨਵੀਂ, ਟਿੱਕਾ ਬਦਨਾਮੀ ਦਾ।
ਹਿੰਦ ਦੇ ਗਲ਼ ਲਟਕ ਰਿਹਾ, ਇੱਕ ਤੌਕ ਗ਼ੁਲਾਮੀ ਦਾ।

# ਨਹੀਓਂ ਲੱਭਣੇ ਲਾਲ ਗੁਆਚੇ (ਦੋਹੇ)

**ਸਤਿੰਦਰ ਸਿੰਘ 'ਓਠੀ' 99882-21227**

ਹੋਇਆ ਮੁਸ਼ਕਲ ਲੱਭਣਾ ਭੀੜਾਂ ਤੋਂ ਇਨਸਾਨ।
ਹਰਦਮ ਰਹਿੰਦਾ ਬੁੱਕਦਾ ਜ਼ਿਹਨ ਵਿੱਚ ਸ਼ੈਤਾਨ।
ਵੇਖੋ ਮਾਨਵ ਖਾ ਰਿਹਾ ਇਕ ਦੂਜੇ ਨੂੰ ਤੋੜ।
ਗਿਰਝਾਂ ਇਹ ਕਹਿ ਉੱਡੀਆ ਹੁਣ ਨਾ ਸਾਡੀ ਲੋੜ
ਖਿੱਚੀ ਸੀ ਜੋ ਗੋਰਿਆ ਵਾਹਗੇ ਵਾਲੀ ਲੀਕ।
ਚਿਰ ਹੋਇਆ ਨਾ ਥੰਮ੍ਹੀਆਂ ਚੀਸਾਂ ਹਾਲੇ ਤੀਕ।
ਦੀਵੇ ਸੁੱਚੀ ਸੋਚ ਦੇ ਮਸਤਕ ਵਿੱਚ ਤੂੰ ਬਾਲ।
ਵਿਰਸਾ, ਕਦਰਾਂ - ਕੀਮਤਾਂ ਸਾਹਾਂ ਵਾਂਗ ਸੰਭਾਲ।
ਪੈਪਸੀ - ਕੋਲਾ ਪੀ ਕੇ ਮਿਟ ਨਾ ਸਕੀ ਪਿਆਸ
ਪਾਣੀ ਪੀਤਾ ਘੜੇ ਦਾ ਖਿੜਿਆ ਚਿੱਤ ਉਦਾਸ।
ਆਲੀਸ਼ਾਨ ਇਮਾਰਤਾਂ ਵੱਡੇ ਕਾਰੋਬਾਰ।
ਸਭ ਕੁਝ ਵੱਡਾ ਹੋ ਗਿਆ ਪਰ ਬਣੇ ਨਾ ਕਿਰਦਾਰ
ਪਾਣੀ, ਰੁੱਖ ਤੇ ਹਵਾ ਦੀ, ਜੇ ਨਾ ਕਰੀ ਸੰਭਾਲ।
ਲੱਖ ਖ਼ਜ਼ਾਨੇ ਸਾਂਭ ਲੈ, ਹੋ ਜਾਣਾ ਕੰਗਾਲ।
ਕਰੀਏ ਗੱਲ ਵਿਚਾਰ ਕੇ ਬਣੀਏ ਨਾ ਮੂੰਹ ਫੱਟ।
ਢਾਈ ਇੰਚ ਦੀ ਜੀਭ ਜੋ ਲਾਉਂਦੀ ਡੂੰਘੀ ਸੱਟ।
ਉਹ ਜੋ ਸੱਥ ਵਿੱਚ ਆਣ ਕੇ ਹੱਸਦਾ ਤਾੜੀ ਮਾਰ।
ਅਕਸਰ ਬੈਠ ਅਛੋਪਲੇ ਰੋਂਦਾ ਜ਼ਾਰੋ ਜ਼ਾਰ।
ਕਹਿਣ ਤਰੱਕੀ ਕਰ ਲਈ, ਸ਼ੱਕੀ ਨੇ ਕਿਰਦਾਰ।
ਬਿਰਧ ਘਰਾਂ ਵਿੱਚ ਰੌਣਕਾਂ ਟੁੱਟੇ ਘਰ-ਪਰਿਵਾਰ
ਉੱਚੀ - ਨੀਵੀਂ ਜਾਤ ਨਾ ਸਭ ਥਾਂ ਵੱਸੇ ਆਪ।
ਖਲਕਤ ਪਰਜਾ ਰੱਬ ਦੀ ਸਭ ਦਾ ਇੱਕ ਬਾਪ।

# ਜੋ ਉਹ ਚਾਹੇ ਸੋਈ ਹੋਗ

ਦੇਖੇ ਕਰ ਕਰ ਵੱਖ ਪ੍ਰਯੋਗ।
ਹੁੰਦੇ ਸਫਲ ਤਾਂ ਜੋ ਸੰਯੋਗ।
ਬੰਦੇ ਦੇ ਵੱਸ ਸੁੱਖ ਦੁੱਖ ਕੋਈ ਨਾ
ਮਿਲਦਾ ਉਹ ਹੈ, ਜਿਸ ਦੇ ਯੋਗ।
ਉਸ ਦੇ ਹੁਕਮੋਂ ਬਾਹਰ ਹੋ ਕੇ,
ਬੰਗਲਾ ਦੌਲਤ ਬਣਦੇ ਰੋਗ।
ਖੱਟਣ ਤੁਰੇ ਵਿਦੇਸ਼ੀਂ ਸੱਜਣ,
ਸਹਿਣਾ ਔਖਾ ਦਰਦ ਵਿਯੋਗ।
ਮਾਲ ਜੋੜਿਆ, ਨਾਲ ਨਾ ਜਾਣਾ
ਤੇਰਾ ਤਾਂ ਬਸ ਪੰਛੀ-ਚੋਗ।
ਦਲਵਿੰਦਰ ਤਾਂ ਹੁਕਮ ਦਾ ਬੰਦਾ,
ਜੋ ਉਹ ਚਾਹੇ ਸੋਈ ਹੋਗ।

**ਸੰਪਾਦਕੀ** **ਸਫਾ 6 ਦਾ ਬਾਕੀ** **ਸੰਪਾਦਕੀ**

ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਆਖਦਾ ਹੈ ਕਿ ਜੇ ਕਰਨਾਟਕਾ ਵਿਚ ਕਾਂਗਰਸ ਆਉਂਦੀ ਹੈ ਇਹ ਸੂਬਾ ਦੰਗਿਆਂ ਦਾ ਸ਼ਿਕਾਰ ਹੋ ਜਾਏਗਾ।

ਇਕ ਵਿਦਵਾਨ ਦਾ ਕਥਨ ਹੈ—ਜਿਹੜੇ ਲੋਕ ਆਏ ਦਿਨ ਦੰਗਿਆਂ ਦਾ ਜ਼ਿਕਰ ਕਰਕੇ ਪੀੜਤਾਂ ਦੇ ਜ਼ਖ਼ਮਾਂ ਦਾ ਸਿੱਕੜ ਝਰੀਟ ਕੇ ਰਾਜ ਨੀਤੀ ਕਰਦੇ ਹਨ, ਉਨ੍ਹਾਂ ਖ਼ੁਦ ਓਦੋਂ ਕੀ ਕੀਤਾ ਸੀ? ਉਨ੍ਹਾਂ ਨੇ ਅੱਗਾਂ ਲਾ ਕੇ ਅੱਗ ਸੇਕਦੇ ਹੱਥ ਫੜੇ ਕਿਉਂ ਨਹੀਂ ਸੀ? ਨਰਿੰਦਰ ਮੋਦੀ ਦੇ ਕਹਿਰ ਦੇ ਵੇਲੇ ਚੁੱਪ ਰਹਿਣ ਵਾਲੇ ਕਾਂਗਰਸੀਆਂ ਦੇ ਸਿਰ ਗੁਜਰਾਤ ਦਾ ਗੁਨਾਹ ਤੇ ਦਿੱਲੀ ਵਿੱਚ ਕਾਂਗਰਸੀਆਂ ਦੇ ਕਹਿਰ ਨੂੰ ਮੂਕ ਦਰਸ਼ਕ ਬਣ ਕੇ ਵੇਖਣ ਵਾਲੇ ਭਾਜਪਾਈਆਂ ਦੇ ਸਿਰ ਦਿੱਲੀ ਦਾ ਦੋਸ਼ ਵੀ ਹੈ। ਆਪੋ ਆਪਣੇ ਗੁਨਾਹ ਦਾ ਲੇਖਾ ਇਹ ਆਗੂ ਕਦੋਂ ਦੇਣਗੇ? -0-

# ਬੇਬੇ ਦੀਆਂ ਯਾਦਾਂ

-ਗੁਰਮੀਤ ਸਿੰਘ ਮਦਨੀਪੁਰ # 98554-51101-

ਬੇਬੇ 93 ਸਾਲ ਦੀ ਸੀ ਜਦੋਂ ਮੇਰਾ ਵਿਆਹ ਹੋਇਆ। ਮੈਨੂੰ ਨਹੀਂ ਯਾਦ ਕਿ ਉਸਨੇ ਸਾਡੇ ਚਾਚੇ-ਤਾਏ ਦੇ ਪੰਜ ਭਰਾਵਾਂ ਵਿੱਚੋਂ ਕਿਸੇ ਹੋਰ ਦੇ ਵਿਆਹ ਵਿੱਚ ਗਿੱਧਾ ਪਾਇਆ ਹੋਵੇ, ਓਹ ਵੀ ਖੂੰਡੀ ਫੜ੍ਹ ਕੇ ਜਿੰਦਾ ਮੇਰੇ ਵਿਆਹ ਨੂੰ ਪਾਇਆ। ਮੈਨੂੰ ਹਮੇਸ਼ਾਂ ਇਹ ਅਹਿਸਾਸ ਰਹਿੰਦਾ ਹੈ ਕਿ ਜਿੰਨਾ ਪਿਆਰ ਮੈਨੂੰ ਰਿਸ਼ਤਿਆਂ ਤੇ ਰਿਸ਼ਤੇਦਾਰੀਆਂ ਵਿੱਚੋਂ ਮਿਲਿਆ ਹੈ, ਸ਼ਾਇਦ ਆਮ ਬੱਚਿਆਂ ਤੋਂ ਵੱਧ ਮਿਲਿਆ। ਨਾਨਕੇ ਜਿੰਨੀਆਂ ਸ਼ਰਾਰਤਾਂ ਕੀਤੀਆਂ ਤੇ ਪਿਆਰ ਮਿਲਿਆ ਉਹ ਅਭੁੱਲ ਹੀ ਹੈ, ਕਦੇ ਫੇਰ ਯਾਦਾਂ ਵਿੱਚ ਦੁਹਰਾਵਾਂਗਾ। ਅੱਜ ਬੇਬੇ ਦੀ ਯਾਦ ਤਾਜਾ ਕਰਨ ਦਾ ਮਨ ਹੈ। ਬੇਬੇ ਜਗੀਰ ਕੌਰ ਬੱਸ ਪੁੱਛੋ ਨਾ ਜਿੰਨਾ ਬਾਪੂ ਸ. ਕਰਤਾਰ ਸਿੰਘ ਨਰਮ ਤੇ ਕੋਮਲ ਦਿਲ ਬੇਬੇ ਬਿਲਕੁਲ ਉਲਟ ਸਖਤ, ਸਖਤ ਜਾਨ ਤੇ ਦਲੇਰ। ਕੁੜੀਆਂ ਦੀ ਤਾਂ ਕਮਬਖਤੀ ਲਿਆਈ ਰੱਖਣੀ। ਮੈਨੂੰ ਯਾਦ ਹੈ ਕਿ ਇੱਕ ਵਾਰ ਮੈਂ ਤੇ ਮੇਰੀ ਵੱਡੀ ਭੈਣ ਸਾਡੀ ਦੂਜੀ ਰਸੋਈ ਦੀ ਛੱਤ ਜੋ ਮਸਾਂ ਅੱਠ ਕੁ ਫੁੱਟ ਉਚੀ ਹੋਵੇਗੀ, ਉਤੇ ਖੇਡ ਰਹੇ ਸੀ। ਛੱਤ ਤੋਂ ਰੋੜ ਚੁਗ-ਚੁਗ ਕੇ ਇੱਕ ਦੂਜੇ ਦੇ ਮਾਰਦਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਮੈ ਉਤੋਂ ਥੱਲੇ ਆ ਡਿੱਗਾ, ਕੁਦਰਤੀ ਉਥੇ ਮੰਜਾ ਡਿਹਾ ਪਿਆ ਸੀ ਜਦੋਂ ਮੈ ਡਿਗਿਆ, ਪਰ ਮੇਰਾ ਸਿਰ ਥੋੜਾ ਪਾਵੇ ਨਾਲ ਲੱਗਾ ਤੇ ਮੈਂ ਕੁਝ ਦੇਰ ਗੁੰਮ ਰਿਹਾ। ਮੈਨੂੰ ਬਾਅਦ ਵਿੱਚ ਘਰਦਿਆਂ ਤੋਂ ਪਤਾ ਲੱਗਾ ਕਿ ਬਾਕੀ ਸਾਰੇ ਤਾਂ ਮੇਰੇ ਵੱਲ ਨੂੰ ਭੱਜੇ ਤੇ ਬੇਬੇ ਨੇ ਰਸੋਈ ਤੇ ਚੜ੍ਹ ਕੇ ਭੈਣ ਨੂੰ ਸੂਤ ਛੱਡਿਆ, ਕਿ ਛੋਟੇ ਵੀਰ ਨੂੰ ਸੁੱਟ ਦਿੱਤਾ ਹਾਲਾਂਕਿ ਉਸਦਾ ਕਸੂਰ ਨਹੀਂ ਸੀ ਮੈਂ ਬਨੇਰੇ 'ਚ ਅੜਕੇ ਡਿੱਗਾ ਸਾਂ। ਹਰ ਸਾਲ ਜਦੋਂ ਸਿਆਲ ਚੜ੍ਹੇ ਮੈਂ ਦੌੜਾਂ ਦਾ ਅਭਿਆਸ ਸ਼ੁਰੂ ਕਰਨਾ ਤਾਂ ਖੱਲੀਆਂ ਪੈ ਜਾਣੀਆਂ। ਬੇਬੇ ਨੇ ਕਹਿਣਾ ਭਰਜਾਈ ਤੋਂ ਤੇਲ ਗਰਮ ਕਰਵਾ ਕੇ ਲਿਆ ਤੇ ਫਿਰ ਉਸਨੇ ਕੋਸੇ-ਕੋਸੇ ਤੇਲ ਨਾਲ ਮੇਰੀਆਂ ਪਿੰਜਣੀਆਂ ਦੀ ਮਾਲਿਸ਼ ਕਰਨੀ ਤੇ ਮੈਨੂੰ ਬੜਾ ਅਰਾਮ ਆਉਣਾ ਤੇ ਕਈ ਕਈ ਦਿਨ ਉਸਨੇ ਇਹੋ ਕਰਮ ਦੁਹਰਾਉਂਦੇ ਰਹਿਣਾ ਤੇ ਮੈਨੂੰ ਇੰਨਾਂ ਆਰਾਮ ਆਉਣਾ ਕਿ ਖੱਲੀਆਂ ਠੀਕ ਹੋਣ ਤੇ ਵੀ ਮੈਂ ਦੋ ਚਾਰ ਦਿਨ ਨਾ ਦੱਸਣਾ। ਬੱਚਿਆਂ ਤੇ ਪੂਰੀ ਸਖਤੀ ਰੱਖਣੀ, ਦੁਪਹਿਰੇ ਬਾਹਰ ਖੇਡਣ ਤੋਂ ਸਾਨੂੰ ਰੋਕਣਾ ਤੇ ਜੇ ਅਸੀਂ ਅੱਖ ਬਚਾ ਕੇ ਗਲੀ ਵਿੱਚ ਨਿਕਲ ਜਾਣਾ ਤਾਂ ਸੋਟੀ ਚੱਕ ਸਾਡੇ ਪਿੱਛੇ ਪੈ ਜਾਣਾ। ਅਸੀਂ ਵੀ ਬਚਣ ਲਈ ਤਾਏ ਅਜਾਇਬ ਸਿੰਘ ਦੇ ਸੜਕ ਵਾਲੇ ਘਰ ਦੇ ਆਲੇ ਦੁਆਲੇ ਭੱਜਣਾ ਤੇ ਦੋ ਤਿੰਨ ਗੇੜਿਆਂ ਤੋਂ ਬਾਅਦ ਬਚਣ ਲਈ ਬਾਹਰਲੀ ਵਾਦੀ(ਬਾਦੀ) ਤੂਤ ਦੀ ਛਾਵੇਂ ਬੈਠੇ ਬਾਪੂ ਕੋਲ ਜਾ ਪਨਾਹ ਲੈਣੀ, ਤੇ ਬੇਬੇ ਨੂੰ ਬਾਪੂ ਤੋਂ ਝਿੜਕਾਂ ਪੈਂਦੀਆਂ ਸੁਣਨੀਆਂ। ਸਾਨੂੰ ਸਕੂਨ ਜਿਹਾ ਮਿਲਣਾ ਜਦੋਂ ਬਾਪੂ ਨੇ ਕਹਿਣਾ "ਆਗੀਏਂ ਬੰਦੇ ਖਾਣਿਆਂ ਦੀ , ਜੁਆਕਾਂ ਦਾ ਖੂਨ ਸਖੌਣ" "ਬੰਦੇ ਖਾਣੀਆਂ ਦੀ" ਸ਼ਾਇਦ ਬੇਬੇ ਦੇ ਪੇਕੇ ਪਿੰਡ 'ਰੰਗੇੜੇ ਜਿਲ੍ਹਾ ਸੰਗਰੂਰ ਦੇ ਉਸ ਇਲਾਕੇ'ਦੀ ਹੋਣ ਕਰਕੇ ਕਹਿੰਦੇਸੀ ਜਿਸਨੂੰ ਜੰਗਲ ਦਾ ਇਲਾਕਾ ਵੀ ਕਹਿੰਦੇ ਸੀ/ਹਨ। ਮੈਂ ਛੇਵੀਂ ਸੱਤਵੀਂ ਵਿੱਚ ਸੀ ਕਿ ਇੱਕ ਵਾਰ ਕਿਸੇ ਨਾਲ ਜਮੀਨ ਦਾ ਕੇਸ ਚਲਦਾ ਸੀ ਕਿ ਉਸ ਦਿਨ ਘਰ ਕੋਈ ਵੱਡਾ ਬੰਦਾ ਨਹੀਂ ਸੀ ਤੇ ਤੀਜੀ ਧਿਰ ਜੋ ਕੇਸ ਵਿੱਚ ਅਸਿੱਧੇ ਤੌਰ ਤੇ ਸ਼ਾਮਿਲ ਸੀ, ਉਹ ਖੇਤ ਵਾਹੁਣ ਲੱਗੇ ਤਾਂ ਬੇਬੇ ਡਾਂਗ ਚੁੱਕ ਕੇ ਟਰੈਕਟਰ ਦੇ ਅੱਗੇ ਜਾ ਖਲੋਤੀ ਤੇ ਟਰੈਕਟਰ ਓਨੀ ਦੇਰ ਰੁੱਕਿਆ ਰਿਹਾ ਜਿੰਨੀ ਦੇਰ ਮੈਂ ਬੇਬੇ ਨੂੰ ਮਨਾ ਕੇ ਘਰ ਨਾ ਲੈ ਆਇਆ ਕਿ ਵੱਡੇ ਘਰ ਆਉਣਗੇ ਤਾਂ ਆਪੇ ਸਮਝ ਲੈਣਗੇ। ਬਾਪੂ ਉਦੋਂ ਪੂਰਾ ਹੋ ਗਿਆ ਸੀ ਤੇ ਅਸੀਂ ਮਨ ਬਦਲਾਉਣ ਤੇ ਦਿੱਲੀ ਦਿਖਾਉਣ ਲਈ ਬੇਬੇ ਨੂੰ ਨਾਲ ਲੈ ਗਏ ਸੀ। ਡੈਡੀ ਹੋਰਾਂ ਦੋਵਾਂ ਭਰਾਵਾਂ ਦੇ ਅਲੱਗ ਹੋਣ ਤੋਂ ਬਾਅਦ ਜਾਂ ਜਦੋਂ ਮੈਂ ਲੁਧਿਆਣੇ ਤੋਂ ਮਿਲਣ ਜਾਣਾ ਤਾਂ ਉਹਨੇ ਝੱਟ ਭਰਜਾਈ ਹੋਰਾਂ ਨੂੰ ਕਹਿਣਾ ਕਿ "ਲਿਆਓ ਦੁੱਧ" ਤਾਂ ਭਰਜਾਈ ਹੋਣਾ ਨੇ ਮਖੌਲ ਵਿੱਚ ਕਹਿਣਾ ਕਿ ਦੁੱਧ ਘੱਟ ਹੈ ਅਸੀਂ ਤਾਂ ਚਾਹ ਹੀ ਪਿਆਵਾਂਗੇ। ਅੱਧਾ ਪੰਜਾਬ ਉਸ ਨੇ ਤੁਰ ਤੁਰ ਗਾਹਿਆ ਹੋਇਆ ਸੀ। ਪਿੰਡਾਂ-ਪਿੰਡਾਂ ਦੇ ਰਾਹ ਰਸਤੇ ਯਾਦ ਸਨ। ਆਖਰੀ ਕੁੱਝ ਮਹੀਨਿਆਂ ਨੂੰ ਛੱਡ ਯਾਦਾਸ਼ਤ ਤੇ ਨਿਗਾ ਬਹੁਤ ਚੰਗੀ ਰਹੀ। ਐਨਕ ਜਰੂਰ ਲੱਗ ਗਈ ਸੀ, ਇੱਕ ਦਿਨ ਅਸੀਂ ਵਿਹੜੇ ਵਿੱਚ ਬੈਠੇ ਸੀ ਕਿ ਜਹਾਜ਼ ਉਡਦੇ ਦੀ ਅਵਾਜ਼ ਆਈ। ਅਸਮਾਨ ਵੱਲ ਦੇਖਿਆ ਤੇ ਉੱਡਦੇਜਹਾਜ਼ ਵੱਲ ਦੇਖਕੇ ਮੇਰਾ ਹੱਥ ਫੜਕੇ ਕਹਿੰਦੀ ਕਿ ਜਹਾਜ ਤਾਂ ਚਿੱਟੇ ਜਿਹੇ ਹੁੰਦੇ ਆ?

ਇਹ ਤਾਂ ਪੀਲਾ ਆ! ਸਾਡਾ ਸਭ ਦਾ ਹਾਸਾ ਨਿੱਕਲ ਗਿਆ ਤੇ ਮੈਂ ਬੇਬੇ ਨੂੰ ਪੁੱਛਿਆ ਤੂੰ ਤਾਂ ਕੱਲ੍ਹ ਕਹਿੰਦੀ ਸੀ ਕਿ ਨਿਗ੍ਹਾ ਕਮਜ਼ੋਰ ਹੋ ਗਈ ਲੱਗਦੀ ਆ ਤੇ ਹੁਣ ਉੱਡਦੇ ਜਹਾਜ਼ ਦਾ ਰੰਗ ਪਛਾਣੀ ਜਾਂਦੀ ਐ ? ਬੇਬੇ ਨੇ ਅਕਸਰ ਗੱਲਾਂ ਕਰਨੀਆਂ ਤਾਂ ਕਹਿਣਾ ਕਿ ਮੈਂ ਚਾਰੇ ਤਖਤ ਸਾਹਿਬਾਨ ਦੇਖ ਲਏ ਨੇ ਬੱਸ ਦਮਦਮਾ ਸਾਹਿਬ ਦੇ ਦਰਸ਼ਨ ਰਹਿੰਦੇ ਨੇ, ਜਹਾਨੋਂ ਜਾਣ ਤੋਂ ਪਹਿਲਾਂ-ਪਹਿਲਾਂ ਉਹ ਹੋ ਜਾਣ। ਪਰਮਾਤਮਾ ਦਾ ਸ਼ੁਕਰ ਹੈ ਜਦੋਂ ਮੈਂ ਹੁਣ ਵਾਲੀ ਕਾਰ ਲਈ ਤਾਂ ਇਹ ਸੇਵਾ ਕਰਨ ਦਾ ਸੁਭਾਗ ਮਿਲਿਆ ਤੇ ਬੇਬੇ ਨੂੰ ਦਮਦਮਾ ਸਾਹਿਬ ਦੇ ਦਰਸ਼ਨ ਕਰਵਾ ਲਿਆਏ ਭਾਵੇਂ ਉਹ ਥੋੜਾ ਥੋੜਾ ਭੁੱਲਣ ਲੱਗੀ ਸੀ ਤੇ ਮਹੀਨੇ ਕੁ ਬਾਅਦ ਉਹਨੂੰ ਇਹ ਵੀ ਭੁੱਲ ਗਿਆ ਕਿ ਅਸੀਂ ਦਮਦਮਾ ਸਾਹਿਬ ਗਏ ਸੀ। ਸਾਨੂੰ ਉਦੋਂ ਪਤਾ ਲੱਗਾ ਜਦੋਂ ਉਸਨੇ ਆਪਣੀ ਪੁਰਾਣੀ ਇੱਛਾ ਫਿਰ ਦੁਹਰਾਈ "ਬਸ ਦਮਦਮਾ ਸਾਹਿਬ ਦੇ" ਭਾਵੇਂ ਬੇਬੇ ਦੀ ਜਿਆਦਾ ਸੰਭਾਲ ਮੇਰੇ ਤਾਇਆ ਜੀ (ਜਿਹਨਾਂ ਨੂੰ ਅਸੀਂ ਸਾਰੇ 'ਬਾਪੂ ਜੀ' ਹੀ ਕਹਿੰਦੇ ਸੀ ਤੇ ਦਾਦੇ ਨੂੰ 'ਬਾਪੂ' ਕਹਿੰਦੇ ਸੀ) ਤੇ ਉਹਨਾਂ ਦੇ ਪਰਿਵਾਰ ਜਿੰਮੇ ਰਹੀ, ਪਰ ਮੇਰੇ ਖਿਆਲ ਜੋ ਉਸਨੇ ਸਾਡੀ ਪੀੜ੍ਹੀ ਚੋਂ ਮੈਥੋਂ ਜਿਆਦਾ ਕਿਸੇ ਹੋਰ ਨਾਲ ਲਗਾਵ ਜਾਹਰ ਕੀਤਾ ਤਾਂ ਉਹ ਹੈ ਮੇਰੀ ਧਰਮ ਪਤਨੀ ਨਵਦੀਪ। ਜਿਸਨੂੰਅਸੀਂ ਸਾਰੇ ਛੋਟੇ ਨਾਮ ਰੰਜੂ ਕਰਕੇ ਬੁਲਾਉਂਦੇ ਹਾਂ ਪਰ ਇਕੱਲੀ ਬੇਬੇ ਰੰਜੋ ਕਰਕੇ ਬੁਲਾਉਂਦੀ ਸੀ ਤੇ ਜਦੋਂ ਵੀ ਮਿਲਣਾ ਤਾਂ ਇਸਨੂੰ ਘੁੱਟ ਕੇ ਜੱਫੀ ਵਿੱਚ ਲੈਣਾ। ਬੇਬੇ ਦੇ ਪੂਰੀ ਹੋਣ ਤੋਂ ਇੱਕ ਦਿਨ ਪਹਿਲਾਂ ਅਸੀਂ ਪਿੰਡ ਗਏ ਤਾਂ ਲੁਧਿਆਣੇ ਤੋਂ ਤੁਰਦੇ ਤੁਰਦੇ ਲੇਟ ਹੋ ਗਏ। ਸਿਆਲਾਂ ਦੇ ਦਿਨ ਸਨ। ਮੈਂ ਰੋਟੀ ਖਾ ਕੇ ਮੇਰੇ ਪੱਕੇ ਰੁਟੀਨ ਅਨੁਸਾਰ ਰਾਤੀਂ ਅੱਠ ਕੁ ਵਜੇ ਤਾਇਆ ਜੀ ਵਾਲੇ ਅੰਦਰਲੇ ਘਰ ਚਲਾ ਗਿਆ। ਵੱਡੇ ਹਾਲ ਕਮਰੇ ਵਿੱਚ ਜਦੋਂ ਦਾਖਲ ਹੋਇਆ ਤਾਂ ਬੇਬੇ ਸਾਹਮਣੇ ਹੀ ਰਜਾਈ ਵਿੱਚ ਪਈ ਸੀ।ਮੈਂ ਪਰਿਵਾਰ ਦੇ ਬਾਕੀ ਮੈਂਬਰਾ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਾਂ ਮੇਰੀ ਅਵਾਜ਼ ਪਹਿਚਾਣ ਝੱਟ ਰਜਾਈ ਚੋਂ ਮੂੰਹ ਬਾਹਰ ਕੱਢਿਆ ਤੇ ਮੈਨੂੰ ਦੇਖ ਝੱਟ ਉੱਠ ਕੇ ਬੈਠ ਗਈ। ਭਰਜਾਈ ਨੇ ਹਾਸੇ ਹਾਸੇ ਵਿੱਚ ਕਿਹਾ ਕਿ ਬੇਬੇ ਹੁਣ ਤਾਂ ਤੇਰੀ ਪਿੱਠ ਦੁੱਖਦੀ ਸੀ ਮਾਲਿਸ਼ ਕਰਵਾਈ ਸੀ, ਹੁਣ ਝੱਟ ਉਠ ਬੈਠੀ ਏਂ। ਉਸਦੀ ਗੱਲ ਅਣਸੁਣੀ ਕਰ ਮੇਰਾ ਹਾਲ ਚਾਲ ਪੁੱਛਿਆ ਤੇ ਆਲੇ ਦੁਆਲੇ ਨਿਗ੍ਹਾ ਮਾਰ ਮੈਨੂੰ ਸਵਾਲ ਕੀਤਾ "ਰੰਜੋ ਨੀ ਆਈ? "ਮੈਂ ਕਿਹਾ ਵੀ ਹਨੇਰੇ ਕਰਕੇ ਇੱਧਰ ਨਹੀਂ ਲਿਆਇਆ ਸਵੇਰੇ ਮਿਲਾ ਦਿਆਂਗਾ।ਪਰ ਨਹੀਂ ਮੰਨੀ ਜਿਵੇਂ ਮਨ ਨੂੰ ਕੋਈ ਅਹਿਸਾਸ ਪਹਿਲਾਂ ਹੀ ਹੁੰਦਾ ਹੈ। ਕਹਿੰਦੀ ਹੁਣੇ ਬੁਲਾਓ! ਕੱਲ੍ਹ ਦਾ ਕੀ ਭਰੋਸਾ।ਮੈਂ ਭਤੀਜੇ ਗੁਰਦੀਪ ਨੂੰ ਭੇਜਿਆ ਕਿ ਜਾ ਆਂਟੀ ਨੂੰ ਲੈ ਆ। ਉਸਦੇ ਆਉਣ ਤੇ ਘੁੱਟ ਕੇ ਜੱਫੀ ਵਿੱਚ ਲੈ ਲਿਆ ਤੇ ਨਿੱਘਾ ਪਿਆਰ ਦਿੱਤਾ। ਦੂਜੇ ਦਿਨ ਸਵੇਰੇ ਅਸੀਂ ਆਪਣੇ ਵਾਲੇ ਘਰ ਤੋਂ ਹੀਮੇਰੇ ਸਹੁਰਿਆ ਨੂੰ ਚਲੇ ਗਏ ਵੀ ਚੱਲੋ ਵਾਪਸੀ ਤੇ ਫਿਰ ਮਿਲ ਜਾਵਾਂਗੇ। ਪਰ ਉਹ ਰਾਤ ਵਾਲੀ ਮਿਲਣੀ ਬੇਬੇ ਨਾਲ ਸਾਡੀ ਆਖਰੀ ਮਿਲਣੀ ਹੀ ਸੀ। ਦੂਜੇ ਦਿਨ ਸਾਨੂੰ ਬਸ ਬੇਬੇ ਦਾ 'ਸੁਨੇਹਾ' ਹੀ ਆਇਆ। ਇੱਕ ਦੋ ਵਾਰ ਮੇਰੀਆਂ ਉਕਸੀ ਵਾਲੀਆਂ ਭੂਆ ਨੇ ਵੀ ਇਹ ਗੱਲ ਕੀਤੀ ਕਿ ਬੇਬੇ ਨੇ ਆਖਰੀ ਮੌਕੇ ਧੀਆਂ ਨੂੰ ਯਾਦ ਨਹੀਂ ਕੀਤਾ ਤੇ ਪੋਤ-ਨੂੰਹ ਨੂੰ ਕਹਿ ਕੇ ਬੁਲਾਇਆ। ਇੱਕ ਦਿਨ ਤਾਂ ਸਭ ਨੇ ਹੀ ਤੁਰ ਜਾਣਾ ਹੈ ਇਸ ਮੁਸਾਫਿਰ ਖਾਨੇ ਤੋਂ।ਪਰ ਨਿੱਘੇ ਰਿਸ਼ਤਿਆਂ ਦਾ ਨਿੱਘ ਬੰਦੇ ਦਾ ਹੌਸਲਾ ਬਣਾਈ ਰੱਖਦਾ ਆ। ਬਾਕੀ ਅਹਿਸਾਸ ਕਰਨ ਦੀ ਸਮੱਰਥਾ ਆਪਣੀ ਆਪਣੀ ਹੁੰਦੀ ਹੈ। ਅਖੀਰ ਬੇਬੇ 103 ਸਾਲ ਦੀ ਉਮਰ ਭੋਗ ਯਾਦਾਂ ਪਿੱਛੇ ਛੱਡ ਅਗਲੇ ਜਹਾਨ ਨੂੰ ਕੂਚ ਕਰ ਗਈ। ਦਹਾਕਾ ਬੀਤ ਗਿਆ ਹੈ ਉਸਨੂੰ ਸਰੀਰ ਤਿਆਗੇ ਨੂੰ, ਪਰ ਉਹ ਅੱਜ ਵੀ ਮੇਰੇ ਮਨ ਵਿੱਚ ਵੱਸਦੀ ਹੈ ਤੇ ਉਸਦੀਆਂ ਹੋਰ ਬਹੁਤ ਸਾਰੀਆਂ ਯਾਦਾਂ ਵੀ।-0-

# ਅੰਤਿਕਾ 1

–ਡਾ. ਕਿਰਪਾਲ ਸਿੰਘ

The Statesman, Tuesday, October 1, 1946

**"All Reports Against Sikhs Found Untrue"**

**Mr. Suhrawardy Asks Muslims To Give up Suspicion.**

Mr. H.S. Suhrawardy, Chief Minister, Bengal has issued the following statements: I am deeply disturbed to find that the suspicion and distrust amongst Muslims against Sikhs still continues. I still hear rumours circulated from time to time and in various, localities that the Sikhs are congregating in certain places for the purpose of attacking Muslims. Each of these reports has been investigated and has been found to be false. Places supposed to be full of Sikhs armed for the purpose have been searched and the report has been found to be absolutely without substance.

I have personally looked into many of these cases and can definitely state that these reports are absolutely false and are merely the outcome of panic. Sikhs went about in their taxis and their buses during those dangerous five days for the purpose of rescuing their women and children and removing their belongings. Immediately rumours got abroad that they were moving about for the purpose of attacking Muslim mohallas. Not one Muslim mohalla has been attacked by the Sikhs thus far, and yet the rumours still go on.

There are stories of one or two Sikhs here and there in those days of carnage having taken part in the riots. Some of these may be true and others may not. But that does not mean that the Sikh community is up against the Muslims.

I have been in constant touch with the Sikh leaders and I am absolutely convinced regarding their bonafides and the attempts that they are making to keep themselves neutral and not to be involved in any kind of a dispute. More than that during the riots: they have saved as many as 5,000 Muslims from dangerous areas and carried these Muslims to safe places. Surely they deserve something better from the Muslims than this suspicion and distrust and hostility against them.

**Some Examples**

Small incidents take place here and there and misunderstanding grows. Let us give some example which may help to clear the situation.

A report is received that Muslims are being assaulted in a Hindu area; a bus comes along which is driven by a Sikh driver, and this bus contains both Hindus and Muslims; the Muslims stop the bus and request the Muslims to get out and not to go into the dangerous area; the Hindus in the bus think that the Muslims are being taken out for the pupose of assaulting the Hindus, and they urge upon the Sikh driver to drive fast; the Sikh driver drives fast and the Muslims outside think that he is running away with some Muslims so that he may be killed in the Hindu area, and they start throwing stones. This is how misunderstanding arises.

We all know of one case where a Sikh driver did not stop at a particular place as he got into a panic seeing a Muslims crowd standing by, the Muslims in the bus who wanted the Sikh driver to stop thought that the Sikh driver was running away with him; he jumped out of the bus and injured himself. Immediately rumours got about that bodies had been thrown out of the bus that Sikhs had killed Muslims, that Sikhs had attacked Muslims with knives and so on.

All this must cease. My Muslim brethren must believe me when I say that this propaganda against the Sikhs is false and must stop at once, and the Sikh drivers whether of buses or of taxis, must not be stoned or molested in any way. In fact I should very much like that attempts should be made by the Muslim localities to contact Sikh leaders who are their neighbours so that mutual confidence may be restored.

I hope that Muslims will respond to this appeal wholeheartedly and stop molesting the Sikhs, and also stop this anti-Sikh propaganda which has no basis in fact and which must be put an end to at once for the sake of peace and general restoration of confidence.

—————

**ਸਟੇਟਸਮੈਨ, ਮੰਗਲਵਾਰ, ਅਕਤੂਬਰ 1, 1946**

**ਸਿੱਖਾਂ ਵਿਰੁਧ ਸਭ ਦੂਸ਼ਨ ਗ਼ਲਤ ਹਨ**

**ਸ਼ੱਕ ਦੂਰ ਕਰਨ ਲਈ ਸੁਹਰਾਵਰਦੀ ਦੀ ਮੁਸਲਮਾਨਾਂ ਅੱਗੇ ਅਪੀਲ**

ਬੰਗਾਲ ਦੇ ਮੁੱਖ ਮੰਤਰੀ ਸੁਹਰਾਵਰਦੀ ਨੇ ਨਿਮਨ-ਲਿਖਤ ਬਿਆਨ ਪ੍ਰਕਾਸ਼ਤ ਕੀਤਾ ਹੈ :

ਮੈਨੂੰ ਇਹ ਵੇਖ ਕੇ ਅਤਿਅੰਤ ਹੀ ਦੁਖ ਹੋਇਆ ਹੈ ਕਿ ਸਿੱਖਾਂ ਵਿਰੁੱਧ ਮੁਸਲਮਾਨਾਂ ਵਿਚ ਸ਼ੱਕ ਤੇ ਬੇਪਰਤੀਤੀ ਹਾਲੀ ਤਕ ਜਾਰੀ ਹੈ। ਮੈਂ ਹਾਲੀ ਵੀ ਕਦੀ ਕਦੀ ਕਈਆਂ ਮੁਹੱਲਿਆਂ ਵਿਚ ਅਫ਼ਵਾਹਾਂ ਫੈਲਦੀਆਂ ਸੁਣਦਾ ਹਾਂ ਕਿ ਸਿਖ ਵਿਸ਼ੇਸ਼ ਥਾਵਾਂ 'ਤੇ ਮੁਸਲਮਾਨਾਂ 'ਤੇ ਹੱਲਾ ਬੋਲਣ ਲਈ ਇਕੱਤਰ ਹੋ ਰਹੇ ਹਨ। ਇਸ ਪ੍ਰਕਾਰ ਦੀ ਹਰ ਰਿਪੋਰਟ ਦੀ ਛਾਣਬੀਨ ਕੀਤੀ ਗਈ ਹੈ ਤੇ ਇਹੋ ਜਿਹੀ ਹਰ ਇਕ ਰਿਪੋਰਟ ਝੂਠੀ ਨਿਕਲੀ ਹੈ। ਉਹਨਾਂ ਥਾਵਾਂ ਨੂੰ, ਜਿਨ੍ਹਾਂ ਨੂੰ ਕਿ ਹਮਲਾ ਕਰਨ ਲਈ ਹਥਿਆਰਬੰਦ ਸਿੱਖਾਂ ਨਾਲ ਭਰਪੂਰ ਸਮਝਿਆ ਜਾਂਦਾ ਸੀ, ਖੋਜਿਆ ਹੈ ਤੇ ਰਿਪੋਰਟਾਂ ਅਸਲੋਂ ਹੀ ਝੂਠੀਆਂ ਤੇ ਬੇ-ਬੁਨਿਆਦ ਨਿਕਲੀਆਂ ਹਨ।

ਮੈਂ ਜ਼ਾਤੀ ਤੌਰ 'ਤੇ ਅਜਿਹੇ ਬਹੁਤ ਸਾਰੇ ਕੇਸਾਂ ਦੀ ਪੜਤਾਲ ਕੀਤੀ ਹੈ ਤੇ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਇਹ ਰਿਪੋਰਟਾਂ ਬਿਲਕੁਲ ਝੂਠੀਆਂ ਹਨ ਤੇ ਕੇਵਲ ਘਬਰਾਹਟ ਦੀ ਉਪਜ ਹਨ। ਇਨ੍ਹਾਂ ਖ਼ਤਰੇ-ਭਰਪੂਰ ਪੰਜਾਂ ਦਿਨਾਂ ਵਿਚ ਸਿਖ ਆਪਣੀਆਂ ਟੈਕਸੀਆਂ ਤੇ ਬੱਸਾਂ ਵਿਚ ਔਰਤਾਂ ਤੇ ਬੱਚਿਆਂ ਨੂੰ ਤੇ ਉਹਨਾਂ ਦੇ ਸਾਮਾਨ ਨੂੰ ਬਚਾਉਣ ਲਈ ਫਿਰਦੇ ਰਹੇ ਹਨ। ਝੱਬਦੇ ਹੀ ਇਹ ਅਫ਼ਵਾਹ ਫੈਲ ਗਈ ਕਿ ਉਹ ਮੁਸਲਮਾਨ ਮੁਹੱਲਿਆਂ 'ਤੇ ਹਮਲਾ ਕਰਨ ਲਈ ਭੱਜ ਦੌੜ ਕਰ ਰਹੇ ਹਨ। ਹਾਲੀ ਤਕ ਸਿੱਖਾਂ ਵਲੋਂ ਕਿਸੇ ਇਕ ਵੀ ਮੁਸਲਮਾਨ ਮਹੱਲੇ 'ਤੇ ਹਮਲਾ ਨਹੀਂ ਹੋਇਆ ਪਰ ਫੇਰ ਵੀ ਅਫ਼ਵਾਹਾਂ ਫੈਲਦੀਆਂ ਜਾਂਦੀਆਂ ਹਨ।

ਏਧਰ ਓਧਰ ਇਕ ਜਾਂ ਦੋ ਸਿੱਖਾਂ ਦੀਆਂ ਕਹਾਣੀਆਂ ਹਨ, ਜਿਨ੍ਹਾਂ ਦਾ ਉਨ੍ਹਾਂ ਵੱਢ-ਟੁੱਕ ਦੇ ਦਿਨਾਂ ਵਿਚ ਫ਼ਸਾਦਾਂ ਵਿਚ ਭਾਗ ਲਿਆ ਦੱਸਿਆ ਜਾਂਦਾ ਹੈ। ਕੁਝ ਇਹ ਕਹਾਣੀਆਂ ਸ਼ਾਇਦ ਠੀਕ ਹੋਣ ਤੇ ਕੁਝ ਝੂਠ। ਪਰ ਇਸ ਦਾ ਭਾਵ ਇਹ ਨਹੀਂ ਕਿ ਸਿਖ ਫ਼ਿਰਕਾ ਮੁਸਲਮਾਨਾਂ ਦੇ ਵਿਰੁੱਧ ਉੱਠ ਖਲੋਤਾ ਹੈ।

ਮੈਂ ਹਮੇਸ਼ਾਂ ਸਿਖ ਲੀਡਰਾਂ ਨੂੰ ਮਿਲਦਾ ਰਿਹਾ ਹਾਂ ਤੇ ਮੈਨੂੰ ਉਹਨਾਂ ਦੀ ਨੀਅਤ

'ਤੇ ਤੇ ਉਹਨਾਂ ਯਤਨਾਂ 'ਤੇ ਜਿਹੜੇ ਕਿ ਉਹਨਾਂ ਨੇ ਆਪਣੇ ਆਪ ਨੂੰ ਨਿਰਪੱਖ ਰੱਖਣ ਲਈ ਤੇ ਕਿਸੇ ਪ੍ਰਕਾਰ ਦੇ ਝਗੜੇ ਵਿਚ ਨਾ ਆਉਣ ਦੇ ਕੀਤੇ ਹਨ, ਪੂਰਨ ਨਿਸਚਾ ਹੋ ਚੁੱਕਾ ਹੈ। ਇਥੇ ਹੀ ਬਸ ਨਹੀਂ, ਉਨ੍ਹਾਂ ਨੇ ਫ਼ਸਾਦਾਂ ਦੇ ਦਿਨਾਂ ਵਿਚ 5000 ਮੁਸਲਮਾਨਾਂ ਨੂੰ ਖ਼ਤਰਨਾਕ ਮਹੱਲਿਆਂ ਵਿੱਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਯਕੀਨੀ ਤੌਰ 'ਤੇ ਉਹ ਮਸਲਮਾਨਾਂ ਕੋਲੋਂ ਸ਼ੱਕ, ਬੇ-ਪ੍ਰਤੀਤੀ ਤੇ ਆਪਣੇ ਵਿਰੁੱਧ ਦੁਸ਼ਮਨੀ ਦੀ ਥਾਵੇਂ ਚੰਗੇਰੇ ਸਲੂਕ ਦੇ ਅਧਿਕਾਰੀ ਹਨ।

**ਕੁਝ ਮਿਸਾਲਾਂ**

ਨਿੱਕੀਆਂ ਨਿੱਕੀਆਂ ਘਟਨਾਵਾਂ ਹੁੰਦੀਆਂ ਹਨ ਅਤੇ ਗਲਤ ਫ਼ਹਿਮੀਆਂ ਵਧ ਜਾਂਦੀਆਂ ਹਨ। ਸਾਨੂੰ ਕੁਝ ਮਿਸਾਲਾਂ ਪੇਸ਼ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਤੋਂ ਹਾਲਾਤ ਦਾ ਠੀਕ ਪਤਾ ਲੱਗ ਸਕੇ। ਇਕ ਰਿਪੋਰਟ ਆਉਂਦੀ ਹੈ ਕਿ ਇਕ ਹਿੰਦੂਆਂ ਦੇ ਮਹੱਲੇ ਵਿਚ ਮੁਸਲਮਾਨਾਂ 'ਤੇ ਹਮਲਾ ਹੋ ਰਿਹਾ ਹੈ। ਇਕ ਬਸ ਆਉਂਦੀ ਹੈ ਜਿਸ ਦਾ ਡ੍ਰਾਈਵਰ ਸਿੱਖ ਹੈ ਤੇ ਇਸ ਬਸ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਹਨ। ਬਾਹਰਲੇ ਮੁਸਲਮਾਨ ਬੱਸ ਨੂੰ ਰੋਕਦੇ ਹਨ ਅਤੇ ਮੁਸਲਮਾਨਾਂ ਨੂੰ ਖ਼ਤਰਨਾਕ ਇਲਾਕਿਆਂ ਵਿਚ ਜਾਣ ਤੋਂ ਰੋਕਦੇ ਹਨ। ਬੱਸ ਵਿਚ ਬੈਠੇ ਹਿੰਦੂ ਇਹ ਸਮਝਦੇ ਹਨ ਕਿ ਮੁਸਲਮਾਨਾਂ ਨੂੰ ਹਿੰਦੂਆਂ 'ਤੇ ਹਮਲਾ ਕਰਨ ਲਈ ਬਾਹਰ ਕੱਢਿਆ ਜਾ ਰਿਹਾ ਹੈ ਅਤੇ ਉਹ ਸਿਖ ਡ੍ਰਾਈਵਰ ਨੂੰ ਕਹਿੰਦੇ ਹਨ ਕਿ ਉਹ ਬਸ ਤੇਜ਼ ਚਲਾਏ। ਸਿਖ ਡ੍ਰਾਈਵਰ ਬੱਸ ਤੇਜ਼ ਕਰ ਲੈਂਦਾ ਹੈ ਅਤੇ ਬਾਹਰ ਖਲੋਤੇ ਮੁਸਲਮਾਨ ਇਹ ਸਮਝਦੇ ਹਨ ਕਿ ਸਿਖ ਡ੍ਰਾਈਵਰ ਮੁਸਲਮਾਨਾਂ ਨੂੰ ਹਿੰਦੂ ਮੁਹੱਲੇ ਵਿਚ ਲਿਜਾ ਕੇ ਮਾਰਨ ਲਈ ਬਸ ਤੇਜ਼ ਭਜਾ ਰਿਹਾ ਹੈ। ਉਹ ਪੱਥਰ ਸੁੱਟਣੇ ਆਰੰਭ ਦੇਂਦੇ ਹਨ। ਇਸ ਤਰ੍ਹਾਂ ਗ਼ਲਤ ਫ਼ਹਿਮੀ ਸ਼ੁਰੂ ਹੋ ਜਾਂਦੀ ਹੈ।

ਅਸੀਂ ਸਾਰੇ ਇਕ ਕੇਸ ਨੂੰ ਜਾਣਦੇ ਹਾਂ ਜਿਥੇ ਕਿ ਸਿਖ ਡ੍ਰਾਈਵਰ ਨੇ ਕਿਸੇ ਵਿਸ਼ੇਸ਼ ਥਾਂ 'ਤੇ ਬੱਸ ਨਾ ਰੋਕੀ, ਕਿਉਂਕਿ ਉਹ ਕੋਲ ਖੜੇ ਮੁਸਲਮਾਨ ਹਜੂਮ ਤੋਂ ਭੈ-ਭੀਤ ਹੋ ਗਿਆ। ਬੱਸ ਵਿਚ ਇਕ ਮੁਸਲਮਾਨ, ਜਿਹੜਾ ਕਿ ਚਾਹੁੰਦਾ ਸੀ ਕਿ ਸਿਖ ਡ੍ਰਾਈਵਰ ਬੱਸ ਖੜੀ ਕਰੇ, ਨੇ ਇਹ ਸੋਚਿਆ ਕਿ ਸਿਖ ਡ੍ਰਾਈਵਰ ਉਸਨੂੰ ਕਿਸੇ ਵਿਸ਼ੇਸ਼ ਜਗ੍ਹਾ ਲਿਜਾ ਰਿਹਾ ਹੈ ਤੇ ਉਸ ਨੇ ਚਲਦੀ ਬੱਸ ਵਿੱਚੋਂ ਛਾਲ ਮਾਰ ਦਿੱਤੀ ਅਤੇ ਆਪਣੇ ਆਪ ਨੂੰ ਜ਼ਖ਼ਮੀ ਕਰ ਲਿਆ। ਉਸ ਤੋਂ ਫ਼ੌਰਨ ਪਿਛੋਂ ਹੀ ਅਫ਼ਵਾਹ ਗਰਮ ਹੋ ਗਈ ਕਿ "ਬੱਸ ਵਿੱਚੋਂ ਲਾਸ਼ਾਂ ਸੁੱਟੀਆਂ ਜਾ ਰਹੀਆਂ ਹਨ" ਅਤੇ "ਸਿੱਖਾਂ ਨੇ ਮੁਸਲਮਾਨ ਨੂੰ ਮਾਰ ਦਿੱਤਾ ਹੈ", "ਸਿੱਖਾਂ ਨੇ ਮੁਸਲਮਾਨਾਂ 'ਤੇ ਕ੍ਰਿਪਾਨਾਂ ਨਾਲ ਹਮਲਾ ਕਰ ਦਿੱਤਾ ਹੈ" ਆਦਿ।

ਇਹ ਸਭ ਕੁਝ ਖ਼ਤਮ ਹੋਣਾ ਚਾਹੀਦਾ ਹੈ। ਮੇਰੇ ਮੁਸਲਮਾਨ ਵੀਰ ਮੇਰੇ 'ਤੇ ਯਕੀਨ ਕਰਨ, ਜਦੋਂ ਕਿ ਮੈਂ ਕਹਿੰਦਾ ਹਾਂ ਕਿ ਇਹ ਸਿੱਖਾਂ ਵਿਰੁੱਧ ਗ਼ਲਤ ਪ੍ਰਾਪੇਗੰਡਾ ਫ਼ੌਰਨ ਬੰਦ ਕੀਤਾ ਜਾਏ ਅਤੇ ਸਿਖ ਡ੍ਰਾਈਵਰਾਂ 'ਤੇ ਭਾਵੇਂ ਉਹ ਬੱਸਾਂ ਦੇ ਹੋਣ ਤੇ ਭਾਵੇਂ ਟੈਕਸੀਆਂ ਦੇ, ਪੱਥਰ ਨਾ ਸੁੱਟੇ ਜਾਣ ਤੇ ਨਾ ਹੀ ਕਿਸੇ ਹੋਰ ਤਰ੍ਹਾਂ ਤੰਗ ਕੀਤਾ ਜਾਏ। ਅਸਲ ਵਿਚ ਤੇ ਮੈਂ ਇਹ ਬਹੁਤ ਚਾਹਵਾਂਗਾ ਕਿ ਮੁਸਲਮਾਨ ਮੁਹੱਲਿਆਂ ਵਿਚ ਸਿਖ ਲੀਡਰਾਂ ਨਾਲ, ਜਿਹੜੇ ਕਿ ਉਨ੍ਹਾਂ ਦੇ ਗਵਾਂਢੀ ਹਨ, ਮੇਲ-ਜੋਲ ਦੇ ਯਤਨ ਕੀਤੇ ਜਾਣ ਤਾਂ ਜੋ ਪਰਸਪਰ ਵਿਸ਼ਵਾਸ ਮੁੜ ਪੈਦਾ ਹੋ ਜਾਏ।

ਮੈਨੂੰ ਆਸ ਹੈ ਕਿ ਮੁਸਲਮਾਨ ਇਸ ਅਪੀਲ 'ਤੇ ਪੂਰੇ ਦਿਲ ਨਾਲ ਅਮਲ ਕਰਨਗੇ ਤੇ ਅਮਨ ਤੇ ਪਰਸਪਰ ਵਿਸ਼ਵਾਸ ਫਿਰ ਸਥਾਪਤ ਕਰਨ ਲਈ ਸਿੱਖਾਂ ਨੂੰ ਤੰਗ ਕਰਨਾ ਛੱਡ ਦੇਣਗੇ ਤੇ ਸਿੱਖਾਂ ਵਿਰੁੱਧ ਗ਼ਲਤ ਪ੍ਰਾਪੇਗੰਡਾ ਬੰਦ ਕਰ ਦੇਣਗੇ। ਇਹ ਪ੍ਰਾਪੇਗੰਡਾ ਉੱਕਾ ਹੀ ਨਿਰਮੂਲ ਹੈ। ਅਮਨ ਤੇ ਭਰੋਸਾ ਬਹਾਲ ਕਰਨ ਲਈ ਇਹ ਜ਼ਰੂਰੀ ਹੈ। ਏ.ਪੀ.ਆਈ.

(...ਚੱਲਦਾ)

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਬਿੰਦੀ, ਟਿੱਪੀ ਤੇ ਅੱਧਕ ਚਿੰਨ੍ਹਾਂ ਦੀ ਵਰਤੋਂ ਅਤੇ ਲੋੜ

**-ਗਿ: ਜਗਤਾਰ ਸਿੰਘ ਜਾਚਕ**

**ਠੀਕ : ਸਾਚਾ, ਮਰੈ ਨ ਆਵੈ ਜਾਇ ॥ ਨਾਨਕ ! ਗੁਰਮੁਖਿ ਰਹੈ ਸਮਾਇ ॥ (ਪੰਨਾ 229) ਗ਼ਲਤ : ਸਾਚਾ ਮਰੈ, ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥** ਇਨ੍ਹਾਂ ਤੁਕਾਂ ਦਾ ਸਹੀ ਅਰਥ ਹੈ: ਹੇ ਨਾਨਕ (ਆਖ)! ਗੁਰੂ ਦੀ ਰਾਹੀਂ (ਮਨੁੱਖ ਉਸ ਅਕਾਲਪੁਰਖ ਵਿੱਚ) ਸਮਾਇਆ ਰਹਿੰਦਾ ਹੈ, ਜੋ ਸਦਾ ਕਾਇਮ ਰਹਿਣ ਵਾਲਾ ਹੈ, ਜੋ ਜੰਮਦਾ ਮਰਦਾ ਨਹੀਂ। ਪਰ, ਜੇ ਪਾਠੀ ਵੱਲੋਂ ਬੇਧਿਆਨੀ ਨਾਲ ਵਿਸ਼ਰਾਮ 'ਮਰੈ ਲਫ਼ਜ਼ 'ਤੇ ਲਾਇਆ ਜਾਏ ਅਤੇ 'ਨਾਨਕ' ਨਾਂਵ 'ਤੇ ਵਿਸ਼ਰਾਮ ਨਾ ਲਾਇਆ ਜਾਏ ਤਾਂ ਸ੍ਰੋਤੇ ਸਮਝਣਗੇ : ਨਾਨਕ ਗੁਰਮੁਖ ਨਾਨਕ ਉਸ ਵਿਚ ਸਮਾਇਆ ਰਹਿੰਦਾ ਹੈ, ਜਿਹੜਾ ਸੱਚਾ ਰੱਬ ਮਰਦਾ ਹੈ, ਆਉਂਦਾ ਜਾਂਦਾ ਨਹੀਂ। ਅਜਿਹੇ ਅਰਥ ਸਿਧਾਂਤਕ ਤੇ ਵਿਆਕਰਣਿਕ ਪੱਖੋਂ ਗ਼ਲਤ ਸਿੱਧ ਹੋਣਗੇ। ਕਿਉਂਕਿ, ਜੋ ਸੱਚਾ ਹੈ, ਉਹ ਮਰਦਾ ਨਹੀਂ। ਤੇ ਜੋ ਮਰਦਾ ਹੈ, ਉਸ ਬਾਰੇ 'ਨ ਆਵੈ ਜਾਇ' ਵਾਕਾਂਸ਼ ਨਹੀਂ ਕਿਹਾ ਜਾ ਸਕਦਾ। 'ਗੁਰਮੁਖ ਨਾਨਕ' ਅਰਥ ਗੁਰਬਾਣੀ ਵਿਆਕਰਣ ਮੁਤਾਬਕ ਤਾਂ ਹੀ ਬਣ ਸਕਦੇ ਹਨ, ਜੇ 'ਨਾਨਕ' ਨਾਂਵ ਦੇ 'ਕੱਕੇ' ਨੂੰ ਅਤੇ 'ਗੁਰਮੁਖ' ਦੇ 'ਖੱਖੇ' ਨੂੰ ਔਂਕੜ ਹੋਣ। ਪਰ, ਤੁਸੀਂ ਹੈਰਾਨ ਹੋਵੋਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਖੱਖੇ ਔਂਕੜ ਵਾਲਾ ਰੂਪ ਹੀ ਨਹੀਂ ਹੈ।

**ਤਜਿ ਆਨ, ਸਰਣਿ ਗਹੀ॥ (ਪੰਨਾ 837); ਤਜਿ, ਆਨ ਕਤਹਿ ਨ ਜਾਹਿ॥ (ਪੰਨਾ 837)** ਇਨ੍ਹਾਂ ਦੋਹਾਂ ਤੁਕਾਂ ਵਿਚ ਜਮਕੀ ਵਿਸ਼ਰਾਮ ਖ਼ਾਸ ਧਿਆਨ ਮੰਗਦੇ ਹਨ। ਪਹਿਲੀ ਤੁਕ ਵਿਚ 'ਆਨ' 'ਤੇ ਵਿਸ਼ਰਾਮ ਹੈ। ਜਿਸ ਦਾ ਅਰਥ ਹੈ ਕਿ (ਹੇ ਪ੍ਰਭੂ ! ਮੈਂ) ਹੋਰਨਾਂ ਨੂੰ ਛੱਡ ਕੇ ਤੇਰੀ ਸ਼ਰਨ ਪਕੜੀ ਹੈ। ਦੂਜੀ ਤੁਕ ਵਿਚ ਵਿਸ਼ਰਾਮ 'ਤਜਿ' ਤੋਂ ਬਾਅਦ ਹੈ। ਅਰਥ ਹੈ ਕਿ (ਹੇ ਪ੍ਰਭੂ ! ਤੈਨੂੰ) ਛੱਡ ਕੇ, ਅਸੀਂ ਹੋਰ ਕਿਤੇ ਨਹੀਂ ਜਾਂਦੇ। ਜੇਕਰ ਦੋਹਾਂ ਤੁਕਾਂ ਦੇ ਵਿਸ਼ਰਾਮ ਆਪਸ ਵਿਚ ਬਦਲ ਦਿੱਤੇ ਜਾਣ ਤਾਂ ਅਰਥਾਂ ਦਾ ਅਨਰਥ ਹੋ ਜਾਵੇਗਾ।

ਪ੍ਰੋ: ਸਾਹਿਬ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚ ਅਰਧ ਵਿਸ਼ਰਾਮ ਵਜੋਂ ਕੇਵਲ ਕਾਮਿਆਂ ਦੀ ਵਰਤੋਂ ਕੀਤੀ ਹੈ। ਗਿਆਨੀ ਹਰਿਬੰਸ ਸਿੰਘ ਪਟਿਆਲੇ ਵਾਲਿਆਂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਵਿਚ ਕਾਮਿਆਂ ਤੋਂ ਅੱਗੇ ਵੱਧ ਕੇ ਵਿਸਮਕ ਚਿੰਨ੍ਹ ( ! ) ਨੂੰ ਸੰਬੋਧਨੀ ਚਿੰਨ੍ਹ ਵਜੋਂ ਆਮ ਵਰਤਿਆ ਜਾਂਦਾ ਹੈ। ਜਿਵੇਂ:

**ਗੁਰਾ ਇਕ ਦੇਹਿ ਬੁਝਾਈ ॥**

**(ਦੇਖੋ, ਦਰਸ਼ਨ ਨਿਰਣੈ ਸਟੀਕ, ਪੰਨਾ-104)**

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥**

**(ਦੇਖੋ, ਦਰਸ਼ਨ ਨਿਰਣੈ ਸਟੀਕ, ਪੰਨਾ-224)**

ਪਰ ਇਸ ਪੱਖੋਂ ਕਮਾਲ ਦੀ ਪਹਿਲ ਕੀਤੀ ਹੈ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਉਚਾਰਨ ਦੀ ਸੰਥਿਆ ਦਿੰਦਿਆਂ, ਲੋੜੀਦੀਆਂ ਥਾਵਾਂ 'ਤੇ ਬਿੰਦੀ, ਟਿੱਪੀ ਤੇ ਅੱਧਕ ਦੀ ਵਰਤੋਂ ਸਮਝਾਉਣ ਦੇ ਨਾਲ ਅਰਥਾਂ ਦੀ ਸਪੱਸ਼ਟਤਾ ਲਈ ਹਰੇਕ ਕਿਸਮ ਦੇ ਅੰਗਰੇਜ਼ੀ ਵਿਸ਼ਰਾਮ ਚਿੰਨ੍ਹ ਲਗਵਾਏ। ਹੋਰ ਉਪਕਾਰ ਕੀਤਾ ਗਿਆਨੀ ਮੋਹਣ ਸਿੰਘ ਜੀ (ਸੰਪਰਦਾਈ ਮੁਖੀ, ਗੁਰਦੁਆਰਾ ਅਖੰਡ ਪ੍ਰਕਾਸ਼, ਭਿੰਡਰ ਕਲਾਂ) ਵਾਲਿਆਂ, ਜਿਨ੍ਹਾਂ ਨੇ ਖਾਲਸਾ ਜੀ ਦੀ ਉਪਰੋਕਤ ਕ੍ਰਿਤ ਨੂੰ ਗੁਰਬਾਣੀ ਪਾਠ ਦਰਸ਼ਨ ਨਾਮੀ ਪੁਸਤਕ ਰਾਹੀਂ

ਪ੍ਰਕਾਸ਼ਿਤ ਕੀਤਾ।

ਟਕਸਾਲ ਮਹਿਤਾ ਕਲਾਂ ਵਲੋਂ ਇਹੀ ਪੁਸਤਕ ਗੁਰਬਾਣੀ ਪਾਠ ਦਰਪਣ ਦੇ ਨਾਮ ਹੇਠ ਛਾਪੀ ਜਾ ਰਹੀ ਹੈ। ਇਸ ਪੁਸਤਕ ਵਿਚ ਹਜ਼ਾਰਾਂ ਹੀ ਗੁਰਬਾਣੀ ਦੀਆਂ ਤੁਕਾਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ, ਜਿਨ੍ਹਾਂ ਨੂੰ ਵੱਖ-ਵੱਖ ਕਿਸਮਾਂ ਦੇ ਵਿਸ਼ਰਾਮ ਚਿੰਨ੍ਹਾਂ ਨਾਲ ਨਿਖੇੜਿਆ ਗਿਆ। ਅਰਧ ਵਿਸ਼ਰਾਮ ਲਈ ਬਿੰਦੀ ਕਾਮਾ (;) ਅਤੇ ਇਸ ਤੋਂ ਘੱਟ ਵਿਸ਼ਰਾਮ (ਜਮਕੀ) ਲਈ ਕਾਮਾ (,) ਦੀ ਵਰਤੋਂ ਕੀਤੀ ਗਈ ਹੈ। ਸਮਾਸੀ ਲਫ਼ਜ਼ਾਂ ਦੇ ਹਿੱਸੇ ਪ੍ਰਗਟਾਉਣ ਲਈ ਜੁੜਤ ਲਫਜ਼ਾਂ ਨੂੰ ਤੋੜ ਕੇ ਜੋੜਨੀ (-) ਦੀ ਵਰਤੋਂ ਕੀਤੀ ਗਈ ਹੈ। ਇਥੋਂ ਤਕ ਕਿ ਕਈ ਖ਼ਾਸ ਲਫ਼ਜ਼ਾਂ ਨੂੰ ਉਭਾਰਨ ਲਈ ਪੁੱਠੇ ਕਾਮਿਆਂ (" ") ਦੀ ਵਰਤੋਂ ਕਰਨੋਂ ਵੀ ਸੰਕੋਚ ਨਹੀਂ ਕੀਤਾ। ਤੁਕਾਂ ਦੇ ਅਖ਼ੀਰ ਵਿਚ ਬ੍ਰੈਕਟਾਂ ਪਾ ਕੇ ਬਿੰਦੀ, ਟਿੱਪੀ ਤੇ ਅੱਧਕ ਦੀ ਵਰਤੋਂ ਬਾਰੇ ਸੇਧਾਂ ਦਿੱਤੀਆਂ ਹੋਈਆਂ ਹਨ ਅਤੇ ਪਾਠਾਂਤਰ ਵੀ ਲਿਖੇ ਹਨ। ਉਦਾਹਰਣ ਵਜੋਂ ਹੇਠਾਂ ਕੁਝ ਤੁਕਾਂ ਹੂਬਹੂ ਦਰਸ਼ਨ ਕਰਵਾਏ ਜਾ ਰਹੇ ਹਨ। ਜਿਵੇਂ :

**(ੳ) ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ (1)**

**(ਅ) ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥ (162)**

**(ੲ) ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ ॥ (੨) ਪਰਬਾਦ (810)**

**(ਸ) ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥ (1008)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਜਨਵਰੀ 1977 ਵਿਚ ਪ੍ਰਕਾਸ਼ਤ ਹੋਈ ਖੋਜ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ-ਸੈਂਚੀਆਂ ਅਤੇ ਪੁਰਾਤਨ ਹੱਥ-ਲਿਖਤ ਬੀੜਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ ਪੜ੍ਹ ਕੇ ਇਉਂ ਪ੍ਰਤੀਤ ਹੁੰਦਾ ਹੈ ਕਿ ਗਿ: ਗੁਰਬਚਨ ਸਿੰਘ ਜੀ ਖ਼ਾਲਸਾ ਹੁਰਾਂ ਨੂੰ ਵਿਸ਼ਰਾਮਾਂ ਪ੍ਰਤੀ ਉਪਰੋਕਤ ਸੇਧ ਕਿਸੇ ਹੱਥ-ਲਿਖਤ ਪੁਰਾਤਨ ਬੀੜ 'ਚੋਂ ਹੀ ਮਿਲੀ ਹੋਵੇਗੀ, ਕਿਉਂਕਿ ਪਾਠ-ਭੇਦਾਂ ਦੀ ਸੂਚੀ ਪੁਸਤਕ ਦੇ ਪੰਨਾ 223 'ਤੇ ਇਕ ਐਸੀ ਬੀੜ ਦਾ ਹਵਾਲਾ ਸੰਪਾਦਕੀ ਨੋਟ ਸਹਿਤ ਦਿੱਤਾ ਗਿਆ ਹੈ, ਜਿਸ ਵਿਚ ਛਾਪੇ ਦੀ ਪਾਵਨ ਬੀੜ ਦੇ ਪੰਨਾ 678 'ਤੇ ਧਨਾਸਰੀ ਮਹਲਾ ੫ ਘਰੁ ੬ ਦੇ ਸਿਰਲੇਖ ਹੇਠ **ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ ॥** ਗੁਰਵਾਕ ਨਾਲ ਸ਼ੁਰੂ ਹੁੰਦੇ ਸ਼ਬਦ ਦੀਆਂ ਲੰਮੀਆਂ ਤੁਕਾਂ ਵਿਚ ਵਿਸ਼ਰਾਮਾਂ ਲਈ ਬਿੰਦੀ-ਕਾਮਾ ਤੇ ਕਾਮਾ ਚਿੰਨ੍ਹਾਂ ਦੀ ਵਰਤੋਂ ਕੀਤੀ ਹੋਈ ਹੈ। ਜਿਵੇਂ **ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥** ਭਾਵੇਂ ਕਿ ਬਹੁਤੀਆਂ ਪੁਰਾਤਨ ਬੀੜਾਂ ਵਿਚ ਇਨ੍ਹਾਂ ਵਿਸ਼ਰਾਮਾਂ ਦੀ ਥਾਂ ਦੂਹਰੀ ਡੰਡੀ ਦੀ ਵਰਤੋਂ ਕੀਤੀ ਮਿਲਦੀ ਹੈ, ਜਿਹੜੀ ਹੁਣ ਪ੍ਰਕਾਸ਼ਤ ਹੋ ਰਹੀ ਬੀੜ ਵਿੱਚੋਂ ਬਹੁਤੀ ਥਾਈਂ ਗ਼ਾਇਬ ਹੈ। ਪਾਠ-ਭੇਦਾਂ ਦੀ ਸੂਚੀ ਦੇ ਇਸੇ ਹੀ ਪੰਨੇ 'ਤੇ ਸੰਥਾ ਸੈਂਚੀਆਂ ਸਮੇਤ ਕਈ ਪੁਰਾਤਨ ਬੀੜਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਅਰਧ ਵਿਸ਼ਰਾਮਾਂ ਲਈ ਡੰਡੀਆਂ ਦੀ ਵਰਤੋਂ ਕੀਤੀ ਮਿਲਦੀ ਹੈ। ਡੰਡੀ ਵਿਸ਼ਰਾਮ ਵਾਲੇ ਸੰਥਾ-ਸੈਂਚੀ ਦੇ ਅਸ਼ੁੱਧ ਪਾਠ **ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ ਅਵਰਿ ਜੰਜਾਲ......... ॥** ਦਾ ਨਮੂਨਾ ਪੇਸ਼ ਕਰ ਕੇ ਸ਼ੁੱਧ ਪਾਠ ਇਉਂ ਲਿਖਿਆ ਗਿਆ ਹੈ: **"ਮਨ ਨਿਰਮਲ ਕਰਮ ਕਰਿ; ਤਾਰਨ ਤਰਨ ਹਰਿ, ਅਵਰਿ ਜੰਜਾਲ।"**

ਸੰਪਾਦਕੀ ਨੋਟ ਦੀ ਹੂ-ਬ-ਹੂ ਲਿਖਤ ਇਉਂ ਹੈ : "ਇਸ ਸ਼ਬਦ ਵਿਚ, ਝੂਲਣੇ ਤੇ ਤ੍ਰਿਭੰਗੀ ਛੰਦ ਵਾਂਗੂੰ ਵਿਸ਼ਰਾਮ ਚਿੰਨ੍ਹ (; ਯਾ,) ਆਉਂਦੇ ਹਨ; ਅਰੁ ਇਨ੍ਹਾਂ ਦੀ ਥਾਂ ਦੁਹਰੀ ਡੰਡੀ (ਫੁੱਲ ਸਟਾਪ ॥) ਹੀ ਪੁਰਾਣੇ ਲਿਖਾਰੀਆਂ ਲਾਏ ਹਨ। ਜੋ ਨਵੇਂ ਪਾਠੀਆਂ ਨੂੰ ਭੁਲੇਖਾ ਪਾ ਦੇਂਦੀਆਂ ਹਨ। ਇਸ ਕਰਕੇ ਅਕਸਰ ਪੁਰਾਣੇ ਤੇ ਸਿਆਣੇ ਲਿਖਾਰੀਆਂ ਡੰਡੀਆਂ ਲਾਈਆਂ ਹੀ ਨਹੀਂ। ਜਿਵੇਂ ਏਕੈ ਗੋਬਿਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਤ ਹੋ ਰਹੀ ਪਾਵਨ ਬੀੜ ਦੇ ਪੰਨਾ 678 'ਤੇ ਡੰਡੀ ਵਾਲੇ ਅਰਧ-ਵਿਸ਼ਰਾਮਾਂ ਰਹਿਤ ਉਪਰੋਕਤ ਪੂਰੀ ਤੁਕ ਇੰਜ ਹੈ : **ਚੰਦਨ ਚੋਆ ਰਸ ਭੋਗ ਕਰਤ ਅਨੇਕੈ ਬਿਖਿਆ ਬਿਕਾਰ ਦੇਖੁ ਸਗਲ ਹੈ ਫੀਕੇ ਏਕੈ ਗੋਬਿਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ ॥** ਸੰਪਾਦਕੀ ਨੋਟ ਤੋਂ ਸਪੱਸ਼ਟ ਹੈ ਕਿ ਵਿਦਵਾਨਾਂ ਦੀ ਦ੍ਰਿਸ਼ਟੀ ਵਿਚ ਵਾਕ-ਵੰਡ ਲਈ ਅਜੋਕੇ ਵਿਸ਼ਰਾਮ ਸਹੀ ਹਨ ਅਤੇ ਪੁਰਾਤਨ ਤਰੀਕੇ ਵਾਲੇ ਡੰਡੀ ਵਿਸ਼ਰਾਮ ਭੁਲੇਖਾ ਪਾਊ। ਕਿਉਂਕਿ, ਇਸ ਢੰਗ ਨਾਲ ਪਾਠਕ ਨੂੰ ਤੁਕ ਦੇ ਸੰਪੂਰਣ ਹੋਣ ਦਾ ਭੁਲੇਖਾ ਲੱਗਦਾ ਹੈ। ਅਸਲ ਵਿਚ ਇਹੀ ਕਾਰਨ ਹੈ ਕਿ ਛਾਪੇ ਦੀਆਂ ਬੀੜਾਂ ਵਿਚ ਹੁਣ ਬਹੁਤ ਥੋੜ੍ਹੇ ਹੀ ਐਸੇ ਸ਼ਬਦ ਮਿਲਦੇ ਹਨ, ਜਿਨ੍ਹਾਂ ਦੀਆਂ ਲੰਮੀਆਂ ਤੁਕਾਂ ਵਿਚ ਅਜੋਕੇ ਅਰਧ-ਵਿਸ਼ਰਾਮ ਕਾਮਾ (,) ਦੀ ਥਾਂ ਫੁੱਲ-ਸਟਾਪ ਵਾਲੀ ਦੁਹਰੀ ਡੰਡੀ (॥) ਦੀ ਵਰਤੋਂ ਹੋਵੇ। ਜਿਵੇਂ :

**ਸਾਰਗ ਮਹਲਾ ੪॥**
**ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥**
**ਨਿਰਵੈਰੁ ਅਕਾਲ ਮੂਰਤਿ ॥ ਆਜੂਨੀ ਸੰਭਉ ॥**
**ਮੇਰੇ ਮਨ ਅਨਦਿਨੁੋ ਧਿਆਇ ਨਿਰੰਕਾਰੁ ਨਿਰਾਹਾਰੀ ॥ (1201)**

ਅਖੰਡ ਕੀਰਤਨੀ ਜਥੇ ਦੇ ਮੁਖੀ ਵਿਦਵਾਨ ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਨੇ ਨਿਤਨੇਮ ਸਰਲ ਸਟੀਕ ਵਿਚ ਤੁਕਾਂ ਵਿਚਕਾਰ ਵਿਸ਼ਰਾਮ ਵਜੋਂ ਕਾਮੇ ਵੀ ਵਰਤੇ ਹਨ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਹੋ ਰਹੇ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਮੂਲਕ ਲਫ਼ਜ਼ਾਂ 'ਤੇ ਵਿਸ਼ੇਸ਼ ਹਿੰਦਸੇ ਪਾ ਕੇ ਪਦ-ਅਰਥ ਤੇ ਸ਼ੁੱਧ ਉਚਾਰਣ ਵੀ ਦੱਸੇ ਹਨ। ਗੁਰਬਾਣੀ ਦਾ ਸਰਲ ਵਿਆਕਰਣ-ਬੋਧ ਨਾਮੀ ਪੁਸਤਕ ਵਿਚ ਸੈਂਕੜੇ ਤੁਕਾਂ ਹਨ, ਜਿਨ੍ਹਾਂ ਵਿਚ ਵਿਸ਼ਰਾਮ ਚਿੰਨ੍ਹਾਂ ਤੋਂ ਇਲਾਵਾ ਗੁਰਬਾਣੀ ਪਾਠ ਦਰਸ਼ਨ ਪੁਸਤਕ ਵਾਂਗ ਗੁਰਬਾਣੀ ਦੀਆਂ ਤੁਕਾਂ ਵਿਚਕਾਰੋਂ ਲਫ਼ਜ਼ਾਂ ਨੂੰ ਵਿਸ਼ੇਸ਼ ਤੌਰ 'ਤੇ ਉਭਾਰਨ ਲਈ ਪੁੱਠੇ ਕਾਮੇ ਵੀ ਵਰਤੇ ਹਨ। ਕਿਉਂਕਿ, ਪਾਠਕਾਂ ਨੂੰ ਬਾਣੀ ਦੀ ਸੋਝੀ ਕਰਾਉਣ ਲਈ ਅਜਿਹੀ ਜੁਗਤਿ ਅਪਨਾਉਣੀ ਲਾਜ਼ਮੀ ਹੈ। ਜਿਵੇਂ, ਪੰਨਾ 669 'ਤੇ ਪੰਕਤੀ ਉਲੇਖ ਇਸ ਪ੍ਰਕਾਰ ਹੈ :

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ (669)**

ਤਲਵਾੜਾ ਜੀ ਨੇ ਇਹ ਵੀ ਲਿਖਿਆ ਹੈ ਕਿ ਵਿਸ਼ਰਾਮ ਚਿੰਨ੍ਹ ਤਾਂ ਭਾਵੇਂ ਗੁਰਬਾਣੀ ਦੀਆਂ ਛੋਟੀਆਂ ਛੋਟੀਆਂ ਤੁਕਾਂ ਵਿਚ ਵੀ ਅਤਿ ਲੋੜੀਂਦੇ ਹਨ, ਪਰ ਫਿਰ ਵੀ ਪੜਤਾਲ ਵਾਲੇ ਚਉਪਦਿਆਂ, ਛੰਤਾਂ ਅਤੇ ਸਵੱਈਆਂ ਵਿਚ ਜਿਹੜੀਆਂ ਤੁਕਾਂ ਬਹੁਤ ਲੰਮੀਆਂ ਲੰਮੀਆਂ ਹਨ, ਉਨ੍ਹਾਂ ਵਿਚ ਵਿਸ਼ਰਾਮ ਦੇ ਕੇ ਪਾਠ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਕਿਉਂਕਿ, ਜੇ ਐਸੀਆਂ ਤੁਕਾਂ ਨੂੰ ਕੁਝ ਭਾਗਾਂ ਵਿਚ ਵੰਡ ਕੇ ਅਤੇ ਯੋਗ ਥਾਵਾਂ 'ਤੇ ਰਤਾ ਕੁ ਵਿਸ਼ਰਾਮ ਦੇ ਕੇ ਉਚਾਰਣ ਕੀਤਾ ਜਾਵੇ ਤਾਂ ਜਿਥੇ ਪਾਠ ਦੀ ਲੈਅ ਰਸਦਾਇਕ ਹੋ ਜਾਂਦੀ ਹੈ, ਉਥੇ ਅਰਥ ਭਾਵ ਵੀ ਸਪੱਸ਼ਟ ਹੋ ਜਾਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹਿ ਚੁੱਕੇ ਗਿਆਨੀ ਜੋਗਿੰਦਰ ਸਿੰਘ 'ਵੇਦਾਂਤੀ', ਗੁਰਬਾਣੀ ਵਿਆਕਰਣ ਦੀ ਰੌਸ਼ਨੀ ਵਿਚ ਸ਼ੁੱਧ-ਉਚਾਰਣ ਸਮਝਾਉਣ ਵਾਲੇ ਵਿਦਵਾਨਾਂ ਵਿਚੋਂ ਮੋਹਰੀ ਮੰਨੇ ਜਾਂਦੇ ਹਨ। ਉਹ ਵੀ ਤਲਵਾੜਾ ਜੀ ਦੇ ਵੀਚਾਰਾਂ ਨਾਲ ਸੌ ਫ਼ੀਸਦੀ ਸਹਿਮਤ ਹਨ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਹੁੰਦੇ ਮਾਸਿਕ ਪੱਤਰ ਗੁਰਮਤਿ ਪ੍ਰਕਾਸ਼ ਜੁਲਾਈ 2012 ਵਾਲੇ ਅੰਕ ਵਿਚ ਜਥੇਦਾਰ ਵੇਦਾਂਤੀ ਜੀ ਦਾ ਲਿਖਿਆ ਲੇਖ 'ਗੁਰਬਾਣੀ ਦੀ ਲਗ-ਮਾਤ੍ਰ ਨਿਯਮਾਵਲੀ : ਖੋਜ ਤੇ ਸੰਭਾਵਨਾ' ਇਸ ਪੱਖੋਂ ਪੜ੍ਹਨ ਯੋਗ ਹੈ।

ਸ਼ਬਦ ਵੀਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਰਤਾ ਡਾ. ਓਅੰਕਾਰ ਸਿੰਘ ਜੀ ਨੇ ਤੁਕਾਂ ਦੇ ਵਿਚਕਾਰ ਵਿਸ਼ਰਾਮ ਵਜੋਂ ਕਾਮਿਆਂ ਦੀ ਵਰਤੋਂ ਕਰਦਿਆਂ ਬ੍ਰੈਕਟਾਂ ਪਾ ਕੇ ਸ਼ਬਦਾਂ ਦੇ ਸ਼ੁੱਧ ਉਚਾਰਨ ਦੱਸਣ ਦਾ ਸ਼ਲਾਘਾ ਯੋਗ ਉਪਰਾਲਾ ਕੀਤਾ ਹੈ। ਜਿਵੇਂ :

ਕੀਟਾ (ਕੀਟਾਂ) ਅੰਦਰਿ (ਅੰਦਰ) ਕੀਟੁ (ਕੀਟ) ਕਰਿ (ਕਰ) ਦੋਸੀ (ਦੋਸ਼ੀ) ਦੋਸੁ (ਦੋਸ਼) ਧਰੇ॥ (ਪੋਥੀ ਭਾਗ ਪਹਿਲਾ, ਪੰਨਾ 14) ਸਿਧਾ (ਸਿਧਾਂ) ਪੁਰਖਾ (ਪੁਰਖਾਂ) ਕੀਆ (ਕੀਆਂ) ਵਡਿਆਈਆ॥ (ਵਡਿਆਈਆਂ) (ਪੋਥੀ ਭਾਗ ਪਹਿਲਾ, ਪੰਨਾ 84)

(...ਚੱਲਦਾ)

ਲੜੀ ਜੋੜਣ ਲਈ ਪਿਛਲਾ ਅੰਕ ਦੇਖੋ

# ਅਖੰਡ ਪਾਠ

**'ਸਿੱਖ ਰਹੁਰੀਤ' ਕਿਤਾਬਚੇ ਵਿਚੋਂ**

ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਬ੍ਰਾਹਮਣੀ ਰੀਤਾਂ ਜਿਵੇਂ ਕੁੰਭ (ਘੜਾ), ਲਾਲ ਕੱਪੜਾ, ਮੋਲੀ ਨਾਰੀਅਲ, ਜੋਤਿ ਜਗਾਉਣੀ ਆਦਿ ਮਨਮਤਿ ਹੈ। ਮੱਧ ਦੀ ਅਰਦਾਸ ਕੋਈ ਵਿਧੀ ਨਹੀਂ ਹੈ। ਆਰਤੀ ਅਤੇ ਆਰਤਾ ਦੇ ਇਕੋ ਅਰਥ ਕਰਨੇ ਮੂਰਖਤਾ ਹੈ। 'ਆਰਤਾ' ਦਾ ਭਾਵ ਹੈ ਮੰਗਤਾ, ਜਾਚਕ ਭਾਵ ਭਗਤ ਧੰਨਾ ਜੀ ਕਹਿੰਦੇ ਹਨ, ਹੇ ਪ੍ਰਿਥਵੀ ਦੇ ਪਾਲਣ ਵਾਲੇ ਪ੍ਰਭੂ, ਮੈਂ ਤੇਰੇ ਦਰ ਦਾ ਮੰਗਤਾ ਹਾਂ। (ਜੋ ਸੱਜਣ ਪਾਠ ਦੀ ਸਮਾਪਤੀ ਪਿਛੋਂ ਥਾਲ ਵਿਚ ਦੀਵੇ ਬਾਲ ਕੇ ਗੁਰੂ ਗਰੰਥ ਸਾਹਿਬ ਦੀ ਆਰਤੀ ਕਰਦੇ ਹਨ, ਉਹ ਆਪਣੀ ਮੂਰਖਤਾ ਅਤੇ ਜਹਾਲਤ ਦਾ ਸਬੂਤ ਦਿੰਦੇ ਹਨ।)

**(ਆਦਿ ਪੂਰਨ ਮਧਿ ਪੂਰਨ ... ਦਾ ਭਾਵ ਹੈ, ਪਰਮੇਸ਼ਰ ਮੁੱਢ, ਇਸ ਸਮੇਂ ਅਤੇ ਹਮੇਸ਼ਾਂ ਹੀ ਸਰਬ-ਵਿਆਪਕ ਹੈ। ਇਸਦਾ ਗੁਰੂ ਗ੍ਰੰਥ ਸਾਹਿਬ ਦੇ ਮੱਧ ਨਾਲ ਕੋਈ ਮਤਲਬ ਨਹੀਂ ਹੈ।)**

- ਪਾਠ ਦੀ ਸਮਾਪਤੀ ਸਮੇਂ, ਘਰਾਂ ਵਿਚ ਨਾਲ ਦੇ ਕਮਰੇ ਵਿਚ ਗੰਦੀਆਂ ਫਿਲਮਾਂ, ਵੀ. ਸੀ. ਆਰ., ਕੇਬਲ ਰਾਹੀਂ ਨਾਚ ਗਾਣੇ, ਸ਼ਰਾਬ ਦੇ ਦੌਰ ਅਤੇ ਮਨਮਤਾਂ ਕਰਕੇ ਗੁਰੂ ਦੀ ਨਿਰਾਦਰੀ ਕਰਨ ਦਾ ਰਿਵਾਜ ਕੁਝ ਅਗਾਂਹ ਵਧੂ ਸਮਝੇ ਜਾਂਦੇ ਸਿੱਖ ਘਰਾਣਿਆਂ ਵਿੱਚ ਪ੍ਰਚਲਿਤ ਹੋ ਗਿਆ ਹੈ। ਗੁਰੂ ਕੇ ਸਿੱਖਾਂ ਨੂੰ ਗੁਰੂ ਮਹਾਰਾਜ ਦਾ ਅਪਮਾਨ ਨਹੀਂ ਕਰਨਾ ਚਾਹੀਦਾ।

- ਅਖੰਡ ਪਾਠ ਦੀ ਸਮਾਪਤੀ ਸਮੇਂ ਰੁਮਾਲਾ ਭੇਟ ਕੀਤਾ ਜਾਂਦਾ ਹੈ ਅਤੇ ਨਵਾਂ ਰੁਮਾਲਾ ਚੜਾਉਣ ਸਮੇਂ ਸਲੋਕ- ਪ੍ਰੇਮ ਪਟੋਲਾ ਤੇ ਸਹਿ ਦਿਤਾ ਢਕਣ ਕੂ ਪਤਿ ਮੇਰੀ ਪੜ੍ਹਦੇ ਹਨ, ਜਿਸ ਦਾ ਰੁਮਾਲੇ ਨਾਲ ਕੋਈ ਸਬੰਧ ਨਹੀਂ। ਇਸ ਤੋਂ ਪਤਾ ਲਗਦਾ ਹੈ ਕਿ ਪੜ੍ਹਨ ਵਾਲੇ ਗ੍ਰੰਥੀ ਸਿੰਘ ਨੂੰ ਅਰਥਾਂ ਦੀ ਸੁੱਧ-ਬੁੱਧ ਨਹੀਂ ਹੈ।

**(ਨਵਾਂ ਰੁਮਾਲਾ ਚੜਾਉਣ ਸਮੇਂ ਸ਼ਬਦ-ਪ੍ਰੇਮ ਪਟੋਲਾ ਤੇ ਸਹਿ ਦਿਤਾ ਢਕਣ ਕੂ ਪਤਿ ਮੇਰੀ ਪੜ੍ਹਨਾ ਅਰਥਾਂ ਦੇ ਅਨਰਥ ਕਰਨ ਤੁਲ ਹੈ। ਸੰਖਨ ਕੀ ਧੁਨ ਘੰਟਨ ਕੀ ਗੁਰਬਾਣੀ ਦਾ ਸ਼ਬਦ ਨਹੀਂ ਹੈ। ਇਹ ਇੰਦਰ ਦੇਵਤੇ ਦੀ ਦੇਵਤਿਆਂ ਵਲੋਂ ਆਰਤੀ ਹੈ।)**

**ਨੋਟ :-** ਜੋ ਸੰਤ ਜਾਂ ਜਥੇ ਯਾਤੇ ਪ੍ਰਸੰਨ ਭਏ ਹੈ ਮਹਾ ਮੁਨਿ ਦੇਵਨ ਕੇ ਤਪ ਮੈ ਸੁਖੁ ਪਾਵੈ॥ ਗਨਿ ਜਛ ਅਪਛ ਨਿਰਤ ਦਿਖਾਵੈ॥ 'ਸੰਖਨ ਕੀ ਧੁਨਿ ਘੰਟਨ ਕੀ ਕਰਿ ਫੂਲਨ ਦੀ ਬਰਖਾ ਬਰਖਾਵੈ' ਪੜ ਕੇ ਆਰਤੀ ਕਰਦੇ ਹਨ, ਉਹਨਾਂ ਨੂੰ ਪਤਾ ਨਹੀਂ ਇਹ ਕਿਸ ਦੀ ਰਚਨਾ ਹੈ। ਇਸ ਰਚਨਾ ਦਾ ਭਾਵ ਹੈ ਦੇਵਤਿਆਂ ਦਾ ਤੇਜ ਪ੍ਰਤਾਪ ਵਧਿਆ ਵੇਖ ਕੇ ਨਾਰਦ ਆਦਿਕ ਮੁਨੀ ਪ੍ਰਸੰਨ ਹੋਇ... ਯੱਗ ਕੀਤੇ ਗਏ... ਕਈ ਦਿਨ ਵੇਦ-ਮੰਤਰਾਂ ਦਾ ਰਟਨ ਹੋਇਆ .. ਮਿਦ੍ਰੰਗ ਆਦਿ ਕਈ ਕਿਸਮਾਂ ਦੇ ਸਾਜਾਂ ਨਾਲ ਕਿਨਰ, ਗੰਧਰਬਾਂ ਨੇ ਗੀਤ ਗਾਏ, ਜੱਖ ਅਤੇ ਅਪਛਰਾਂ ਨੇ ਨਿਰਤ (ਨਾਚ) ਵਿਖਾਏ। ਕੇਸਰ ਤੇ ਚਾਵਲਾਂ ਦਾ ਤਿਲਕ ਲਗਾਇਆ ਆਦਿ- ਇਹ ਦੇਵਤਿਆਂ ਵਲੋਂ ਇੰਦਰ ਦੇਵਤੇ ਦੀ ਆਰਤੀ ਉਤਾਰਨ ਦਾ ਦ੍ਰਿਸ਼ ਹੈ। ਇਹ ਗੁਰਬਾਣੀ ਨਹੀਂ ਹੈ ਅਤੇ ਨਾ ਹੀ ਗੁਰੂ ਦਰਬਾਰ ਵਿੱਚ ਅਪਸਰਾਂ (ਨਿਰਤਕੀਆਂ) ਨਚਾਈਆਂ ਜਾਂਦੀਆਂ ਹਨ। ਇਹ ਗੁਰੂ ਗ੍ਰੰਥ ਸਾਹਿਬ ਦਾ ਘੋਰ ਅਪਮਾਨ ਹੈ।

## ਸਿੱਖ ਤਿਉਹਾਰ

ਗੁਰਦੁਆਰਾ ਸਾਹਿਬ ਵਿਖੇ ਕੇਵਲ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਸਬੰਧੀ ਦਿਹਾੜੇ ਹੀ ਧਾਰਮਿਕ ਸ਼ਰਧਾ ਅਤੇ ਉਤਸਾਹ ਨਾਲ ਮਨਾਉਣੇ ਸਿੱਖ ਦਿਹਾੜੇ ਜਾਂ ਗੁਰਪੁਰਬ ਹਨ। ਸਿੱਖ ਸ਼ਹੀਦਾਂ, ਸਿੱਖ ਸਾਕਿਆਂ ਦੀ ਯਾਦ, ਵਿਸਾਖੀ ਤੇ ਹੋਲਾ ਮਹੱਲਾ ਵੀ ਸਿੱਖ ਦਿਹਾੜੇ ਹਨ। ਪਰ ਇਹਨਾਂ ਨੂੰ ਮੇਲੇ ਦੇ ਤੌਰ ਤੇ ਮਨਾਉਣਾ ਠੀਕ ਨਹੀਂ। ਸਿੱਖ ਧਰਮ ਡਰਾਮੇਬਾਜ਼ੀ ਅਤੇ ਸ਼ੋਰ-ਗੁਲ ਮਚਾਉਣ ਵਾਲਾ ਧਰਮ ਨਹੀਂ ਹੈ, ਜਿਵੇਂ ਅੱਜ ਕਲ ਲਾਊਡ ਸਪੀਕਰਾਂ ਝਾਲਰਾਂ, ਪਟਾਖਿਆਂ ਤੇ ਜਲੂਸਾਂ ਰਾਹੀਂ ਕੀਤਾ ਜਾ ਰਿਹਾ ਹੈ। ਹੇਠ ਲਿਖੇ ਦਿਹਾੜੇ ਸਿੱਖ ਤਿਉਹਾਰ ਨਹੀਂ ਹਨ -

**(ਗੁਰਦੁਆਰਾ ਸਾਹਿਬ ਵਿਖੇ ਭਗਤਾਂ ਦੇ ਗੁਰਪੁਰਬ ਤਾਂ ਨਹੀਂ, ਯਾਦ ਦਿਵਸ ਮਨਾਉਣ ਵਿਚ ਕੋਈ ਹਰਜ ਨਹੀਂ। ਦਸਾਂ ਗੁਰੂਆਂ ਦੇ ਗੁਰਪੁਰਬ, ਸ਼ਰਧਾ ਅਤੇ ਸੰਜੀਦਗੀ ਨਾਲ ਮਨਾਉਣੇ ਚਾਹੀਦੇ ਹਨ, ਮੇਲਿਆ ਦੀ ਤਰਾਂ ਨਹੀਂ।)**

ਹੋਲੀ, ਲੋਹੜੀ, ਰੱਖੜੀ, ਵਿਸ਼ਕਰਮਾ, ਗੁਗੇ ਦੀ ਪੂਜਾ, ਕਰਵਾ ਚੌਥ ਜਾਂ ਹੋਰ ਕੋਈ ਵਰਤ, ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਅਸਟਮੀ, ਨਵਰਾਤਰੇ, ਗ੍ਰਹਿਣ। (ਅੱਜ ਸਿੰਘ ਸਭਾਵਾਂ, ਜੋ ਗੁਰਮਤਿ ਉੱਪਰ ਪਹਿਰਾ ਦੇਣ ਲਈ ਹੋਂਦ ਵਿਚ ਆਈਆਂ ਸਨ, ਦੇ ਨੋਟਿਸ ਬੋਰਡਾਂ ਉੱਤੇ ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਪੰਚਮੀ, ਕੇਵਲ ਉਗਰਾਹੀ ਅਤੇ ਆਟਾ, ਫੱਲ, ਦੁੱਧ ਦੇ ਲਾਲਚ ਵਸ ਲਿਖੇ ਅਤੇ ਮਨਾਏ ਜਾਂਦੇ ਹਨ। ਇਹ ਸੂਰਜ-ਚੰਦਰਮੇ ਦੀ ਪੂਜਾ ਹੈ। ਕਸਵੱਟੀ ਗੁਰਬਾਣੀ ਹੈ)। ਗੁਰਦੁਆਰਾ ਪ੍ਰਬੰਧਕਾਂ ਨੂੰ ਕੇਵਲ ਮਾਇਆ ਚਾਹੀਦੀ ਹੈ ਕਿਸੇ ਵੀ ਤਰੀਕੇ ਨਾਲ ਆ ਜਾਵੇ। ਗੁਰਦੁਆਰਿਆਂ ਵਿਚ ਭਗਤਾਂ ਦੇ ਪੁਰਬ ਮਨਾਉਣੇ ਪਰਵਾਨ ਨਹੀਂ।

**(ਹੋਲੀ, ਲੋਹੜੀ, ਵਿਸ਼ਕਰਮਾਂ, ਗੁਗੇ ਦੀ ਪੂਜਾ, ਕਰਵਾ ਚੌਥ, ਸੰਗਰਾਂਦ, ਮਸਿਆ, ਪੂਰਨਮਾਸ਼ੀ, ਗ੍ਰਹਿਣ, ਦੀਵਾਲੀ, ਦੁਸਹਿਰਾ ਇਹ ਸਿੱਖ ਤਿਉਹਾਰ ਨਹੀਂ ਹਨ।)**

(ਭਗਤਾਂ ਦੇ ਨਾਮ ਉੱਪਰ ਗੁਰਦਵਾਰੇ ਬਣਾਏ ਜਾਣੇ ਵੀ ਗਲਤ ਗੱਲ ਹੈ। ਦਿਵਾਲੀ ਮਨਾਉਣ ਲਈ ਛੇਵੇਂ ਪਾਤਸ਼ਾਹ ਦੀ ਗਵਾਲੀਅਰ ਤੋਂ ਵਾਪਸੀ ਦਾ ਬਹਾਨਾ ਬਣਾਉਣਾ ਸਰਾਸਰ ਝੂਠ ਹੈ। ਮਿਠਾਈ, ਤੋਹਫੇ ਆਦਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਉਪਰ ਵੰਡਣੇ ਕਿਸੇ ਨੂੰ ਯਾਦ ਨਹੀਂ ਰਹਿੰਦੇ, ਜੋ ਸਿੱਖ ਧਰਮ ਦਾ ਸਭ ਤੋਂ ਵੱਡਾ ਦਿਹਾੜਾ ਹੈ। ਲਛਮੀ ਪੂਜਾ ਗੁਰਮਤਿ ਵਿਚ ਪਰਵਾਨ ਨਹੀਂ ਹੈ। ਆਤਸ਼ਬਾਜ਼ੀ ਦਾ ਨੁਕਸਾਨ ਜ਼ਿਆਦਾ ਲਾਭ ਕੁਝ ਵੀ ਨਹੀਂ ਹੈ। ਅੱਜ ਕੱਲ ਪ੍ਰਭਾਤ ਫੇਰੀਆਂ ਦੇ ਮੌਕੇ ਘਰਾਂ ਦੇ ਮੁੰਡੇ ਕੁੜੀਆਂ ਪਟਾਖੇ ਚਲਾਂਦੇ ਹਨ, ਪਤਾ ਨਹੀਂ ਕੀ ਦੱਸਣਾ ਚਾਹੁੰਦੇ ਹਨ। ਇਸੇ ਤਰਾਂ ਗੁਰਪੁਰਬਾਂ ਤੇ ਅੱਧੀ ਰਾਤੀ ਗੁਰੂ ਮਹਾਰਾਜ ਦਾ ਜਨਮ ਦੱਸਕੇ ਪਟਾਖੇ ਚਲਾਂਦੇ ਹਨ।

**ਨੋਟ -** ਸਖੀ ਸਰਵਰ (ਸੁਲਤਾਨੀਆਂ) ਤੇ ਪੀਰਾਂ ਫਕੀਰਾਂ ਦੀਆਂ ਕਬਰਾਂ ਪੂਜਣ ਤੇ ਗੁਰੂ ਮਾਹਰਾਜ ਨੇ ਸਿੱਖ ਸਮਾਜ ਦਾ ਛੁਟਕਾਰਾ ਕਰਵਾਇਆ ਸੀ, ਪਰ ਦੁੱਖ ਹੈ ਕਿ ਜੋ ਸਿੱਖ ਗੁਰੂ ਗਰੰਥ ਸਾਹਿਬ ਦੀ ਬਾਣੀ ਪੜਦੇ ਹਨ, ਉਹ ਵੀ ਵੀਰਵਾਰ ਨੂੰ ਕਬਰਾਂ ਤੇ ਜਾ ਮੱਥੇ ਟੇਕਦੇ ਹਨ।

ਗੁਰਮਤਿ ਵਿਚ ਹੇਠ ਲਿਖੇ ਕਰਮ-ਕਾਂਡ ਵਿਵਰਜਿਤ ਹਨ। ਜੋ ਸਿੱਖ ਗੁਰਬਾਣੀ ਨੂੰ ਸਿਰ ਨਿਵਾਉਂਦੇ ਹਨ ਅਤੇ ਗੁਰਮਤਿ (ਗੁਰੂ ਕੀ ਸਿਖਿਆ) ਵਿਰੁੱਧ ਰਸਮਾਂ ਨੂੰ ਮੰਨਦੇ ਹਨ, ਉਹ ਗੁਰੂ ਮਹਾਰਾਜ ਨਾਲ ਬੇਈਮਾਨੀ ਕਰ ਰਹੇ ਹੁੰਦੇ ਹਨ। ਜਿਵੇਂ ਸੁਖਣਾ ਸੁਖਣੀ, ਕਾਗਜ ਦੇ ਜੰਤਰ ਮੰਤਰ ਕਰਨੇ, ਧਾਗੇ-ਤਵੀਤ ਅਤੇ 21 ਜਾਂ 31 ਦਿਨ ਬਾਦ ਅਸਰ, ਨੰਗੀ ਪੈਰੀਂ ਚਾਲੀਹਾ, ਸ਼ਗਨ-ਅਪਸ਼ਗਨ, (ਗੁਰਬਾਣੀ ਦਾ ਦੀਵਾ ਹੱਥ ਤੇ ਰੱਖ ਕੇ ਕੰਮ ਜੰਤਰੀਆਂ ਦੀ ਰੋਸ਼ਨੀ ਵਿਚ ਚਲ ਰਹੀ ਹੈ, ਜੰਤਰੀ-ਭਾਵੇਂ ਖਾਲਸਾ ਜੰਤਰੀ ਹੋਵੇ, ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਗੁਰਪੁਰਬ ਦੇ ਦਿਨ ਵੀ ਬ੍ਰਾਹਮਣੀ ਥਿਤਾਂ, ਸੁਦੀ-ਵਦੀ ਅਨੁਸਾਰ ਮਨਾਏ ਜਾਂਦੇ ਹਨ ਅਤੇ ਹਰ ਸਾਲ ਬਦਲਦੇ ਹਨ, ਅਜੀਬ ਬਿਪਤਾ ਖੜੀ ਕਰ ਦਿੱਤੀ ਹੈ। (ਪੰਥ ਨੂੰ ਨਾਨਕਸ਼ਾਹੀ ਕੈਲੰਡਰ ਲਾਗੂ ਕਰਵਾਉਣਾ ਚਾਹੀਦਾ ਹੈ)। **ਮੁਕਤਸਰ ਦੀ ਜੰਗ ਮਈ ਸੰਨ 1705 ਨੂੰ ਹੋਈ ਅਤੇ ਇਹ ਦਿਹਾੜਾ ਜਨਵਰੀ ਵਿਚ ਕੇਵਲ ਮਾਘੀ ਦੀ ਸੰਗਰਾਦ ਨੂੰ ਸ਼ਰਧਾ ਭੇਟ ਕਰਨ ਲਈ ਮਨਾਇਆ ਜਾਂਦਾ ਹੈ।**

(...ਚੱਲਦਾ)

# ਔਰਤ ਦਾ ਸਤਿਕਾਰ

**-ਰਜਿੰਦਰ ਕੌਰ # 98774-73171**

ਔਰਤ ਦਾ ਨਾਂ ਲੈਂਦਿਆਂ ਹੀ ਤਿਆਗ, ਸਹਿਣਸ਼ੀਲਤਾ ਅਤੇ ਪਿਆਰ ਦੀ ਤਸਵੀਰ ਸਾਡੇ ਸਾਹਮਣੇ ਆ ਜਾਂਦੀ ਹੈ। ਔਰਤ ਦੀ ਮਹਾਨਤਾ ਨੂੰ ਦੱਸਦਿਆਂ ਹੋਇਆ ਮਹਾਨ ਨਾਵਲਕਾਰ ਨਾਨਕ ਸਿੰਘ ਲਿਖਦਾ ਹੈ ਐ ਇਸਤਰੀ ! ਤੂੰ ਐਨੀ ਉੱਚਤਾ ਤੇ ਵਿਸ਼ਾਲਤਾ ਕਿੱਥੋਂ ਪ੍ਰਾਪਤ ਕੀਤੀ ਹੈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਵਿਚ, ਮਮਤਾ ਤੇਰੇ ਵਿੱਚ, ਤਿਆਗ ਦੇ ਅਟੁੱਟ ਪਹਾੜ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਤੂੰ ਕਿਥੋਂ ਲਿਆ ਹੈ? 'ਅੱਧ ਖਿੜਿਆ ਫੁੱਲ ਨਾਵਲ' ਦੇ ਲੇਖਕ ਅਨੁਸਾਰ ਔਰਤ ਕੁਦਰਤ ਦਾ ਇੰਨਾ ਰਹੱਸਮਈ ਕ੍ਰਿਸ਼ਮਾ ਹੈ ਜੋ ਸ਼ੁਰੂ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦੀ ਹੈ ਜਿਵੇਂ ਧਰਤੀ ਬਲਦਾਂ ਦੇ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦੇ ਮੋਢਿਆ ਤੇ ਆ ਟਿਕੀ ਹੋਵੇ। ਇਹ ਵੀ ਗੱਲ ਹੈ ਕਿ ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਰਹਿੰਦਾ ਹੈ। ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿੱਚ ਔਰਤ ਮਰਦ ਨੂੰ ਰੱਬ ਵੱਲੋਂ ਦਿੱਤੀ ਹੋਈ ਸਭ ਤੋਂ ਸ਼੍ਰੇਸਟ ਸੌਗਾਤ ਹੈ।

'ਸ਼ਿਵ ਕੁਮਾਰ ਬਟਾਲਵੀ' ਧਰਤੀ ਤੇ ਜੋ ਕੁਝ ਸੋਹਣਾ ਹੈ ਉਸ ਪਿੱਛੇ ਨਾਰ ਜ਼ਰੂਰ ਹੈ। ਇੰਨਾ ਕੁਝ ਹੋਣ ਤੇ ਵੀ ਇਸਤਰੀ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਰਹੀ ਹੈ। ਘਰ ਅਤੇ ਸਮਾਜ ਵਿਚ ਉਸ ਦਾ ਸਥਾਨ ਮਰਦਾਂ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦੀ ਪਰਵਰਿਸ਼ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਤੇ ਤੁਰਨ ਦੀ ਲਾਲਸਾ ਨਾ ਜਾਗੇ। ਅਜੀਤ ਕੌਰ ਨੇ ਔਰਤ ਦੀ ਵੇਦਨਾ ਨੂੰ ਆਪਣੀਆਂ ਬਹੁਤੀਆਂ ਲਿਖਤਾਂ ਵਿੱਚ ਕੇਂਦਰ ਬਿੰਦੂ ਬਣਾਇਆ ਹੈ ਖਾਨਾਬਦੋਸ਼ ਵਿੱਚ ਲਿਖਦੀ ਹੈ- 'ਗੁਨਾਹਿ ਅਵੱਲ- ਔਰਤ ਹੋਣਾ'

ਗੁਨਾਹਿ ਦੋਸ- ਇਕੱਲੀ ਔਰਤ

ਗੁਨਾਹਿ ਸੋਮ- ਇਕੱਲੀ ਔਰਤ ਆਪਣੀ ਰੋਟੀ ਆਪ ਕਮਾਂ ਦੀ।



ਨਾਥਾਂ ਜੋਗੀਆਂ ਨੇ ਇਸਤਰੀ ਨੂੰ ਕਿਸ ਹੱਦ ਤੱਕ ਭੰਡਿਆਂ ਹੈ ਔਰਤ ਤੇ ਅਕਸ ਨੂੰ ਵਿਗਾੜਨ ਵਿੱਚ ਮਨੂੰ ਨੇ ਮੋਹਰੀ ਰੋਲ ਅਦਾ ਕੀਤਾ ਹੈ। ਮਨੂੰ ਨੇ ਇਸਤਰੀ ਨੂੰ ਜ਼ਹਿਰ ਦੀ ਗੰਦਲ ਕਿਹਾ ਹੈ। ਕੁਦਰਤ ਨੇ ਇਸਤਰੀ ਨੂੰ ਇਸ ਤਰ੍ਹਾਂ ਬਣਾਇਆ ਹੈ ਕਿ ਇਸਤਰੀ ਜ਼ਿੰਦਗੀ ਵਿੱਚ ਕੇਵਲ ਇੱਕ ਨੂੰ ਪਿਆਰ ਕਰਦੀ ਹੈ ਤੇ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ ਪਰ ਪੁਰਸ਼ ਦੇ ਸੁਭਾਅ ਵਿੱਚ ਵੰਨ ਸੁਵੰਨਤਾ ਹੈ। ਭਾਰਤੀ ਨਾਰੀ ਦੀ ਮਹਾਨਤਾ ਹੈ ਕਿ ਉਹ ਪਤੀ ਤੱਕ ਸੀਮਤ ਰਹਿਣ ਨੂੰ ਹੀ ਆਪਣਾ ਧਰਮ ਸਮਝਦੀ ਹੈ। ਦਰਅਸਲ ਭਾਰਤੀ ਸਮਾਜ ਵਿੱਚ ਔਰਤ ਲਈ ਥਾਂ ਥਾਂ ਬੰਦਸ਼ਾ ਹਨ ਇੱਥੋਂ ਤੱਕ ਕਿ ਉਸ ਦੇ ਹੱਸਣ ਤੇ ਵੀ ਤਾਲੇ ਲੱਗੇ ਹੋਏ ਹਨ, ਰੋਣ ਤੇ ਵੀ ਪਾਬੰਦੀਆਂ ਹਨ। ਔਰਤ ਚਾਹੇ ਕੰਮਕਾਰੀ ਹੋਵੇ ਚਾਹੇ ਘਰੇਲੂ, ਤੱਸ਼ਦਦ ਤਾਂ ਹਰ ਥਾਂ ਤੇ ਹੈ। ਜੇ ਉਹ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ ਡੰਡਾ ਫੜਦਾ ਹੈ ਇਹ ਲੋਕ ਗੀਤ ਔਰਤ ਲਈ ਇਸ ਤਰ੍ਹਾਂ ਪ੍ਰਗਟ ਕਰਦਾ ਹੈ। "ਕਰਦੂੰ ਗਜ ਵਰਗੀ, ਜੇ ਤੂੰ ਬਰਾਬਰ ਬੋਲੀ"। ਵਿਧਵਾ ਹੋਣਾ ਵੀ ਇੱਕ ਸਰਾਪ ਹੈ ਜਿਵੇਂ ਕਿ ਇਸ ਵਿੱਚ ਵੀ ਉਸ ਦਾ ਕਸੂਰ ਹੈ। ਵਿਧਵਾ ਨੂੰ ਕੱਟੀ ਪਤੰਗ ਸਮਝਿਆਂ ਜਾਂਦਾ ਹੈ ਜਿਸ ਦੀ ਡੋਰ ਕੱਟਣ ਲਈ ਮਰਦ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ ਇਹ ਵੀ ਸੱਚਾਈ ਜੇ ਪਤੀ ਮਰ ਜਾਏ ਤਾਂ ਪਤਨੀ ਇਕੱਲੀ ਕੰਮ ਕਰਦੀ ਹੈ ਬੱਚੇ ਸਾਂਭਦੀ ਹੈ ਪਰ ਇਸਦੇ ਉਲਟ ਜੇ ਪਤਨੀ ਮਰ ਜਾਏ ਤਾਂ ਪਤੀ ਦੂਜੀ ਲਈ ਐਡਵਾਂਸ ਬੁਕਿੰਗ ਕਰਵਾ ਲੈਂਦੇ ਹਨ। ਇਸ ਤਰ੍ਹਾਂ ਇਸਤਰੀ ਵਿਆਹ ਤੋਂ ਪਹਿਲਾ ਵੀ ਜੰਜ਼ੀਰਾਂ ਵਿਚ ਜਕੜੀ ਹੋਈ ਹੈ ਤੇ ਬਾਅਦ ਵਿੱਚ ਵੀ। ਆਪਣੇ ਦਰਦ ਨੂੰ ਇੱਕ ਟਿਸ਼ ਟਿਸ਼ ਕਰਦੇ ਫੋੜੇ ਵਾਂਗੂੰ ਬੋਚਕੇ ਰੱਖਦੀ ਹੈ ਜਿਵੇਂ ਕਬੂਤਰ ਤੀਰ ਖਾ ਕੇ ਜ਼ਖ਼ਮਾਂ ਨੂੰ ਖੰਭਾਂ ਹੇਠ ਛਿਪਾ ਰੱਖਦਾ ਹੈ ਇਸ ਤਰ੍ਹਾਂ ਇਸਤਰੀ ਆਪਣੇ ਦਿਲ ਵਿੱਚ ਕਿਤਨੇ ਹੀ ਦਰਦ ਛਪਾਈ ਰੱਖਦੀ ਹੈ ਇਹ ਕਹਿਣਾ ਸੱਚ ਦੇ ਜਿਆਦਾ ਕਰੀਬ ਹੋਏਗਾ, "ਨਾਰੀ ਨਾਮ ਹੈ ਇੱਕ ਐਸੇ ਅਹਿਸਾਸ ਦਾ ਜਿਵੇਂ ਜ਼ਖਮ ਵਿੱਚ ਪੀੜ ਹੈ"।

ਅੱਜ ਤੋਂ 600 ਸਾਲ ਪਹਿਲਾ ਗੁਰੂ ਨਾਨਕ ਸਾਹਿਬ ਜੀ ਨੇ ਸਮਾਜ ਨੂੰ ਲਲਕਾਰਿਆ ਸੀ ਤੇ ਔਰਤ ਦੇ ਹੱਕਵਿੱਚ ਆਵਾਜ਼ ਬੁਲੰਦ ਕੀਤੀ ਸੀ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।"ਇਸ ਕਰਾਂਤੀ ਕਾਰੀ ਉੱਦਮ ਨੂੰ ਗੁਰੂ ਅਮਰਦਾਸ ਸਾਹਿਬ ਜੀ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਆਜਾਦ ਕਰ ਦਿੱਤਾ। ਇਸਤਰੀ ਨੂੰ ਬੇਵਫਾ, ਝੂਠੀ, ਧੋਖੇਬਾਜ ਕਹਿਣ ਵਾਲਿਓ ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਤੁਸੀਂ ਕਿੰਨੇ ਕੁ ਸੱਚੇ ਹੋ? ਅਸੀਂ ਰੱਬ ਤੋਂ ਬਾਅਦ ਔਰਤ ਦੇ ਵੀ ਦੇਣਦਾਰ ਹਾਂ ਜਿਸਨੇ ਪਹਿਲਾ ਜ਼ਿੰਦਗੀ ਦਿੱਤੀ ਫਿਰ ਜ਼ਿੰਦਗੀ ਨੂੰ ਜਿਉਣ ਯੋਗ ਬਣਾਇਆ। 'ਮਿਸਟਰ ਸਟੇਲੇਵੇ' ਸੋ ਜਿਸ ਰੱਬ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਉਹ ਉਸਦੇ ਪੁਜਾਰੀ ਬਣ ਗਏ। ਹਰ ਕਾਮਯਾਬ ਇਨਸਾਨ ਪਿੱਛੇ ਇੱਕ ਇਸਤਰੀ ਦਾ ਹੱਥ ਹੁੰਦਾ ਹੈ। ਉਹ ਔਰਤਆਮ ਤੌਰ ਤੇ ਪਤਨੀ ਜਾਂ ਮਾਂ ਹੁੰਦੀ ਹੈ। ਮਹਾਭਾਰਤ ਵਿੱਚ ਲਿਖਿਆ ਹੈ ਕਿ ਮਰਦ ਦੇ ਨਾਰੀ ਸਮਾਨ ਕੋਈ ਦੋਸਤ ਨਹੀਂ ਹੈ। ਇਸ ਸੰਬੰਧ ਵਿੱਚ ਪਾਦਰੀ ਥਿਊਡਰ ਹੈਂਡਜ਼ਬਰਗ ਦਾ ਇਹ ਕਥਨ ਕਾਬਿਲੇ ਗੌਰ ਹੈ,"ਇੱਕ ਪਿਤਾ ਆਪਣੇ ਬੱਚਿਆਂ ਲਈ ਸਭ ਕੁਝ ਕਰਦਾ ਹੈ ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ"। ਇਹ ਸਪਸ਼ੱਟ ਹੈ ਕਿ ਔਰਤ ਅਜੀਮ ਹੈ ਤਾਹੀਉ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਵਕਾਲਤ ਕਰਦੇ ਹਨ ਪਰ ਇੱਕ ਇਹ ਵੀ ਗੱਲ ਹੈ ਕਿ ਮਰਦ ਨੂੰ ਵੀ ਬਿਨਾਂ ਗੱਲ ਗਲਤ ਕਹੀ ਜਾਣਾ ਵੀ ਠੀਕ ਨਹੀਂ ਔਰਤ ਨੂੰ ਵੀ ਆਪਣੀ ਸੋਚ ਵਿੱਚ ਉਸਾਰੀ ਪਰਿਵਰਤਨ ਲਿਆਉਣ ਦੀ ਲੋੜ ਹੈ ਤਾਂ ਕਿ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ ਕੇਵਲ ਉਹੀ ਸਮਾਜ ਸਭਿਅਕ ਕਹਾਉਣ ਦਾ 'ਹੱਕਦਾਰ ਹੈ ਜਿਸ ਵਿੱਚ ਇਸਤਰੀ ਨੂੰ ਸਨਮਾਨ ਯੋਗ ਹੱਕ ਪ੍ਰਾਪਤ ਹੈ। ਇਸ ਬਾਰੇ ਪੰ: ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ "ਕਿਸੇ ਕੌਮ ਵਿੱਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨੱਤੀ ਦੇ ਸਭ ਤੋਂ ਸਹੀ ਨਾਪਾਂ ਵਿੱਚ ਇੱਕ ਹੈ"ਅਰਸਤੂ ਕਹਿੰਦਾ ਹੈ ਕਿ ਇਸਤਰੀ ਦੀ ਉਨੱਤੀ ਤੇ ਗਿਰਾਵਟ ਤੇ ਹੀ ਰਾਸ਼ਟਰ ਦੀ ਉਨੱਤੀ ਤੇ ਗਿਰਾਵਟ ਨਿਰਭਰ ਕਰਦੀ ਹੈ। ਇਸਤਰੀ ਜਾਤੀ ਦਾ ਸਭ ਤੋਂ ਵੱਡਾ ਦੁਸ਼ਮਣ ਮਨੂੰ ਵੀ ਕਹਿਣ ਲਈ ਮਜ਼ਬੂਰ ਹੈ ਕਿ ਜਿਸ ਘਰ ਜਾਂ ਖਾਨਦਾਨ ਵਿੱਚ ਇਸਤਰੀਆਂ ਦੀ ਪੂਜਾ ਹੁੰਦੀ ਹੈ ਭਾਵ ਆਦਰ ਸਤਿਕਾਰ ਹੁੰਦਾ ਹੈ ਉਸ ਘਰ ਤੇ ਦੇਵਤੇ ਖੁਸ਼ ਹੁੰਦੇ ਹਨ ਜਿਸ ਘਰ ਵਿੱਚ ਇਸਤਰੀਆਂ ਦੁੱਖੀ ਹਨ ਉਹ ਘਰ ਛੇਤੀ ਤਬਾਹ ਹੋ ਜਾਂਦਾ ਹੈ ਜਿੱਥੇ ਨਾਰੀ ਦਾ ਉੱਚਾ ਸਥਾਨ ਹੈ ਉਥੇ ਖੁਸ਼ੀਆਂ ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ।

"ਸੰਦਲੀ ਪੌਣਾ ਝੁਲਦੀਆਂ ਜਿਥੇ ਨਾਰਾਂ ਦਾ ਸਨਮਾਨ।"

-0-

# बाबा सुंदर जी

अमृतपाल बंसल #98154-85668

*(एक महान गुरसिख जिनकी बाणी श्री गुरू ग्रंथ साहिब जी में दर्ज है)*

बाबा सुंदर जी, तीसरी पातशाही श्री गुरू अमर दास साहिब जी के प्रपौत्र थे। गुरू साहिब जी के पुत्र बाबा मोहरी जी थे। बाबा मोहरी जी के पुत्र बाबा आनंद जी और बाबा आनंद जी के पुत्र थे, बाबा सुंदर जी। बाबा सुंदर जी का जन्म वर्ष 1560 ई: में गोइंदबाल साहिब में हुआ था। आप श्री गुरू अरजन साहिब के समकालीन थे और विद्वान बुद्दि के मालिक थे। श्री गुरू ग्रंथ साहिब जी में बाबा सुंदर जी के नाम से छह पदों का एक शब्द पावन अंग 923–924 पर 'रामकली सदु' सिरलेख के नीचे दर्ज है। सदु का भाव उपदेश, आवाज़ और गुहार होता है। इस शब्द में बाबा सुंदर जी ने श्री गुरू अमर दास साहिब जी के पवित्र उपदेशों को दर्ज किया है, जो उन्होंने गुरू रामदास जी को गुरियाई बख्शिश करते समय परिवार तथा संगतों को दिए थे। सिख जगत के मार्गदर्शन के लिए उन्होंने इन उपदेशों को लिखकर, श्री गुरू अरजन साहिब जी को सौंप दिया। सदु बाणी वर्तमान जीवन को सचिआर बनने का संदेश देती है। पावन अंग 923 पर, बाबा सुंदर जी फुरमाते हैं:

**तुसी पुत भाई परवारू मेरा**
**मनि वेखहु करि निरजासि जीउ।।**
**धुरि लिखिआ परवाण फिरै नाही**
**गुरू जाइ हरि प्रभ पासि जीउ।।**

(923)

तुम मेरे पुत्र हो, मेरे भाई हो, मेरा परिवार हो, मन के भीतर ध्यान से देखो। अकाल पुरख का हुक्म अटल है, जो टाला नहीं जा सकता। गुरू जी की अकाल पुरख के साथ सदा ही अटूटता रही। जो भी संसार में आया है, उसने एक दिन अवश्य जाना है। हमें अकाल पुरख का भाणा (रजा) मानना चाहिए तथा उसके हुक्म में चलना चाहिए। इस तरह गुरू साहिब जी ने समझाया है कि जिसने भी इस हुकम की अवहेलना की, उसपर कृपा नहीं होगी, जैसा कि अंग 923 पर फुरमाते हैं:

**रामकली राग में यह बाणी बाबा सुंदर जी 'सद' सिरलेख के नीचे, श्री गुरू ग्रंथ साहिब जी के पावन अंग 923 से 924 पर सुशोभित है। इस रचना में बाबा सुंदर जी ने, श्री गुरू अमर दास जी की महान शिक्षाओं को कल्मबद्ध किया है, जिस का पूरा श्रेय बाबा सुंदर जी को जाता है।**

**सतिगुरि भाणै आपणै**
**बहि परवारू सदाइआ।।**
**मत मै पिदे कोई रोवसी**
**सो मैं मूलि न भाइआ।। (923)**

सच्चा मित्र वह है जो गुरू जी के द्वारा डाले गए पूरनों पर चलता है। गुरू जी के हुकम में चलने वाला, हमेशा आनंद तथा चाव में रहता है। गुरू साहिब जी ने फुरमाया कि ऐसा कर्म ना करें, जिस से मनुष्य को रोना पड़े या पछताना पड़े। गुरबाणी ज्ञान को ना समझने वाला, अकसर विकारों में जकड़ा जाता है, जैसा कि फुरमाते हैं:

**मितु पैझै मितु बिगसै**
**जिस मित की पैज भावए।।**
**तुसी वीचारि देखहु पुत**
**भाई सतिगुरू पैनावए।। (923)**

जिस मनुष्य को अपने मित्र की प्रसंसा होती अच्छी लगती है, तो वह खुश होता है, जब उसके मित्र को सत्कार मिलता है। अपने परिवार, रिशतेदारों और सिखों को सभी निर्देश देने के बाद अपने ही जीवन काल में, गुरू जी ने श्री गुरू राम दास जी को गुरगद्धी की बख्शिश कर दी। उन्होंने सभी को गुरू राम दास जी को प्रणाम करने को कहा। उन्होंने उपदेश दिया कि सारी संगत तथा परिवार गुरबाणी ज्ञान को समझे तथा इस पर अमल करने का प्रयास करे। जैसा कि अंग 923 पर बताया गया है:

**सतिगुर परतखि होदै**
**बहि राजु आप टिकाइआ।।**
**सभि सिख बंधप पुत**
**भाई रामदास पैरी पाइआ।। (923)**

इस तरह गुरू अमर दास जी ने सभी को (गुरू) राम दास जी को चरणों से जोड़ दिया तथा उन्हें गुरू राम दास जी की समूची अगवाई में चलने को कहा।

फिर अंत में गुरू साहिब जी ने संगत को उपदेश दिया कि कीर्तन और भजन सिमरन का प्रवाह सदैव जारी रखना। मेरे जाने के बाद, गुरू जी ने झूठे पारंपरिक अनुष्ठानों को करने के लिए मना किया। जैसा कि पावन अंग 923 पर बताया गया है:

**अंते सतिगुरू बोलिआ मै पिदे**
**कीरतनु करिअहु निरबाण जीउ।।**
**केसो गोपाल पंडित सदिअहु**
**हरि हरि कथा पड़हि पुराणु जीउ।।**
**हरि कथा पड़ीऐ हरि नामु सुणीऐ**
**बेबाण हर रंग गुर भावए।।**
**पिंडु पतलि किरिआ दीवा**
**फुल हरि सरि पावए।।**

इस वाक्य में भारतीय धर्म की प्रचलित शब्दावली का प्रयोग करके कर्म कांडों वाले जीवन से बचने का उपदेश दिया गया है। इस के विपरीत सभी को एक सर्वशक्तिमान परमेश्वर की महिमा करने को कहा। अकाल पुरख की कथा ही पढ़नी चाहिए, अकाल पुरख का नाम ही सुनना चाहिए, गुरू को केवल अकाल पुरख से प्रेम ही अच्छा लगता है। वर्तमान समय में ही संगत में आकर, गुरू जी की शिक्षाओं को समझे।

ऊपर उल्लेख की गई गुरू जी की शिक्षाओं को, उनके शिष्यों द्वारा खुशी से स्वीकार कर लिया गया। इसके पश्चात, उन्होंने गुरू श्री राम दास जी को गुरुत्व (गुरिआई) प्रदान करने का समारोह किया और वहां उपस्थित सभी लोगों को श्री गुरू राम दास जी को प्रणाम करने का आदेश दिया। सब से पहले, बाबा मोहरी जी ने, श्री गुरू राम दास जी के चरणों में शीस झुकाया।

**शेष पन्ना 36 पर**

# ਡਾਕਟਰੀ ਪੱਖੋਂ ਵੀ ਕਾਫੀ ਫਾਇਦੇਮੰਦ ਹੈ ਅਦਰਕ

**ਡਾ: ਹਰਸ਼ਿੰਦਰ ਕੌਰ, ਐਮ.ਡੀ, 0175-221678**

ਅਦਰਕ ਦਾ ਨਾਂ ਲੈਂਦਿਆਂ ਹੀ ਕਈਆਂ ਨੂੰ ਅਦਰਕ ਦੀ ਚਾਹ ਤੇ ਕੁੱਝ ਨੂੰ ਅਦਰਕ ਚਿਕਨ ਯਾਦ ਆ ਜਾਂਦਾ ਹੈ। ਇਸ ਤੋਂ ਇਲਾਵਾ ਅਨੇਕ ਖਾਣ ਅਤੇ ਪੀਣ ਵਾਲੇ ਪਦਾਰਥਾਂ ਵਿਚ ਅਦਰਕ ਦੀ ਵਰਤੋਂ ਕੀਤੀ ਜਾ ਰਹੀ ਹੈ। ਸ਼ਾਇਦ ਬਹੁਤਿਆਂ ਨੂੰ ਪਤਾ ਨਾ ਹੋਵੇ ਕਿ ਇਸਦੇ ਡਾਕਟਰੀ ਪੱਖੋਂ ਵੀ ਕਾਫ਼ੀ ਫ਼ਾਇਦੇ ਹਨ।

ਸਦੀਆਂ ਤੋਂ ਅਦਰਕ ਵਿਚਲੇ ਖੰਘ ਨੂੰ ਰੋਕਣ ਵਾਲੇ ਤੱਤਾਂ ਤੇ ਦਰਦ ਨਿਵਾਰਕ ਤੱਤਾਂ ਦਾ ਜ਼ਿਕਰ ਹੁੰਦਾ ਆਇਆ ਹੈ। ਅੱਜ ਵੀ ਲਗਾਤਾਰ ਆਉਂਦੀ ਖੰਘ ਨੂੰ ਰੋਕਣ ਲਈ ਬਜ਼ੁਰਗ ਮਲੱਠੀ ਮੂੰਹ ਵਿਚ ਰੱਖ ਕੇ ਚੂਸ ਲੈਂਦੇ ਹਨ ਤੇ ਕਸਰਤ ਤੋਂ ਬਾਅਦ ਹੋ ਰਹੀ ਪੱਠਿਆਂ ਦੀ ਦਰਦ ਵਾਸਤੇ ਵੀ ਤਾਜ਼ਾ ਅਦਰਕ ਦਾ ਚੂਸਣਾ ਬਹੁਤ ਅਸਰਦਾਰ ਸਾਬਤ ਹੋ ਰਿਹਾ ਹੈ।

ਇਹ ਅਸਰ ਵੇਖਦੇ ਹੋਏ ਅਸਲ ਮਹਿਨਿਆਂ ਵਿਚ ਪਹਿਲੀ ਖੋਜ ਸੰਨ 2010 ਵਿਚ ਹੋਈ ਜਿੱਥੇ ਕਸਰਤ ਕਰਨ ਵਾਲੇ ਲੋਕਾਂ ਨੂੰ ਪੱਠਿਆਂ ਦੀ ਦਰਦ ਵਾਸਤੇ ਰੋਜ਼ਾਨਾ ਅਦਰਕ ਦਿੱਤਾ ਗਿਆ। ਇਹ ਵੇਖਣ ਵਿਚ ਆਇਆ ਕਿ ਉਨ੍ਹਾਂ ਦੀ ਦਰਦ ਅਦਰਕ ਖਾਂਦੇ ਸਾਰ 25 ਪ੍ਰਤੀਸ਼ਤ ਘੱਟ ਗਈ।

'ਅਮਰੀਕਨ ਪੇਨ ਸੋਸਾਇਟੀ' ਨੇ 'ਜਰਨਲ ਔਫ ਪੇਨ' ਵਿਚ ਇਸ ਨਵੀਂ ਖੋਜ ਬਾਰੇ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ 74 ਵਿਦਿਆਰਥੀ ਚੁਣੇ ਜਿਨ੍ਹਾਂ ਨੂੰ ਬਹੁਤੀ ਕਸਰਤ ਬਾਅਦ ਜਾਂ ਸੱਟ ਵੱਜਣ ਬਾਅਦ ਦਰਦ ਹੋ ਰਹੀ ਸੀ। ਇਨ੍ਹਾਂ ਸਾਰਿਆਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਿਆ ਗਿਆ। ਇਕ ਤਿਹਾਈ ਨੂੰ ਦੱਸੇ ਬਗ਼ੈਰ ਕੱਚਾ ਅਦਰਕ ਫੇਹ ਕੇ ਖਾਣ ਲਈ ਦਿੱਤਾ ਗਿਆ ਤੇ ਇਕ ਤਿਹਾਈ ਨੂੰ ਦਵਾਈ ਕਹਿ ਕੇ ਗਰਮ ਕੀਤਾ ਅਦਰਕ ਦਿੱਤਾ ਗਿਆ ਤੇ ਤੀਜੇ ਹਿੱਸੇ ਨੂੰ ਅਦਰਕ ਦੇ ਸਵਾਦ ਵਾਲੀ ਟਾਫੀ ਦੇ ਦਿੱਤੀ ਗਈ, ਜਿਸ ਵਿਚ ਅਦਰਕ ਦਾ ਰਸ ਉੱਕਾ ਹੀ ਨਹੀਂ ਸੀ।



ਜਾਰਜੀਆ ਦੀ ਯੂਨੀਵਰਸਿਟੀ ਵਿਚ ਕੀਤੀ ਇਸ ਖੋਜ ਨੇ ਕਮਾਲ ਦੇ ਸਿੱਟੇ ਸਾਡੇ ਸਾਹਮਣੇ ਲਿਆ ਧਰੇ ਹਨ ਕਿ ਅਦਰਕ ਪੱਠਿਆਂ ਦੇ ਦਰਦ ਨੂੰ ਅਤੇ ਪੱਠਿਆਂ ਦੀ ਸੋਜ਼ਿਸ਼ ਨੂੰ ਬਿਨਾਂ ਕਿਸੇ ਮਾੜੇ ਅਸਰ ਦੇ, ਪੂਰੀ ਤਰ੍ਹਾਂ ਦੂਰ ਕਰ ਦਿੰਦਾ ਹੈ। ਜਿਹੜੇ ਤੀਜੇ ਹਿੱਸੇ ਨੂੰ ਅਦਰਕ ਨਹੀਂ ਸੀ ਦਿੱਤਾ ਗਿਆ, ਉਨ੍ਹਾਂ ਵਿਦਿਆਰਥੀਆਂ ਦੀ ਪੀੜ ਬਰਕਰਾਰ ਰਹੀ ਜਦਕਿ ਬਾਕੀ ਦੋਵਾਂ ਗਰੁੱਪਾਂ ਦੇ ਵਿਦਿਆਰਥੀਆਂ ਦੀ ਪੀੜ ਪੂਰੀ ਤਰ੍ਹਾਂ ਠੀਕ ਹੋ ਗਈ। ਇਹ ਤਾਂ ਸਪੱਸ਼ਟ ਹੋ ਗਿਆ ਕਿ ਭਾਵੇਂ ਕੱਚਾ ਲਿਆ ਜਾਵੇ ਤੇ ਭਾਵੇਂ ਭੁੰਨ ਕੇ, ਅਦਰਕ ਕੁਦਰਤੀ ਦਰਦ ਨਿਵਾਰਕ ਤਾਂ ਕਮਾਲ ਦਾ ਹੈ!

ਅਦਰਕ ਵਿਚ 9 ਤੱਤ ਲੱਭੇ ਗਏ ਹਨ ਜਿਹੜੇ ਇਨਸਾਨੀ ਸਰੀਰ ਅੰਦਰਲੇ ਸਿਰੋਟੋਨਿਨ ਨੂੰ ਬੰਨ੍ਹ ਕੇ ਰੱਖ ਦਿੰਦੇ ਹਨ ਤਾਂ ਜੋ ਅੰਤੜੀਆਂ ਦੀ ਨਾਰਮਲ ਤੋਰ ਬਰਕਰਾਰ ਰਹੇ ਅਤੇ ਢਹਿੰਦੀ ਕਲਾ ਵੀ ਠੀਕ ਹੋ ਜਾਏ।

ਅਦਰਕ ਦੀ ਜੜ੍ਹ ਵਿੱਚੋਂ ਬਣਾਏ ਰਸ ਨਾਲ ਕੀਤੀ ਇਕ ਖੋਜ ਵਿਚ ਇਹ ਜ਼ਾਹਰ ਹੋਇਆ ਕਿ ਇਸ ਨਾਲ ਅੰਤੜੀਆਂ ਦੀ ਸੋਜ਼ਿਸ਼ ਕਰਨ ਵਾਲਾ ਮਾਰਕਰ ਪਰੋਸਟਾਗਲੈਂਡਿਨ ਈ-2 (PGE2) ਘੱਟ ਜਾਂਦਾ ਹੈ। ਧਿਆਨ ਰਹੇ ਕਿ ਇਸ ਮਾਰਕਰ ਦਾ ਅੰਤੜੀਆਂ ਦੇ ਕੈਂਸਰ ਵਿਚ ਰੋਲ ਲੱਭਿਆ ਗਿਆ ਹੈ। ਇਸ ਤਰੀਕੇ ਅਦਰਕ ਅੰਤੜੀਆਂ ਲਈ ਕਾਫ਼ੀ ਲਾਹੇਵੰਦ ਸਾਬਤ ਹੋ ਗਿਆ।

ਕੁੱਝ ਖੋਜਾਂ ਸਮੁੰਦਰੀਂ ਰਸਤੇ ਜਾਣ ਵਾਲਿਆਂ ਨੂੰ ਆ ਰਹੀ ਉਲਟੀ ਜਾਂ ਦਿਲ ਕੱਚੇ ਹੋਣ ਦੀ ਸ਼ਿਕਾਇਤ ਕਰਨ ਵਾਲਿਆਂ ਉੱਤੇ ਕੀਤੀਆਂ ਗਈਆਂ। ਇਹ ਵੇਖਣ ਵਿਚ ਆਇਆ ਕਿ ਆਮ ਟਾਫ਼ੀ ਖਾਣ ਵਾਲਿਆਂ ਨਾਲੋਂ ਉਨ੍ਹਾਂ ਵਿਚ ਜਿਨ੍ਹਾਂ ਨੂੰ ਅਦਰਕ ਦਾ ਰਸ ਪੀਣ ਲਈ ਦਿੱਤਾ ਗਿਆ, ਉਲਟੀ ਛੇਤੀ ਤੇ ਜ਼ਿਆਦਾ ਦੇਰ ਲਈ ਰੁਕ ਗਈ ਤੇ ਦਿਲ ਕੱਚਾ ਹੋਣਾ ਵੀ ਬੰਦ ਹੋ ਗਿਆ। ਇੰਜ ਹੀ ਜੱਚਾ ਨੂੰ ਸਵੇਰ ਵੇਲੇ ਆ ਰਹੀਆਂ ਉਲਟੀਆਂ ਰੋਕਣ ਵਿਚ ਵੀ ਅਦਰਕ ਅਸਰਦਾਰ ਸਾਬਤ ਹੋਇਆ ਤੇ ਕੈਂਸਰ ਵਾਸਤੇ ਚਲ ਰਹੀ ਕੀਮੋਥੈਰਪੀ ਵਿਚਲੀਆਂ ਉਲਟੀਆਂ ਰੋਕਣ ਲਈ ਵੀ ਕੁੱਝ ਹਦ ਤਕ ਅਸਰ ਵਿਖਾ ਗਿਆ।

ਹੋਰ ਤਾਂ ਹੋਰ, ਓਪਰੇਸ਼ਨ ਤੋਂ ਬਾਅਦ ਆ ਰਹੀਆਂ ਉਲਟੀਆਂ ਵਿਚ ਵੀ ਮਰੀਜ਼ ਨੂੰ ਅਦਰਕ ਦੇ ਕੇ ਇਸਦਾ ਅਸਰ ਵੇਖਣ ਲਈ ਖੋਜ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਉਸ ਵਿਚ ਵੀ ਥੋੜ੍ਹੇ ਜਿਹੇ ਮਰੀਜ਼ਾਂ ਵਿਚ ਮਲੱਠੀ ਮੂੰਹ ਵਿੱਚ ਰੱਖ ਕੇ ਚੂਸ ਲੈਣ ਨਾਲ ਫ਼ਰਕ ਦਿਸਿਆ।

ਕੁੱਝ ਖੋਜਾਂ ਜੋ ਹਾਲੇ ਚਲ ਰਹੀਆਂ ਹਨ ਪਰ ਪੂਰੀ ਤਰ੍ਹਾਂ ਸਾਬਤ ਨਹੀਂ ਹੋ ਸਕੀਆਂ, ਉਹ ਹਨ :-

1. ਅਦਰਕ ਜੋੜਾਂ ਦੀ ਦਰਦ ਉੱਤੇ ਥੋੜ੍ਹਾ ਬਹੁਤ ਫ਼ਰਕ ਪਾਉਂਦਾ ਹੈ।
2. ਕੋਲੈਸਟਰੋਲ ਘਟਾਉਂਦਾ ਹੈ।
3. ਲਹੂ ਪਤਲਾ ਕਰਦਾ ਹੈ।
4. ਜ਼ਿੰਜਰੋਨ ਈ. ਕੌਲਾਈ ਕੀਟਾਣੂ (Enterotoxigenic E. Coli) ਵਿੱਚੋਂ ਨਿਕਲੇ ਮਾੜੇ ਰਸਾਂ ਓਨਟਰਓਰੋਟੋਕਨਿ) ਨੂੰ ਅਸਰ ਕਰਨ ਤੋਂ ਰੋਕਦਾ ਹੈ ਤੇ ਟੱਟੀਆਂ ਲੱਗਣ ਤੋਂ ਵੀ !

ਇਕ ਹੋਰ ਖੋਜ ਜੋ ਕਈ ਦੇਸਾਂ ਵਿਚ ਚੱਲ ਰਹੀ ਹੈ, ਉਹ ਹੈ ਸ਼ੱਕਰ ਰੋਗੀਆਂ ਵਿਚ ਵਧੀ ਹੋਈ ਸ਼ੱਕਰ ਦੀ ਮਾਤਰਾ ਨਾਲ ਅੱਖਾਂ ਵਿਚ ਹੋ ਰਿਹਾ ਚਿੱਟਾ ਮੋਤੀਆ। ਸ਼ੁਰੂਆਤੀ ਦੌਰ ਵਿਚ ਜੇ ਬੀਮਾਰੀ ਦਾ ਧਿਆਨ ਕਰ ਲਿਆ ਜਾਏ ਤਾਂ ਅਦਰਕ ਆਪਣੇ ਐਂਟੀਗਲਾਈਕੇਟਿੰਗ ਅਸਰ ਰਾਹੀਂ ਚਿੱਟੇ ਮੋਤੀਏ ਨੂੰ ਕੁੱਝ ਹੋਰ ਦੇਰ ਤੱਕ ਹੋਣ ਤੋਂ ਰੋਕਦਾ ਰਹਿੰਦਾ ਹੈ।

ਅਦਰਕ ਵਿਚਲੇ ਤੇਲ ਜੋ ਇਸਦੀ ਖੁਸ਼ਬੋ ਦਾ ਕਾਰਨ ਹਨ, ਉਹ ਹਨ - ਜ਼ਿੰਜਰੋਨ, ਸ਼ੋਗੋਲਜ਼, ਜਿੰਜੀਰੋਲ, ਵੋਲਾਟਾਈਲ ਤੇਲ। ਇਹ ਤਾਜ਼ੇ ਅਦਰਕ ਵਿਚਲੇ ਤਿੰਨ ਪ੍ਰਤੀਸ਼ਤ ਭਾਰ ਦਾ ਹਿੱਸਾ ਬਣਦੇ ਹਨ।

ਚੂਹਿਆਂ ਉੱਤੇ ਜਿੰਜੀਰੋਲ ਦਾ ਅਸਰ ਵੇਖਣ ਲਈ ਮਿਸ਼ੀਗਨ ਦੀ ਯੂਨੀਵਰਸਿਟੀ ਵਿਚ ਖੋਜ ਕੀਤੀ ਗਈ। ਨਤੀਜਿਆਂ ਨੇ ਦੱਸਿਆ ਕਿ ਅੰਤੜੀਆਂ ਦੀ ਚਾਲ ਰਵਾਂ ਹੋਈ, ਦਰਦ ਘੱਟ ਮਹਿਸੂਸ ਹੋਈ, ਹਲਕੀ ਨੀਂਦਰ ਆਉਣੀ ਸ਼ੁਰੂ ਹੋਈ, ਬੁਖ਼ਾਰ ਘੱਟ ਹੋ ਗਿਆ ਤੇ ਕੀਟਾਣੂਆਂ ਦੇ ਅਸਰ ਨੂੰ ਘਟਾਉਣ ਲਈ ਵੀ ਇਹ ਕਾਫ਼ੀ ਅਸਰਦਾਰ ਹੈ। ਇੱਥੋਂ ਤਕ ਕਿ ਚੂਹਿਆਂ ਦੇ ਅੰਡਕੋਸ਼ ਦੇ ਕੈਂਸਰ ਵਿਚਲੇ ਕੁੱਝ ਸੈੱਲ ਮਾਰ ਦੇਣ ਵਿਚ ਵੀ ਇਸਦਾ ਅਸਰ ਦਿਸਿਆ।

ਕਮਾਲ ਤਾਂ ਇਹ ਹੈ ਕਿ ਪਹਿਲੇ ਵਿਸ਼ਵ ਯੁੱਧ ਦੌਰਾਨ ਘੋੜਿਆਂ ਦੀ ਕਬਜ਼ ਠੀਕ ਕਰਨ ਲਈ ਵੀ ਅਦਰਕ ਦੀਆਂ ਗੋਲੀਆਂ ਉਨ੍ਹਾਂ ਦੇ ਮਲ ਦਵਾਰ ਰਾਹੀਂ ਪਾ ਕੇ ਇਲਾਜ ਕੀਤਾ ਗਿਆ।

ਇਹ ਤਾਂ ਮੰਨੀ ਪਰਮੰਨੀ ਗੱਲ ਹੈ ਤੇ ਖੋਜ ਵੀ ਸਾਬਤ ਕਰ ਚੁੱਕੀ ਹੈ ਕਿ

ਅਦਰਕ ਮੂੰਹ ਵਿਚ ਥੁੱਕ ਦੀ ਮਾਤਰਾ ਵਧਾ ਦਿੰਦਾ ਹੈ ਤੇ ਖਾਣਾ ਛੇਤੀ ਹਜ਼ਮ ਹੋਣ ਵਿਚ ਮਦਦ ਕਰਦਾ ਹੈ। ਪੇਟ ਗੈਸ, ਅਫ਼ਾਰਾ, ਕਬਜ਼, ਪੇਟ ਦਰਦ ਆਦਿ ਲਈ ਤਾਂ ਸਦੀਆਂ ਤੋਂ ਇਹ ਵਰਤਿਆ ਜਾ ਰਿਹਾ ਹੈ।

ਜ਼ੁਕਾਮ ਠੀਕ ਕਰਨ ਲਈ ਅਦਰਕ ਤੋਂ ਬਣੀ ਚਾਹ ਤਾਂ ਕਮਾਲ ਦਾ ਅਸਰ ਵਿਖਾਉਂਦੀ ਹੈ। ਅੱਜ ਦੇ ਦਿਨ ਵੀ ਬਰਮਾ, ਚੀਨ, ਕੌਂਗੋ, ਭਾਰਤ, ਇੰਡੋਨੇਸ਼ੀਆ, ਨੇਪਾਲ, ਫਿਲੀਪੀਨਜ਼ ਅਮਰੀਕਾ ਤੇ ਕਨੇਡਾ ਵਿਚ ਸਫਰ ਦੌਰਾਨ ਹੋ ਰਹੇ ਦਿਲ ਕੱਚੇ, ਪੇਟ ਗੈਸ ਤੇ ਜ਼ੁਕਾਮ ਲਈ ਇਸਦੀ ਵਰਤੋਂ ਜ਼ੋਰਾਂ ਉੱਤੇ ਹੈ। ਇਸ ਨੂੰ ਵਰਤਣ ਦੇ ਤਰੀਕੇ ਜ਼ਰੂਰ ਹਰ ਥਾਂ ਵੱਖੋ ਵੱਖ ਹਨ। ਕੋਈ ਚੂਸ ਕੇ ਲੈਂਦਾ ਹੈ। ਕੋਈ ਇਸਨੂੰ ਗਰਮ ਪਾਣੀ ਵਿਚ ਉਬਾਲ ਕੇ, ਕੋਈ ਰਿੰਨ ਕੇ ਜਾਂ ਭੁੰਨ ਕੇ, ਕੋਈ ਅਦਰਕ ਕੁੱਟ ਕੇ ਅੰਬ ਦੇ ਦਰਖ਼ਤ ਦੀ ਛਾਲ ਵਿਚ ਮਿਲਾ ਕੇ (ਕੌਂਗੋ ਵਿਚ), ਕੋਈ ਅੰਡਿਆਂ ਵਿਚ ਪਾ ਕੇ ਜਾਂ ਕੋਲਾ ਵਿਚ ਮਿਲਾ ਕੇ (ਚੀਨ), ਕੋਈ ਅਦਰਕ ਦੇ ਰਸ ਨੂੰ ਪਾਮ ਦਰਖ਼ਤ ਦੇ ਜੂਸ ਵਿਚ ਮਿਲਾ ਕੇ (ਬਰਮਾ), ਤੇ ਕੋਈ ਪੇਸਟ ਬਣਾ ਕੇ ਮੱਥੇ ਉੱਤੇ ਲਾ ਕੇ ਸਿਰਦਰਦ ਅਤੇ ਜੋੜਾਂ ਦੀ ਦਰਦ ਠੀਕ ਕਰਨ ਲਈ ਜਾਂ ਨਿੰਬੂ ਕਾਲਾ ਲੂਣ ਨਾਲ ਰਲਾ ਕੇ ਦਿਲ ਕੱਚਾ ਹੁੰਦਾ ਠੀਕ ਕਰਨ ਲਈ (ਭਾਰਤ) ਵਰਤ ਰਿਹਾ ਹੈ!

ਅਮਰੀਕਾ ਵਿਚ ਤਾਂ ਗਰਮੀ ਨਾਲ ਹੋ ਰਹੇ ਪੱਠਿਆਂ ਵਿਚਲੇ ਅਕੜਾਓ ਠੀਕ ਕਰਨ ਲਈ ਵੀ ਅਦਰਕ ਦਾ ਪਾਣੀ ਵਰਤਿਆ ਜਾ ਰਿਹਾ ਹੈ।

ਜਿੱਥੇ ਏਨੇ ਫ਼ਾਇਦੇ ਗਿਣਾਏ ਹਨ, ਉੱਥੇ ਮੇਰਾ ਫਰਜ਼ ਹੈ ਕਿ ਇਸ ਨਾਲ ਹੋ ਰਹੇ ਮਾੜੇ ਅਸਰਾਂ ਦਾ ਵੀ ਜ਼ਿਕਰ ਕਰਾਂ ਕਿਉਂਕਿ ਹਰ ਇਨਸਾਨ ਲਈ ਜ਼ਰੂਰੀ ਨਹੀਂ ਕਿ ਅਦਰਕ ਓਨਾ ਹੀ ਅਸਰਦਾਰ ਸਾਬਤ ਹੋਵੇ। ਜਿਵੇਂ ਹਰ ਸ਼ਕਲ ਦੂਜੇ ਇਨਸਾਨ ਤੋਂ ਵੱਖਰੀ ਹੈ, ਸਰੀਰ ਦੀ ਬਣਤਰ ਤੇ ਹਰ ਕਿਸੇ ਦੀ ਸਹਿਣਸ਼ਕਤੀ ਵੀ ਵਖਰੀ ਹੈ, ਉਜੰ ਹੀ ਜੇ ਕਿਸੇ ਦਾ ਅਫ਼ਾਰਾ ਅਦਰਕ ਠੀਕ ਕਰਦੀ ਹੈ ਤਾਂ ਕਿਸੇ ਹੋਰ ਨੂੰ ਅਦਰਕ ਲੈਣ ਨਾਲ ਅਫ਼ਾਰਾ ਵਧ ਵੀ ਸਕਦਾ ਹੈ। ਛਾਤੀ ਵਿਚ ਦਰਦ, ਦਿਲ ਕੱਚਾ ਹੋਣਾ ਤੇ ਸਰੀਰ ਉੱਤੇ ਦਾਣੇ ਨਿਕਲੇ ਵੀ ਦਿਸ ਸਕਦੇ ਹਨ ਪਰ ਇਹ ਆਮ ਤੌਰ ਉੱਤੇ ਅਦਰਕ ਦੇ ਪਾਊਡਰ ਨੂੰ ਖਾਣ ਨਾਲ ਹੁੰਦਾ ਹੈ।

ਜੇ ਅੰਤੜੀਆਂ ਜਾਂ ਢਿੱਡ ਵਿਚ ਅਲਸਰ ਹੋਵੇ ਤਾਂ ਵਾਧੂ ਅਦਰਕ ਖਾਣ ਨਾਲ ਅੰਤੜੀਆਂ ਵਿਚ ਰੋਕਾ ਵੀ ਪੈ ਸਕਦਾ ਹੈ।

ਅਦਰਕ ਵਾਰਫੈਰਿਨ ਦਵਾਈ ਖਾਣ ਵਾਲਿਆਂ ਨੂੰ ਵੀ ਨੁਕਸਾਨ ਕਰ ਸਕਦਾ ਹੈ ਕਿਉਂਕਿ ਇਹ ਉਸਦਾ ਅਸਰ ਕਾਟ ਕਰਦਾ ਹੈ। ਕੁੱਝ ਕੁ ਬੰਦਿਆਂ ਦਾ ਅਦਰਕ ਖਾਂਦੇ ਸਾਰ ਬਲੱਡ ਪ੍ਰੈਸ਼ਰ ਵੀ ਵਧਿਆ ਲੱਭਿਆ ਗਿਆ ਪਰ ਇਹ ਸਾਬਤ ਨਹੀਂ ਹੋ ਸਕਿਆ ਕਿ ਇਹ ਸਿਰਫ ਅਦਰਕ ਖਾਣ ਕਾਰਣ ਹੀ ਹੋਇਆ। ਜਾਂ ਨਾਲ ਖਾਧੀ ਕਿਸੇ ਹੋਰ ਚੀਜ਼ ਨਾਲ, ਯਾਨੀਂ ਲੂਣ, ਆਦਿ!

ਜਿਨ੍ਹਾਂ ਨੂੰ ਪਿੱਤੇ ਵਿਚ ਪਥਰੀ ਹੈ, ਉਨ੍ਹਾਂ ਲਈ ਵੀ ਜ਼ਿਆਦਾ ਅਦਰਕ ਖਾਣਾ ਠੀਕ ਨਹੀਂ ਕਿਉਂਕਿ ਇਹ ਬਾਈਲ ਰਸ ਵਧਾ ਦਿੰਦਾ ਹੈ ਜੋ ਪਥਰੀ ਵਾਲਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਮੈਂ ਤਾਂ ਹੁਣ ਅਦਰਕ ਦੇ ਢੇਰ ਸਾਰੇ ਫ਼ਾਇਦੇ ਤੇ ਕੁੱਝ ਕੁ ਮਾੜੇ ਅਸਰ ਵੀ ਗਿਣਾ ਦਿੱਤੇ! ਤੁਸੀਂ ਹੁਣ ਆਪ ਫੈਸਲਾ ਕਰਨਾ ਹੈ ਕਿ ਇਸ ਕੁਦਰਤੀ ਸੌਗਾਤ ਤੋਂ ਫ਼ਾਇਦਾ ਲੈਣਾ ਹੈ ਜਾਂ ਨਹੀਂ! ਜਿਨ੍ਹਾਂ ਨੇ ਇਸ ਦਰਦ ਨਿਵਾਰਕ, ਖੰਘ ਠੀਕ ਕਰਨ ਵਾਲੀ, ਵਧੀਆ ਕਿਸਮ ਦੀ ਹਾਜ਼ਮੇ ਦੀ ਕੁਦਰਤੀ ਦਵਾਈ ਦਾ ਸੁਆਦ ਨਹੀਂ ਮਾਣਿਆ, ਮੇਰੀ ਜਾਚੇ, ਉਹ ਕੁੱਝ ਤਾਂ ਜ਼ਰੂਰ ਗੁਆਈ ਬੈਠੇ ਹਨ! ਜੇ ਥਕਾਨ ਮਹਿਸੂਸ ਕਰ ਰਹੇ ਹੋ ਤਾਂ ਕੀ ਹਰਜ਼ ਹੈ ਜੇ ਇਕ ਵਾਰ ਅਦਰਕ ਦੀ ਚਾਹ ਅਜ਼ਮਾ ਹੀ ਲਈ ਜਾਏ?

-0-

**बाबा सुंदर जी**

**पन्ना 34 का शेष**

**बाबा सुंदर जी**

उनके बाद पूरी संगत, बारी बारी से उनके चरणों में नतमस्तक हुई क्योंकि गुरू अमर दास जी ने कहा था कि दिव्य प्रकाश, अब श्री गुरू राम दास जी में प्रवेश कर चुका था और अब से वह, श्री गुरू नानक साहिब जी के सिंहासन के एकमात्र उत्तराधिकारी हैं। जैसा कि पावन अंग 924 पर बताया गया हैः

**सतिगुरू पुरखु जि बोलिआ**
**गुरसिखा मंन लई रजाइ जीउ।।**
**मोहरी पुतु सनमुख होइआ**
**रामदासै पैरी पाई जीउ।।**
**सभ पवै पैरी सतिगुरू केरी**
**जिथै गुरू आपु रखिआ।।**
**कोई करि बखीली निवै नाही**
**फिरि सतिगुरू आण निवाइआ।।**
**हरि गुरहि भाणा दीई वडिआई**
**धुरि लिखिआ लेखु रजाई जीउ।।**
**कहै सुंदर सुनहु संतहु**
**सभु जगतु पैरी पाई जीउ।। (924)**

यह बात स्पष्ट है कि गुरू राम दास जी को पूरे परिवार ने सहयोग दिया तथा मोहरी पुत्र ने आगे लग कर सिक्खी की सेवा करने का प्रण लिया। जब गुरू अमर दास जी ने कहा कि सभी गुरू रामदास के चरणों में प्रणाम करें, तो गुरसिखों ने गुरू जी का हुकम मान लिया। सब से पहले, गुरू अमरदास जी के पुत्र बाबा मोहरी जी ने, गुरू राम दास जी के चरणों पर पड़ कर तथा आगे आकर प्रणाम किया। गुरू राम दास जी में गुरू अमर दास जी ने अपनी आत्मा टिका दी, इस लिए सारी मानवता ने गुरू राम दास जी को माथा टेका। अगर किसी ने निंदा करके पहले नहीं भी प्रणाम किया था, उस को भी गुरू अमर दास जी ने ला कर चरणों पर प्रणाम करवाया। अकाल पुरख और गुरू अमर दास जी को यही अच्छा लगा, उन्होंने गुरू राम दास जी को वडिआई बख्शिश की। धुर से अकाल पुरख का यही हुक्म लिख कर आया था। सुंदर जी कहते हैं– हे संतों! सुनो, इस लिए सारा जगत गुरू राम दास जी के चरणों पर नतमस्तक हुआ है।

इस रचना में बाबा सुंदर जी ने, श्री गुरू अमर दास जी की महान शिक्षाओं को कल्मबद्ध किया है, और मानवता की इस महान सेवा का पूरा श्रेय बाबा सुंदर जी को जाता है। बाबा सुंदर जी, उन तीन महान गुरसिखों में से एक हैं, जिनकी बाणी को श्री गुरू ग्रंथ साहिब जी में दर्ज किया गया है। यह शिक्षाएं, आने वाली पीढ़ियों को झूठे और निराधार अनुष्ठानों से दूर रहने के लिए मार्गदर्शन देती रहेंगी और प्रकाश्स्तंभ के रूप में कार्य करती रहेंगी। यह बाणी हमें वर्तमान जीवन में ही अकाल पुरख के साथ अटूटता का उपदेश देती है। इस रचना के पारंपरिक अर्थों में ऐसा लगता है कि गुरू अमर दास जी ने ज्योति–ज्योत समाने के समय, हमें उपदेश दिया है कि असल में हमें वर्तमान जीवन में ही अपने मन में अहंकार को मारना है। गुरबाणी का फुरमान हैः

**पहिला मरण कबूल कर**
**जीवन की छड़ आस।। (1102)**

भाव पहले अपने मन के अहंकार को मार तथा तृष्णा में हो रहे जन्म की आशा छोड़ देनी चाहिए।

–0–

**ਖੇਤੀਬਾੜੀ**

# ਫਸਲੀ ਵਿਭਿੰਨਤਾ ਲਈ ਬਿਹਤਰ ਬਦਲ ਹੈ-ਮੂੰਗੀ ਦੀ ਕਾਸ਼ਤ

**-ਬਲਵਿੰਦਰ ਸਿੰਘ ਢਿੱਲੋਂ, ਅਨਿਲ ਖੋਖਰ**



ਸਾਉਣੀ 'ਚ ਦਾਲਾਂ ਖ਼ਾਸ ਕਰਕੇ ਮੂੰਗੀ ਦੀ ਦਾਲ ਦੀ ਕਾਸ਼ਤ ਕਰ ਕੇ ਝੋਨੇ ਹੇਠੋਂ ਰਕਬਾ ਘਟਾਇਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਪਾਣੀ ਦੀ ਬੱਚਤ ਤਾਂ ਹੋਵੇਗੀ ਨਾਲ ਹੀ ਮਿੱਟੀ ਦੀ ਉਪਜਾਊ ਸ਼ਕਤੀ 'ਚ ਵਾਧਾ ਵੀ ਹੋਵੇਗਾ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਬਾਅਦ ਵਾਤਾਵਰਨ ਅਤੇ ਮਨੁੱਖੀ ਸਿਹਤ 'ਤੇ ਹੋਣ ਵਾਲੇ ਬੁਰੇ ਪ੍ਰਭਾਵ ਤੋਂ ਵੀ ਬਚਿਆ ਜਾ ਸਕਦਾ ਹੈ। ਮੂੰਗੀ ਉੱਚ-ਕੀਮਤ (7,755 ਰੁਪਏ ਪ੍ਰਤੀ ਕੁਇੰਟਲ) ਵਾਲੀ ਫ਼ਸਲ ਹੈ, ਇਸ ਨਾਲ ਮਿੱਟੀ ਸਿਹਤ 'ਚ ਸੁਧਾਰ ਵੀ ਹੁੰਦਾ ਹੈ। ਪੰਜਾਬ 'ਚ ਪਿਛਲੇ ਵਰ੍ਹੇ ਦੌਰਾਨ ਮੂੰਗੀ ਦੀ ਕਾਸ਼ਤ 2.1 ਹਜ਼ਾਰ ਹੈਕਟੇਅਰ ਰਕਬੇ 'ਚ ਕੀਤੀ ਗਈ ਅਤੇ ਇਸ ਦਾ ਕੁੱਲ ਉਤਪਾਦਨ 2.0 ਹਜ਼ਾਰ ਟਨ ਹੋਇਆ। ਇਸ ਦਾ ਔਸਤ ਝਾੜ 3.80 ਕੁਇੰਟਲ ਪ੍ਰਤੀ ਏਕੜ ਸੀ।

**ਮੂੰਗੀ ਦੀਆਂ ਉੱਨਤ ਕਿਸਮਾਂ:**

ਐਮ.ਐਲ. 1808: ਇਸ ਕਿਸਮ ਦੇ ਬੂਟੇ ਸਿੱਧੇ ਅਤੇ ਉੱਚਾਈ ਤਕਰੀਬਨ 71 ਸੈਂਟੀਮੀਟਰ ਦੇ ਹੁੰਦੇ ਹਨ। ਫ਼ਲੀਆਂ ਭਰਪੂਰ ਲੱਗਦੀਆਂ ਹਨ ਅਤੇ ਹਰੇਕ ਫ਼ਲੀ 'ਚ ਤਕਰੀਬਨ 11-12 ਦਾਣੇ ਹੁੰਦੇ ਹਨ। ਇਹ ਕਿਸਮ ਪੀਲੀ ਚਿਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਤਕਰੀਬਨ 71 ਦਿਨਾਂ 'ਚ ਪੱਕ ਜਾਂਦੀ ਹੈ। ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਹਰੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦ ਬਣਦੀ ਹੈ। ਇਸ ਕਿਸਮ ਦਾ ਔਸਤ ਝਾੜ 4.8 ਕੁਇੰਟਲ ਪ੍ਰਤੀ ਏਕੜ ਹੈ।

ਐਮ.ਐਲ. 2056: ਇਸ ਕਿਸਮ ਦੇ ਬੂਟੇ ਸਿੱਧੇ ਅਤੇ ਉੱਚਾਈ ਤਕਰੀਬਨ 78 ਸੈਂਟੀਮੀਟਰ ਹੁੰਦੀ ਹੈ। ਹਰੇਕ ਫ਼ਲੀ 'ਚ ਤਕਰੀਬਨ 11-12 ਦਾਣੇ ਹੁੰਦੇ ਹਨ। ਇਹ ਕਿਸਮ ਪੀਲੀ ਚਿਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੀ ਸਮੱਰਥਾ ਰੱਖਦੀ ਹੈ। ਇਹ ਕਿਸਮ ਤਕਰੀਬਨ 71 ਦਿਨਾਂ 'ਚ ਪੱਕ ਜਾਂਦੀ ਹੈ ਅਤੇ ਦਾਲ ਸੁਆਦ ਬਣਦੀ ਹੈ। ਇਸ ਕਿਸਮ ਦਾ ਔਸਤਨ ਝਾੜ ਤਕਰੀਬਨ 4.6 ਕੁਇੰਟਲ ਪ੍ਰਤੀ ਏਕੜ ਹੈ।

ਐਮ.ਐਲ. 818: ਇਸ ਦੇ ਬੂਟੇ ਖੜ੍ਹਵੇਂ ਅਤੇ ਦਰਮਿਆਨੇ ਤਕਰੀਬਨ 75 ਸੈਂਟੀਮੀਟਰ ਕੱਦ ਦੇ ਹੁੰਦੇ ਹਨ। ਹਰ ਇਕ ਫ਼ਲੀ ਵਿਚ ਤਕਰੀਬਨ 10-11 ਦਾਣੇ ਹੁੰਦੇ ਹਨ। ਇਹ ਕਿਸਮ ਪੀਲੀ ਚਿਤਕਬਰੀ ਅਤੇ ਧੱਬਿਆਂ ਦੇ ਰੋਗ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਤਕਰੀਬਨ 72 ਦਿਨਾਂ ਵਿਚ ਪੱਕ ਜਾਂਦੀ ਹੈ। ਇਸ ਦੇ ਦਾਣੇ ਹਰੇ ਰੰਗ ਦੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦ ਬਣਦੀ ਹੈ। ਇਸ ਕਿਸਮ ਦਾ ਔਸਤਨ ਝਾੜ ਤਕਰੀਬਨ 4.2 ਕੁਇੰਟਲ ਪ੍ਰਤੀ ਏਕੜ ਹੈ।

ਮੂੰਗੀ ਦੀ ਕਾਸ਼ਤ ਦੇ ਢੰਗ: ਜ਼ਮੀਨ ਦੀ ਤਿਆਰੀ: ਖੇਤ ਨੂੰ 2-3 ਵਾਰ ਵਾਹ ਕੇ ਸੁਹਾਗਾ ਮਾਰ ਕੇ ਤਿਆਰ ਕਰੋ। ਖੇਤ ਪੱਧਰਾ ਹੋਣਾ ਜ਼ਰੂਰੀ ਹੈ। ਮੂੰਗੀ ਦੀ ਬਿਜਾਈ ਬਿਨਾਂ ਖੇਤ ਵਾਹੇ ਜ਼ੀਰੋ ਟਿਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ।

**ਬਿਜਾਈ ਦਾ ਸਮਾਂ:** ਬਿਜਾਈ ਜੁਲਾਈ ਦੇ ਦੂਜੇ ਪੰਦਰ੍ਹਵਾੜੇ ਵਿਚ ਕਰੋ।

**ਬੀਜ ਦੀ ਮਾਤਰਾ :** 8 ਕਿੱਲੋ ਬੀਜ ਪ੍ਰਤੀ ਏਕੜ ਵਰਤੋ।

**ਬੀਜ ਨੂੰ ਟੀਕਾ ਲਾਉਣਾ:** ਮੂੰਗੀ ਨੂੰ ਬਿਜਾਈ ਵੇਲੇ ਸਿਫ਼ਾਰਸ਼ ਕੀਤਾ ਰਾਈਜ਼ੋਬੀਅਮ ਕਲਚਰ (ਟੀਕਾ) ਲਾਉ। ਇਕ ਏਕੜ ਲਈ ਸਿਫ਼ਾਰਸ਼ ਕੀਤੇ ਬੀਜ ਦੀ ਮਾਤਰਾ ਨੂੰ ਥੋੜ੍ਹਾ ਜਿਹਾ ਪਾਣੀ ਲਾ ਕੇ ਗਿੱਲਾ ਕਰ ਲਉ ਅਤੇ ਇਸ ਵਿਚ ਟੀਕੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਰਲਾ ਲਉ। ਛਾਵੇਂ ਪੱਕੇ ਫ਼ਰਸ਼ 'ਤੇ ਖਿਲਾਰ ਕੇ ਸੁਕਾ ਲਉ ਅਤੇ ਛੇਤੀ ਬੀਜ ਦਿਉ। ਇਸ ਟੀਕੇ ਨਾਲ ਝਾੜ ਵਿਚ 12-16 ਪ੍ਰਤੀਸ਼ਤ ਵਾਧਾ ਹੁੰਦਾ ਹੈ। ਦਵਾਈ ਨਾਲ ਸੋਧੇ ਬੀਜ ਨੂੰ ਟੀਕਾ ਲਾਇਆ ਜਾ ਸਕਦਾ ਹੈ। ਇਹ ਟੀਕਾ ਪੀ.ਏ.ਯੂ. ਦੀ ਬੀਜਾਂ ਦੀ ਦੁਕਾਨ, ਗੇਟ ਨੰ: 1 ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ/ਫ਼ਾਰਮ ਸਲਾਹਕਾਰ ਸੇਵਾ ਕੇਂਦਰਾਂ 'ਤੇ ਮਿਲਦਾ ਹੈ।

**ਬੀਜ ਦੀ ਸੋਧ:** ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਬੀਜ ਨੂੰ ਕੈਪਟਾਨ ਜਾਂ ਥੀਰਮ (ਟੈਟਰਾਮੀਥਾਈਲ ਥਾਈਯੂਰਮ ਡਾਈਸਲਫਾਈਡ) 3 ਗ੍ਰਾਮ ਪ੍ਰਤੀ ਕਿੱਲੋ ਲਗਾ ਕੇ ਬੀਜੋ।

**ਬਿਜਾਈ ਦਾ ਢੰਗ:** ਕਤਾਰ ਤੋਂ ਕਤਾਰ ਦਾ ਫ਼ਾਸਲਾ 30 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 10 ਸੈਂਟੀਮੀਟਰ ਰੱਖੋ ਅਤੇ ਬੀਜ ਡਰਿਲ/ਪੋਰੇ/ਕੇਰੇ ਨਾਲ 4 ਤੋਂ 6 ਸੈਂਟੀਮੀਟਰ ਡੂੰਘਾ ਬੀਜੋ। ਵਧੇਰੇ ਝਾੜ ਲੈਣ ਲਈ ਦੋ ਪਾਸੀ ਬਿਜਾਈ ਕਰੋ ਭਾਵ ਫ਼ਸਲ ਨੂੰ ਦੋਹਾਂ ਪਾਸਿਆਂ ਤੋਂ 30 ਸੈਂਟੀਮੀਟਰ ਵਿੱਥ ਵਾਲੇ ਸਿਆੜਾਂ 'ਚ ਅੱਧਾ ਬੀਜ ਇਕ ਵਾਰ ਅਤੇ ਅੱਧਾ ਬੀਜ ਦੂਜੀ ਵਾਰ ਵਰਤ ਕੇ ਬਿਜਾਈ ਕਰੋ।

**ਬਿਨਾਂ ਵਹਾਈ ਬਿਜਾਈ:** ਮੂੰਗੀ ਬਿਨਾਂ ਵਾਹੇ ਜ਼ੀਰੋ ਟਿੱਲ ਡਰਿੱਲ ਨਾਲ ਬੀਜੀ ਜਾ ਸਕਦੀ ਹੈ। ਜਿਨ੍ਹਾਂ ਖੇਤਾਂ ਵਿਚ ਨਦੀਨ ਜ਼ਿਆਦਾ ਹੋਣ ਉੱਥੇ ਬਿਜਾਈ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ 500 ਮਿਲੀਲੀਟਰ ਗ੍ਰਾਮੈਕਸੋਨ 24 ਐਸ.ਐਲ. (ਪੈਰਾਕੁਐਟ) ਨੂੰ 200 ਲੀਟਰ ਪਾਣੀ ਵਿਚ ਮਿਲਾ ਕੇ ਛਿੜਕਣ ਨਾਲ ਉਨ੍ਹਾਂ ਦੀ ਰੋਕਥਾਮ ਕਰ ਸਕਦੇ ਹਾਂ।

**ਬੈੱਡਾਂ ਉੱਤੇ ਬਿਜਾਈ:** ਮੂੰਗੀ ਦੀ ਬਿਜਾਈ ਬੈੱਡਾਂ ਉੱਤੇ ਵੀ ਕੀਤੀ ਜਾ ਸਕਦੀ ਹੈ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ ਮੂੰਗੀ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ ਵਿੱਥ 'ਤੇ ਤਿਆਰ ਕੀਤੇ ਬੈੱਡਾਂ (37.5 ਸੈਂਟੀਮੀਟਰ ਬੈੱਡ ਅਤੇ 30 ਸੈਂਟੀਮੀਟਰ ਖਾਲੀ) ਉੱਤੇ ਕਰਨੀ ਚਾਹੀਦੀ ਹੈ। ਮੂੰਗੀ ਦੀਆਂ ਦੋ ਕਤਾਰਾਂ ਪ੍ਰਤੀ ਬੈੱਡ 20 ਸੈਂਟੀਮੀਟਰ ਫ਼ਾਸਲੇ 'ਤੇ ਬੀਜੋ। ਬੀਜ, ਖਾਦ ਦੀ ਮਾਤਰਾ ਅਤੇ ਬਾਕੀ ਕਾਸ਼ਤਕਾਰੀ ਢੰਗ ਉਹੀ ਵਰਤਣੇ ਹਨ, ਜੋ ਕਿ ਮੂੰਗੀ ਦੀ ਪੱਧਰੀ (ਆਮ) ਬਿਜਾਈ ਲਈ ਸਿਫ਼ਾਰਸ਼ ਕੀਤੇ ਗਏ ਹਨ। ਬੈੱਡ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੇ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫ਼ਸਲ ਬਚਦੀ ਹੈ।

**ਨਦੀਨਾਂ ਦੀ ਰੋਕਥਾਮ:** ਪਹਿਲੀ ਗੋਡੀ ਬਿਜਾਈ ਤੋਂ 4 ਹਫ਼ਤੇ ਪਿੱਛੋਂ ਅਤੇ ਦੂਜੀ (ਜੇ ਲੋੜ ਪਵੇ) ਉਸ ਤੋਂ 2 ਹਫ਼ਤੇ ਪਿੱਛੋਂ ਕਰੋ ਜਾਂ 1.0 ਲੀਟਰ ਪ੍ਰਤੀ ਏਕੜ ਸਟੌਂਪ 30 ਈ.ਸੀ. (ਪੈਂਡੀਮੈਥਾਲੀਨ) ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਕਰੋ ਜਾਂ 600 ਮਿਲੀਲੀਟਰ ਪ੍ਰਤੀ ਏਕੜ ਸਟੌਂਪ 30 ਈ.ਸੀ. ਦੀ ਵਰਤੋਂ ਕਰ ਕੇ ਬਿਜਾਈ ਤੋਂ 4 ਹਫ਼ਤਿਆਂ ਪਿੱਛੋਂ ਇਕ ਗੋਡੀ ਕਰੋ। ਛਿੜਕਾਅ ਲਈ 200 ਲੀਟਰ ਪਾਣੀ ਦੀ ਵਰਤੋਂ ਕਰੋ।

**ਸਿੰਚਾਈ:** ਜੇਕਰ ਔੜ ਲੱਗ ਜਾਵੇ ਤਾਂ ਫ਼ਸਲ ਨੂੰ ਪਾਣੀ ਦਿਉ।

**ਖਾਦਾਂ:** ਬਿਜਾਈ ਸਮੇਂ ਪ੍ਰਤੀ ਏਕੜ 5 ਕਿੱਲੋ ਨਾਈਟ੍ਰੋਜਨ (11 ਕਿੱਲੋ ਯੂਰੀਆ) ਅਤੇ 16 ਕਿੱਲੋ ਫ਼ਾਸਫ਼ੋਰਸ (100 ਕਿੱਲੋ ਸਿੰਗਲ ਸੁਪਰਫ਼ਾਸਫ਼ੇਟ) ਤੱਤ ਡਰਿੱਲ ਕਰ ਦਿਉ।

**ਵਾਢੀ ਅਤੇ ਗਹਾਈ:** ਫ਼ਸਲ ਦੀ ਵਾਢੀ ਉਸ ਵੇਲੇ ਕਰੋ ਜਦੋਂ ਤਕਰੀਬਨ 80 ਪ੍ਰਤੀਸ਼ਤ ਫ਼ਲੀਆਂ ਪੱਕ ਜਾਣ, ਵਾਢੀ ਦਾਤਰੀ ਨਾਲ ਕਰੋ। ਬੂਟਿਆਂ ਨੂੰ ਪੁੱਟਣਾ ਠੀਕ ਨਹੀਂ। ਗਹਾਈ ਲਈ ਕਿੱਲਿਆਂ ਵਾਲਾ ਕਣਕ ਦਾ ਥਰੈਸ਼ਰ ਕੁਝ ਤਬਦੀਲੀਆਂ ਕਰ ਕੇ ਵਰਤਿਆ ਜਾ ਸਕਦਾ ਹੈ। ਜੇਕਰ ਕੰਬਾਈਨ ਨਾਲ ਮੂੰਗੀ ਦੀ ਵਾਢੀ ਕਰਨੀ ਹੋਵੇ ਤਾਂ ਜਦੋਂ ਤਕਰੀਬਨ 80 ਪ੍ਰਤੀਸ਼ਤ ਫ਼ਲੀਆਂ ਪੱਕ ਜਾਣ ਤਾਂ 800 ਮਿਲੀਲੀਟਰ ਗ੍ਰਾਮੈਕਸੋਨ 24 ਐਸ.ਐਲ. (ਪੈਰਾਕੁਐਟ) ਪ੍ਰਤੀ ਏਕੜ 200 ਲੀਟਰ ਪਾਣੀ ਵਿਚ ਘੋਲ ਕੇ ਛਿੜਕੋ ਤਾਂ ਜੋ ਪੱਤੇ ਅਤੇ ਤਣੇ ਸੁੱਕ ਜਾਣ।

-ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ।

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 353**

ਲੁਧਿਆਣਾ ਵਾਸੀ, ਜਨਮ ਮਿਤੀ 29-08-1994, ਕੱਦ 5'-5", 12th Pass, Businessman ਲਈ ਲੜਕੀ ਦੀ ਲੋੜ ਹੈ। ਸੰਪਰਕ: 78887-27296, 9914924920

**ਫਾਰਮ ਨੰ. 355**

ਜਲੰਧਰ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 04-01-1986, ਕੱਦ 5'-10", B.Tech, MBA, Job: SBI Card as Assistant Vice President, Posted in Gurgaon ਲਈ ਵੈਜੀਟੇਰੀਅਨ, ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰੱਖਣ ਵਾਲੀ ਲੜਕੀ ਦੀ ਲੋੜ ਹੈ- ਸੰਪਰਕ 97791-48911, 97790-48911

**ਫਾਰਮ ਨੰ. 356**

ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358**

ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360**

ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363**

ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365**

ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366**

ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367**

ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368**

ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163 -0-

**ਫਾਰਮ ਨੰ. 369**

ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370**

ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371**

ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372**

ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356 -0-

**ਫਾਰਮ ਨੰ. 373**

ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375**

Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376**

ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377**

ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378**

Mumbai Based, Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/Issueless,Divorcee/Widow Without Children Preferred. Parents Ludhiana Based. Contact: 98721-83880

## ਲਾੜੇ ਦੀ ਲੋੜ

**ਫਾਰਮ ਨੰ. 344**

ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361**

ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364**

ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Teacher ਲਈ ਲੜਕੇ ਦੀ ਲੋੜ ਹੈ। ਸੰਪਰਕ: 9501894943, 98765-55925

**ਫਾਰਮ ਨੰ. 374**

ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

-0-

# ਗੁਰਮਤਿ ਪ੍ਰਚਾਰ ਕੇਂਦਰ ਵਿੰਗ (ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਲੁਧਿਆਣਾ) ਵਲੋਂ ਸਾਲ 2023 ਦੌਰਾਨ ਲਗਾਏ ਗਏ ਗੁਰਮਤਿ ਪ੍ਰਸਾਰ/ ਨੈਤਿਕ ਵਿਦਿਆ ਦੇ ਕੈਂਪਾਂ ਦੀ ਸੰਖੇਪ ਰਿਪੋਰਟ

| ਨੰ. | ਮਿਤੀ | ਸਥਾਨ/ਸਕੂਲ | ਕੁੱਲ ਬੱਚੇ | ਸਹਿਯੋਗੀ |
|---|---|---|---|---|
| 1. | 2 ਮਈ ਤੋਂ 6 ਮਈ | ਭਾਈ ਰੂਪ ਚੰਦ ਮਾਡਲ ਹਾਈ ਸਕੂਲ ਸਮਾਧ ਭਾਈ (ਮੋਗਾ) | 200 | ਭਾਈ ਧਰਮ ਸਿੰਘ ਸਮਾਧ ਭਾਈ |
| 2. | 2 ਮਈ ਤੋਂ 6 ਮਈ | ਸ਼ਿਵਾਲਿਕ ਪਬਲਿਕ ਸਕੂਲ (ਪੰਜਵੜ) ਝਬਾਲ | 300 | ਭਾਈ ਨਿਰਮਲ ਸਿੰਘ ਸੁਰ ਸਿੰਘ |
| 3. | 2 ਮਈ ਤੋਂ 6 ਮਈ | ਬਾਬਾ ਬੀਰ ਸਿੰਘ ਪਬਲਿਕ ਸਕੂਲ, ਗੱਗੋ ਬੂਹਾ | 300 | ਭਾਈ ਨਿਰਮਲ ਸਿੰਘ ਸੁਰ ਸਿੰਘ |
| 4. | 1 ਮਈ ਤੋਂ 15 ਜੂਨ | ਉਮਰਟੀ, ਜ਼ਿਲ੍ਹਾ ਬੜਵਾਨੀ, ਮੱਧ ਪ੍ਰਦੇਸ਼ | 70 | ਸੰਗਤ |
| 5. | 1 ਮਈ ਤੋਂ 15 ਜੂਨ | ਸ਼ਾਹਪੁਰ, ਜਿਲ੍ਹਾਂ ਬੜਵਾਨੀ, ਮੱਧ ਪ੍ਰਦੇਸ਼ | 20 | ਸੰਗਤ |
| 6. | 1 ਮਈ ਤੋਂ 15 ਜੂਨ | ਪਖਨਾਰ, ਬਰਹਾਨਪੁਰ, ਮੱਧ ਪ੍ਰਦੇਸ਼ | 15 | ਸੰਗਤ |
| 7. | 4 ਮਈ ਤੋਂ 6 ਮਈ | ਨਛੱਤਰ ਸਿੰਘ ਪਬਲਿਕ ਸਕੂਲ, ਸਮਾਧ ਭਾਈ (ਬਠਿੰਡਾ) | 60 | ਭਾਈ ਧਰਮ ਸਿੰਘ ਸਮਾਧ ਭਾਈ |
| 8. | 5 ਮਈ ਤੋਂ 6 ਮਈ | ਭਾਈ ਰੂਪ ਚੰਦ ਕੌਨਵੈਂਟ ਸਕੂਲ ਸਮਾਧ ਭਾਈ (ਮੋਗਾ) | 400 | ਭਾਈ ਧਰਮ ਸਿੰਘ ਸਮਾਧ ਭਾਈ |
| 9. | 8 ਮਈ ਤੋਂ 12 ਮਈ | ਬਾਬਾ ਦੀਪ ਸਿੰਘ ਪਬਲਿਕ ਸਕੂਲ, ਬੇਗੇਪੁਰ | 500 | ਭਾਈ ਨਿਰਮਲ ਸਿੰਘ ਸੁਰ ਸਿੰਘ |
| 10. | 8 ਮਈ ਤੋਂ 12 ਮਈ | ਗੌਰਮਿੰਟ ਸਕੂਲ ਅਗਾੜਾ ਪਛਾੜਾ (ਜੀਓ ਬਾਲਾ) | 300 | ਭਾਈ ਨਿਰਮਲ ਸਿੰਘ ਸੁਰ ਸਿੰਘ |
| 11. | 8 ਮਈ ਤੋਂ 12 ਮਈ | ਗੁਰਦੁਆਰਾ ਪ੍ਰੇਮਸਰ ਸਾਹਿਬ ਬਿਲਾਸਪੁਰ (ਮੋਗਾ) | 60 | ਬੀਬੀ ਮਨਦੀਪ ਕੌਰ ਖਾਲਸਾ |
| 12. | 8 ਮਈ ਤੋਂ 12 ਮਈ | ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬਿਲਾਸਪੁਰ | 75 | ਬੀਬੀ ਮਨਦੀਪ ਕੌਰ ਖਾਲਸਾ ਤੇ ਭਾਈ ਗੁਰਦੀਪ ਸਿੰਘ ਤਖਤੂਪੁਰਾ |
| 13. | 8 ਮਈ ਤੋਂ 12 ਮਈ | ਪਿੰਡ- ਸਰਹਾਲੀ (ਤਰਨਤਾਰਨ) | 250 | ਭਾਈ ਗੁਰਪ੍ਰੀਤ ਸਿੰਘ, ਪ੍ਰਬੰਧਕ ਤੇ ਸੰਗਤ |
| 14. | 8 ਮਈ ਤੋਂ 12 ਮਈ | ਜੈ ਭਾਰਤ ਮਾਡਲ ਸਕੂਲ ਸਮੁੰਦੜਾ (ਗੜ੍ਹਸ਼ੰਕਰ) | 400 | ਕੇਂਦਰ ਨਵਾਂਸ਼ਹਿਰ, ਸਿਮਰਪ੍ਰੀਤ ਸਿੰਘ |
| 15. | 8 ਮਈ ਤੋਂ 12 ਮਈ | ਗੁਰੂ ਨਾਨਕ ਪਬਲਿਕ ਸਕੂਲ ਬਿਲਾਸਪੁਰ (ਮੋਗਾ) | 450 | ਬੀਬੀ ਮਨਦੀਪ ਕੌਰ ਖਾਲਸਾ ਤੇ ਭਾਈ ਗੁਰਦੀਪ ਸਿੰਘ ਤਖਤੂਪੁਰਾ |
| 16. | 15 ਮਈ ਤੋਂ 19 ਮਈ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ (ਖਾਲੜਾ) | 500 | |
| 17. | 15 ਮਈ ਤੋਂ 19 ਮਈ | ਸਾਹਿਬ ਪਬਲਿਕ ਸਕੂਲ ਸ਼ਿਮਲਾਪਰੀ, ਲੁਧਿਆਣਾ | 70 | ਕੈਪਟਨ ਅਵਤਾਰ ਸਿੰਘ ਪਰਿੰਗੜੀ |
| 18. | 15 ਮਈ ਤੋਂ 19 ਮਈ | ਰੂਪ ਲਾਲ ਮੈਮੋਰੀਅਲ ਐਮਜੀ ਸਕੂਲ (ਅੱਪਰਾ) | 100 | ਕੇਂਦਰ ਅਪਰਾ, ਭਾਈ ਨਰਿੰਦਰ ਸਿੰਘ ਗੁਰਵਿੰਦਰ ਸਿੰਘ |
| 19. | 15 ਮਈ ਤੋਂ 19 ਮਈ | ਐਵਰਸਾਈਨ ਹਾਈ ਸਕੂਲ (ਅੱਪਰਾ) | 120 | ਕੇਂਦਰ ਅਪਰਾ, ਭਾਈ ਨਰਿੰਦਰ ਸਿੰਘ ਗੁਰਵਿੰਦਰ ਸਿੰਘ |
| 20. | 16 ਮਈ | ਰਾਏਕੋਟ, ਬੱਸੀਆਂ | 750 | ਭਾਈ ਰੁਪਿੰਦਰ ਸਿੰਘ ਕਾਲਖ |
| 21. | 18 ਮਈ ਤੋਂ 20 ਮਈ | ਸਾਂਈ ਪਬਲਿਕ ਸਕੂਲ (ਲੁਧਿਆਣਾ) | 900 | ਕੈਪਟਨ ਅਵਤਾਰ ਸਿੰਘ ਪਰਿੰਗੜੀ |
| 22. | 21 ਮਈ ਤੋਂ 25 ਮਈ | ਪਿੰਡ ਸੁਰਸਿੰਘ | 50 | ਨਿਰਮਲ ਸਿੰਘ ਸੁਰਸਿੰਘ |
| 23. | 23 ਮਈ ਤੋਂ 27 ਮਈ | ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਸਰਹਾਲੀ) | 500 | ਭਾਈ ਗੁਰਪ੍ਰੀਤ ਸਿੰਘ ਜੋਤੀਸ਼ਾਹ |
| 24. | 23 ਮਈ ਤੋਂ 27 ਮਈ | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ (ਸਰਹਾਲੀ) | 500 | ਭਾਈ ਗੁਰਪ੍ਰੀਤ ਸਿੰਘ ਜੋਤੀਸ਼ਾਹ |
| 25. | 29 ਮਈ ਤੋਂ 31 ਮਈ | ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ (ਬਹਿਰਾਮ) | 200 | ਕੇਂਦਰ ਸਰਹਾਲਾ ਰਣੂਆ, ਭਾਈ ਸੁਖਵੀਰ ਸਿੰਘ |
| 26. | 29 ਮਈ ਤੋਂ 31 ਮਈ | ਐਫ ਸੀ ਐਸ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਜੰਡਿਆਲਾ | 1500 | ਕੇਂਦਰ ਸਰਹਾਲਾ ਰਣੂਆ, ਭਾਈ ਸੁਖਵੀਰ ਸਿੰਘ |
| 27. | 22 ਮਈ ਤੋਂ 25 ਮਈ | ਪ੍ਰਕਾਸ਼ ਮਾਡਲ ਸਕੂਲ, ਨਵਾਂਸ਼ਹਿਰ | 300 | ਪ੍ਰਬੰਧਕ ਕੇਂਦਰ ਨਵਾਂਸ਼ਹਿਰ |
| 28. | 22 ਮਈ ਤੋਂ 25 ਮਈ | ਨੈਸ਼ਨਲ ਪਬਲਿਕ ਸਕੂਲ ਗੜ੍ਹੀ ਮੱਟੋਂ (ਨਵਾਂਸ਼ਹਿਰ) | 400 | ਸਿਮਰਪ੍ਰੀਤ ਸਿੰਘ |
| 29. | 27 ਮਈ ਤੋਂ 31 ਮਈ | ਦੁਆਬਾ ਸਿੱਖ ਨੈਸ਼ਨਲ ਸਕੂਲ (ਨਵਾਂਸ਼ਹਿਰ) | 600 | ਦਵਿੰਦਰ ਸਿੰਘ ਕੈਰੋਂ |

| ਨੰ. | ਮਿਤੀ | ਸਥਾਨ/ਸਕੂਲ | ਕੁੱਲ ਬੱਚੇ | ਸਹਿਯੋਗੀ |
|---|---|---|---|---|
| 30. | 27 ਮਈ ਤੋਂ 31 ਮਈ | ਬਾਬਾ ਵਜ਼ੀਰ ਸਿੰਘ ਪਬਲਿਕ ਸਕੂਲ (ਨਵਾਂਸ਼ਹਿਰ) | 150 | ਪ੍ਰਬੰਧਕ ਕੇਂਦਰ ਨਵਾਂਸ਼ਹਿਰ |
| 31. | 15 ਮਈ ਤੋਂ 18 ਮਈ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ (ਖਾਲੜਾ) | 500 | |
| 32. | 19 ਮਈ ਤੋਂ 22 ਮਈ | ਸਰਕਾਰੀ ਹਾਈ ਸਕੂਲ, ਮੂਸੇ | 400 | |
| 33. | 19 ਮਈ ਤੋਂ 22 ਮਈ | ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਗੱਗੋਬੂਆ | 500 | |
| 34. | 2 ਮਈ ਤੋਂ 10 ਮਈ | ਪਿੰਡ ਮਾਲੂਵਾਲ | 60 | ਨਿਰਮਲ ਸਿੰਘ ਸਿੰਘ ਸੁਰਸਿੰਘ |
| 35. | 2 ਮਈ ਤੋਂ 10 ਮਈ | ਝਮਕੇ ਖੁਰਦ | 30 | ਨਿਰਮਲ ਸਿੰਘ ਸਿੰਘ ਸੁਰਸਿੰਘ |
| 36. | 6 ਮਈ ਤੋਂ 10 ਮਈ | ਜੀਓਬਾਲਾ | 55 | ਨਿਰਮਲ ਸਿੰਘ ਸਿੰਘ ਸੁਰਸਿੰਘ |
| 37. | 11 ਮਈ ਤੋਂ 15 ਮਈ | ਪਿੰਡ ਕੰਬੋਅ | 30 | ਨਿਰਮਲ ਸਿੰਘ ਸਿੰਘ ਸੁਰਸਿੰਘ |
| 38. | 16 ਮਈ ਤੋਂ 25 ਮਈ | ਪਿੰਡ ਦੋਬਲੀਆਂ | 35 | ਨਿਰਮਲ ਸਿੰਘ ਸਿੰਘ ਸੁਰਸਿੰਘ |
| 39. | 18 ਮਈ ਤੋਂ 20 ਮਈ | ਓਰੀਐਂਟਲ ਪਬਲਿਕ ਸਕੂਲ ਸਮੁੰਦੜਾ (ਗੜ੍ਹਸ਼ੰਕਰ) | 350 | ਸਤਨਾਮ ਸਿੰਘ |
| 40. | 25 ਮਈ ਤੋਂ 27 ਮਈ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁੱਬਾ (ਮਾਛੀਵਾੜਾ) | 250 | ਸਤਨਾਮ ਸਿੰਘ |
| 41. | 1 ਜੂਨ ਤੋਂ 5 ਜੂਨ | ਪਿੰਡ ਕਲੇਰ | 70 | ਭਾਈ ਰਣਜੋਧ ਸਿੰਘ ਸਮਰਾ |
| 42. | 1 ਜੂਨ ਤੋਂ 5 ਜੂਨ | ਪਿੰਡ ਬਨਵਾਲੀਪੁਰ | 60 | ਭਾਈ ਰਣਜੋਧ ਸਿੰਘ ਸਮਰਾ |
| 43. | 1 ਜੂਨ ਤੋਂ 5 ਜੂਨ | ਪਿੰਡ ਦੁੱਗਲਵਾਲ | 70 | ਭਾਈ ਰਣਜੋਧ ਸਿੰਘ ਸਮਰਾ |
| 44. | 1 ਜੂਨ ਤੋਂ 5 ਜੂਨ | ਦੁਆਬਾ ਪਬਲਿਕ ਸਕੂਲ (ਸਾਹਲੋਂ) ਨਵਾਂਸ਼ਹਿਰ | 300 | ਕੇਂਦਰ ਨਵਾਂਸ਼ਹਿਰ ਭਾਈ ਸਿਮਰਪ੍ਰੀਤ ਸਿੰਘ |
| 45. | 2 ਜੂਨ ਤੋਂ 6 ਜੂਨ | ਬਾਬਾ ਬੀਰ ਸਿੰਘ ਹਾਈ ਸਕੂਲ (ਨੌਰੰਗਾਬਾਦ) | 300 | ਕੇਂਦਰ ਗੋਇੰਦਵਾਲ ਭਾਈ ਜਗਜੀਤ ਸਿੰਘ |
| 46. | 3 ਜੂਨ ਤੋਂ 8 ਜੂਨ | ਪਿੰਡ ਚੁੱਪਕੀਤੀ, ਮੋਗਾ | 75 | ਹਰਜੀਤ ਸਿੰਘ ਪਰਿੰਗੜੀ |
| 47. | 3 ਜੂਨ ਤੋਂ 9 ਜੂਨ | ਪਿੰਡ ਬੁਰਜ ਦੁਨਾਂ, ਮੋਗਾ | 80 | ਹਰਜੀਤ ਸਿੰਘ ਪਰਿੰਗੜੀ |
| 48. | 5 ਜੂਨ ਤੋਂ 10 ਜੂਨ | ਕੋਠੇ ਅਮਰਪੁਰਾ, ਬਠਿੰਡਾ | 100 | ਭਾਈ ਚਰਨਜੀਤ ਸਿੰਘ |
| 49. | 5 ਜੂਨ ਤੋਂ 10 ਜੂਨ | ਗੋਬਿੰਦਪੁਰਾ, ਬਠਿੰਡਾ | 40 | ਸ੍ਰੀ ਸੁਖਮਨੀ ਸੇਵਾ ਸੁਸਾਇਟੀ, ਬਠਿੰਡਾ |
| 50. | 6 ਜੂਨ ਤੋਂ 10 ਜੂਨ | ਦਾਨ ਸਿੰਘ ਵਾਲਾ, ਢੇਲਵਾ, ਬੀਬੀ ਵਾਲਾ, ਗਿੱਲ ਪੱਤੀ | 60 | ਸ੍ਰੀ ਸੁਖਮਨੀ ਸੇਵਾ ਸੁਸਾਇਟੀ, ਬਠਿੰਡਾ |
| 51. | 6 ਜੂਨ ਤੋਂ 10 ਜੂਨ | ਕੋਟ ਸ਼ਮੀਰ | 40 | ਸ੍ਰੀ ਸੁਖਮਨੀ ਸੇਵਾ ਸੁਸਾਇਟੀ, ਬਠਿੰਡਾ |
| 52. | 6 ਜੂਨ ਤੋਂ 10 ਜੂਨ | ਗੁਰਦੁਆਰਾ ਭਾਈ ਜਗਤਾ ਜੀ (ਬਠਿੰਡਾ) | 110 | ਸ੍ਰੀ ਸੁਖਮਨੀ ਸੇਵਾ ਸੁਸਾਇਟੀ, ਬਠਿੰਡਾ |
| 53. | 6 ਜੂਨ ਤੋਂ 10 ਜੂਨ | ਪਿੰਡ ਮਹਿਲਾ | 110 | ਕੇਂਦਰ ਖਨਾਲ ਕਲਾਂ, ਭਾਈ ਕੁਲਦੀਪ ਸਿੰਘ |
| 54. | 6 ਜੂਨ ਤੋਂ 10 ਜੂਨ | ਪਿੰਡ ਖਨਾਲ ਕਲਾਂ | 25 | ਕੇਂਦਰ ਖਨਾਲ ਕਲਾਂ, ਭਾਈ ਕੁਲਦੀਪ ਸਿੰਘ |
| 55. | 11 ਜੂਨ ਤੋਂ 15 ਜੂਨ | ਪਿੰਡ ਚੱਕ ਕਲਾਂ | 410 | 30 ਪ੍ਰਾਣੀਆਂ ਖੰਡੇ ਬਾਟੇ ਦੀ ਪਾਹੁਲ ਛਕੀ |
| 56. | 11 ਜੂਨ ਤੋਂ 15 ਜੂਨ | ਖਨਾਲ ਖੁਰਦ | 45 | ਭਾਈ ਗੁਰਵਿੰਦਰ ਸਿੰਘ ਧੁੰਨ |
| 57. | 11 ਜੂਨ ਤੋਂ 15 ਜੂਨ | ਰਾਜਪੂਤ ਘਨੋੜ | 20 | ਭਾਈ ਗੁਰਵਿੰਦਰ ਸਿੰਘ ਧੁੰਨ |
| 58. | 11 ਜੂਨ ਤੋਂ 15 ਜੂਨ | ਪਲਾਸੌਰ | 200 | ਭਾਈ ਗੁਰਵਿੰਦਰ ਸਿੰਘ ਧੁੰਨ |
| 59. | 5 ਜੂਨ ਤੋ 10 ਜੂਨ | ਅੰਮ੍ਰਿਤ ਪਬਲਿਕ ਸਕੂਲ, ਸ਼ਿਮਲਾਪੁਰੀ | 70 | ਕੈਪਟਨ ਅਵਤਾਰ ਸਿੰਘ ਪਰਿੰਗੜੀ |
| 60. | 11 ਜੂਨ ਤੋਂ 15 ਜੂਨ | ਰੂੜੇਆਸਲ | 100 | ਗੁਰਪ੍ਰੀਤ ਸਿੰਘ ਨੱਥੂ ਚੱਕ |
| 61. | 16 ਜੂਨ ਤੋਂ 20 ਜੂਨ | ਪਿੰਡ ਦੁੱਲਵਾਂ | 60 | ਭਾਈ ਮਨਵੀਰ ਸਿੰਘ ਖਮਾਣੋਂ |
| 62. | 16 ਜੂਨ ਤੋਂ 20 ਜੂਨ | ਪਿੰਡ ਪਾਇਲ | 50 | ਕੇਅਰ ਵਨ ਕੇਅਰ ਆਲ ਗਰੁੱਪ, ਆਸਟਰੇਲੀਆ |
| 63. | 17 ਜੂਨ ਤੋਂ 20 ਜੂਨ | ਪਿੰਡ ਬੁੱਗਰਾ | 150 | ਕੇਂਦਰ ਬੁੱਗਰਾ ਭਾਈ ਜਗਜੀਤ ਸਿੰਘ |
| 64. | 17 ਜੂਨ ਤੋਂ 20 ਜੂਨ | ਪਿੰਡ ਬਨਜਾਰਾ | 25 | ਭਾਈ ਕੁਲਦੀਪ ਸਿੰਘ |
| 65. | 17 ਜੂਨ ਤੋਂ 20 ਜੂਨ | ਦਿੜ੍ਹਬਾ | 15 | ਭਾਈ ਕੁਲਦੀਪ ਸਿੰਘ |

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਚਲਾਏ ਜਾ ਰਹੇ ਪ੍ਰਚਾਰ ਕੇਂਦਰਾਂ ਦੀਆਂ ਜੂਨ ਮਹੀਨੇ ਦੀਆਂ ਸਰਗਰਮੀਆਂ

**ਮਾਝਾ:–**

**1. ਡੱਲ (98149–31134)–** ਕੇਂਦਰ ਦੇ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ ਵਲੋਂ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਭਿਖੀਵਿੰਡ ਵਿਖੇ ਹਰ ਰੋਜ਼ ਕੀਰਤਨ ਕਲਾਸ ਲਗਾਈ ਜਾਂਦੀ ਹੈ। 1984 ਦੇ ਘੱਲੂਘਾਰੇ ਨੂੰ ਸਮਰਪਿਤ ਪਿੰਡ ਖਾਲੜਾ ਵਿਚ ਵੀਚਾਰ ਸਾਂਝੇ ਕੀਤੇ ਗਏ। ਗੁਰਮਤਿ ਕਲਾਸਾਂ ਵਿਚ ਆਉਣ ਵਾਲੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਅਤੇ ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**2. ਤਰਨ–ਤਾਰਨ (88472–67156)–** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵੱਲੋਂ 5 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪਿੰਡ ਪਲਾਸੌਰ ਅਤੇ ਰੂੜੇ ਆਸਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿਚ 300 ਬੱਚਿਆਂ ਨੇ ਹਾਜ਼ਰੀ ਭਰੀ। ਸ਼ਹੀਦ ਭਾਈ ਤਾਰੂ ਸਿੰਘ ਸੇਵਾ ਸੁਸਾਇਟੀ (ਪੱਟੀ) ਵਲੋਂ ਪਿੰਡ ਕੈਰੋਂ ਵਿਖੇ ਦਸਤਾਰ ਅਤੇ ਦੁਮਾਲਾ ਕੈਂਪ ਲਗਾਇਆ ਗਿਆ। ਪਿੰਡ ਕੰਬੋ ਵਿਖੇ ਹੋਈ ਅੰਤਮ ਅਰਦਾਸ 'ਤੇ ਕਥਾ ਵੀਚਾਰ ਕੀਤੀ ਗਈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**3. ਮਾਲੂਵਾਲ (98885–20250)–** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਪਿੰਡ ਸੁਰ ਸਿੰਘ ਪੱਤੀ ਮਾਣਾ ਕੀ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਬੱਚਿਆਂ ਦਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿਚ ਲਗਭਗ 50 ਬੱਚਿਆਂ ਨੇ ਹਾਜਰੀ ਭਰੀ। ਹਾੜ ਮਹੀਨੇ ਦੀ ਆਰੰਭਤਾ 'ਤੇ ਗੁਰਦੁਆਰਾ ਸੁਰ ਸਿੰਘ ਵਿਖੇ ਅੰਮ੍ਰਿਤ ਵੇਲੇ ਮਹੀਨੇ ਦੀ ਵੀਚਾਰ ਕੀਤੀ ਗਈ। ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵਲੋਂ ਗੁਰਮਤਿ ਸਿਖਲਾਈ ਕੈਂਪ ਵਿਚ ਹਾਜਰੀ ਭਰੀ ਗਈ। 26 ਤੋਂ 30 ਜੂਨ ਗੋਇੰਦਵਾਲ ਵਿਖੇ ਚਲ ਰਹੇ ਗੁਰਮਤਿ ਕੈਂਪ ਵਿੱਚ ਹਾਜਰੀ ਭਰੀ ਗਈ। ਗੁਰਮਤਿ ਕੈਂਪ ਦੀ ਸਮਾਪਤੀ 'ਤੇ ਬੱਚਿਆਂ ਨੇ ਕੇਸ ਰੱਖਣ ਤੋਂ ਪਾਹੁਲ ਛੱਕਣ ਦਾ ਪ੍ਰਣ ਕੀਤਾ।

**ਮਾਲਵਾ:–**

**4. ਕੂੰਬਾ (98151–07941)–** ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 7 ਪਿੰਡਾਂ ਵਿਚ ਸ਼ਾਮ ਨੂੰ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ ਸੰਥਿਆ ਅਤੇ ਗੁਰ ਇਤਿਹਾਸ ਨਾਲ ਜੋੜਿਆ ਜਾਂਦਾ ਹੈ। 27 ਜੂਨ ਤੋਂ 30 ਜੂਨ ਸਵੇਰੇ ਸ਼ਾਮ ਕੇਂਦਰ ਵਿਖੇ ਗੁਰਮਤਿ ਸਿਖਲਾਈ ਕੈਂਪ ਲਗਾਏ ਗਏ। ਕੈਂਪ ਦੀ ਸਮਾਪਤੀ ਮੌਕੇ ਕਾਲਜ ਦੇ ਪ੍ਰਿੰ: ਗੁਰਬਚਨ ਸਿੰਘ ਪੰਨਵਾਂ ਵਿਸ਼ੇਸ਼ ਤੌਰ ਤੇ ਪਹੁੰਚ ਕੇ ਬੱਚਿਆਂ ਨਾਲ

| ਨੰ. | ਮਿਤੀ | ਸਥਾਨ/ਸਕੂਲ | ਕੁੱਲ ਬੱਚੇ | ਸਹਿਯੋਗੀ |
|---|---|---|---|---|
| 66. | 12 ਜੂਨ ਤੋਂ 13 ਜੂਨ | ਪਿੰਡ ਰਟੈਂਡਾ, ਨਵਾਂਸ਼ਹਿਰ | 45 | ਕੇਂਦਰ ਅੱਪਰਾ |
| 67. | 8 ਜੂਨ ਤੋਂ 11 ਜੂਨ | ਪਿੰਡ ਥਲ੍ਹਾ, ਫਿਲੌਰ | 40 | ਅੱਪਰਾ ਕੇਂਦਰ |
| 68. | 19 ਜੂਨ ਤੋਂ 24 ਜੂਨ | ਸਹੋਰਾ, ਸਿਮਰਾਘਾਟ, ਬਰਗਦੀਆ, ਉੱਤਰ ਪ੍ਰਦੇਸ਼ | 130 | ਭਾਈ ਅਮਰ ਸਿੰਘ |
| 69. | 16 ਜੂਨ ਤੋਂ 20 ਜੂਨ | ਸ਼ਿਵਾ ਜੀ ਨਗਰ, ਲੁਧਿਆਣਾ | 40 | ਸੰਗਤ |
| 70. | 21 ਜੂਨ ਤੋਂ 25 ਜੂਨ | ਪਿੰਡ ਹੁਸੈਨਪੁਰ, ਲੁਧਿਆਣਾ | 110 | ਅੱਪਰਾ ਕੇਂਦਰ |
| 71. | 21 ਜੂਨ ਤੋਂ 25 ਜੂਨ | ਪਿੰਡ ਹਠੂਰ, ਲੁਧਿਆਣਾ | 60 | ਭਾਈ ਗੁਰਜੰਟ ਸਿੰਘ, ਰਸੂਲਪੁਰ |
| 72. | 21 ਜੂਨ ਤੋਂ 25 ਜੂਨ | ਪਿੰਡ ਛਬੀਲਪੁਰ | 15 | ਖਨਾਲ ਕਲਾਂ |
| 73. | 21 ਜੂਨ ਤੋਂ 25 ਜੂਨ | ਪਿੰਡ ਸਧਾਰਨਪੁਰ | 25 | ਖਨਾਲ ਕਲਾਂ |
| 74. | 26 ਜੂਨ ਤੋਂ 30 ਜੂਨ | ਪਿੰਡ ਤੂਰ ਬਨਜਾਰਾ | 30 | ਖਨਾਲ ਕਲਾਂ |
| 75. | 26 ਜੂਨ ਤੋਂ 30 ਜੂਨ | ਪਿੰਡ ਖਨਾਲ ਕਲਾਂ | 24 | ਖਨਾਲ ਕਲਾਂ |
| 76. | 26 ਜੂਨ ਤੋਂ 30 ਜੂਨ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੋਇੰਦਵਾਲ ਸਾਹਿਬ | 500 | ਕੇਂਦਰ ਗੋਇੰਦਵਾਲ, ਜਗਜੀਤ ਸਿੰਘ |
| 77. | 27 ਜੂਨ ਤੋਂ 1 ਜੁਲਾਈ | ਪਿੰਡ ਰਤਨਗੜ ਸਿੰਧੜਾ | 20 | ਖਨਾਲ ਕਲਾਂ |
| 78. | 27 ਜੂਨ ਤੋਂ 1 ਜੁਲਾਈ | ਪਿੰਡ ਮੁਨਸ਼ੀਵਾਲਾ | 57 | ਖਨਾਲ ਕਲਾਂ |
| 79. | 1 ਜੂਨ ਤੋਂ 15 ਜੂਨ | ਕਿਸ਼ਨਗੜ੍ਹ, ਰਾਜਸਥਾਨ | 40 | ਸੰਗਤ |
| 80. | 17 ਜੂਨ ਤੋਂ 27 ਜੂਨ | ਪਿੰਡ ਕਲੇਰ ਜਹਿਲਾਨਾ, ਜੈਪੁਰ | 50 | ਸੰਗਤ |
| 81. | 20 ਜੂਨ ਤੋਂ 25 ਜੂਨ | ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ | 350 | ਗੁਰਮਤਿ ਗਿਆਨ ਮਿਸ਼ਨਰੀ ਕਾਲਜ |
| 82. | 7 ਜੂਨ ਤੋਂ 13 ਜੂਨ | ਪਿੰਡ ਪਨਾਮ, ਨਵਾਂਸ਼ਹਿਰ | 100 | ਕੇਂਦਰ ਨਵਾਂਸ਼ਹਿਰ |
| 83. | 14 ਜੂਨ ਤੋਂ 20 ਜੂਨ | ਪਿੰਡ ਮਜਾਰੀ, ਨਵਾਂਸ਼ਹਿਰ | 120 | ਕੇਂਦਰ ਨਵਾਂਸ਼ਹਿਰ |
| 84. | 21 ਜੂਨ ਤੋਂ 26 ਜੂਨ | ਪਿੰਡ ਬਰਨਾਲਾ, ਨਵਾਂਸ਼ਹਿਰ | 100 | ਕੇਂਦਰ ਨਵਾਂਸ਼ਹਿਰ |
| 85. | 28 ਜੂਨ ਤੋਂ 2 ਜੁਲਾਈ | ਪਿੰਡ ਬਘੌਰਾਂ, ਨਵਾਂਸ਼ਹਿਰ | 50 | ਸਤਨਾਮ ਸਿੰਘ |
| 86. | 27 ਜੂਨ ਤੋਂ 30 ਜੂਨ | ਪਿੰਡ ਕੂੰਬਾ (ਮਾਛੀਵਾੜਾ) | 70 | ਸਤਨਾਮ ਸਿੰਘ |

ਗੁਰਮਤਿ ਵੀਚਾਰ ਸਾਂਝੇ ਕੀਤੇ। ਇਸ ਮੌਕੇ ਵਧੀਆ ਨੰਬਰ ਲੈ ਕੇ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸੰਗਤ, ਗੁਰਦੁਆਰਾ ਕਮੇਟੀ ਵਲੋਂ ਕਾਲਜ ਦਾ ਧੰਨਵਾਦ ਕੀਤਾ ਗਿਆ। ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

**7. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਕੇਂਦਰ ਵਿਖੇ ਗੁਰਮਤਿ ਸਿਖਿਆ/ਸਮਰ ਕੈਂਪ ਲਗਾਇਆ ਗਿਆ, ਜਿਸ ਵਿਚ ਗੁਰਮਤਿ ਕਲਾਸ ਦੇ ਵਿਦਿਆਰਥੀ ਸਵੇਰ ਸਮੇਂ ਗੁਰਮਤਿ/ਕੀਰਤਨ ਕਲਾਸਾਂ ਵਿਚ ਹਾਜਰੀ ਭਰਦੇ। ਕੈਂਪ ਦੀ ਸਮਾਪਤੀ ਮੌਕੇ ਬੱਚਿਆਂ ਨੇ ਕਵਿਤਾਵਾਂ ਰਾਹੀਂ ਪੇਸ਼ਕਾਰੀ ਕੀਤੀ, ਸਾਰੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਨਾਲ ਸਬੰਧਿਤ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। 25 ਜੂਨ ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ, ਸ਼ਹੀਦ ਭਾਈ ਜਗਰੂਪ ਸਿੰਘ ਕਾਲਖ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਪਿੰਡ ਕਾਲਖ ਵਿਖੇ ਦਸਤਾਰ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ, ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਵੀਰ ਮਨਦੀਪ ਸਿੰਘ ਮੋਗਾ ਨੇ ਸੰਗਤਾਂ ਨਾਲ ਇਤਿਹਾਸਿਕ ਵਿਚਾਰ ਸਾਂਝੇ ਕੀਤੇ। ਕੇਂਦਰ ਲਤਾਲਾ ਵਿਖੇ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ, ਸਮਾਪਤੀ ਮੌਕੇ ਦਸਤਾਰ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਬੱਚਿਆਂ ਨੂੰ ਦਸਤਾਰਾਂ ਦੇ ਕੇ ਸਨਮਾਨਿਤ ਕੀਤਾ ਗਿਆ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਗਰੇਸ ਪਬਲਿਕ ਸਕੂਲ (82648-70430)-** ਪ੍ਰਚਾਰਕ ਬੀਬੀ ਸੁਖਜਿੰਦਰ ਕੌਰ ਵਲੋਂ ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਸਭਾ ਵਿੱਚ ਬੱਚੇ **ਜਪੁਜੀ ਸਾਹਿਬ** ਦਾ ਪਾਠ ਕਰਦੇ ਹਨ। ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ। ਜੂਨ ਮਹੀਨੇ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਸਮਾਗਮ ਵਿੱਚ ਬੱਚਿਆਂ ਨੇ ਕੀਰਤਨ, ਕਵਿਤਾ ਅਤੇ ਕਵੀਸ਼ਰੀ ਪੇਸ਼ ਕੀਤੇ ਗਏ। ਮੀਰੀ-ਪੀਰੀ ਦਿਵਸ ਦੇ ਸੰਬੰਧ ਵਿਚ ਲੈਕਚਰ ਕਰਵਾਏ ਗਏ।

**9. ਗਲੋਲੀ (76962-16025)-** ਕੇਂਦਰ ਦੇ ਪ੍ਰਚਾਰਕ ਭਾਈ ਰਾਹੁਲਵੀਰ ਸਿੰਘ ਵਲੋਂ ਪਿੰਡ ਗਲੋਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪਿੰਡ ਗੁਲਜਾਰਪੁਰਾ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**10. ਬੁਗਰਾ (98555-31984)-** ਪ੍ਰਚਾਰਕ ਭਾਈ ਜਗਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਵਲੋਂ 17 ਜੂਨ ਤੋਂ 21 ਜੂਨ ਤੱਕ ਪਿੰਡ ਬੁਗਰਾ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਗੁਰਮਤਿ ਕੈਂਪ ਲਗਾਏ ਗਏ ਅਤੇ ਸਮਾਪਤੀ 'ਤੇ ਫਲਦਾਰ ਅਤੇ ਛਾਂ ਵਾਲੇ ਬੂਟੇ ਵੰਡੇ ਗਏ। 1 ਜੂਨ ਤੋਂ 6 ਜੂਨ ਤੱਕ ਬਾਬਾ ਬੀਰ ਸਿੰਘ ਪਬਲਿਕ ਸੀ. ਸੈ.ਸਕੂਲ ਵਿਖੇ 5 ਦਿਨ ਦਾ ਗੁਰਮਤਿ ਕੈਂਪ ਲਗਾਇਆ ਗਿਆ। 26 ਜੂਨ ਤੋਂ 30 ਜੂਨ ਤੱਕ ਗੋਇੰਦਵਾਲ ਸਾਹਿਬ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿਚ 500 ਤੋਂ ਵੱਧ ਬੱਚਿਆਂ ਨੇ ਹਿੱਸਾ ਲਿਆ। ਕੈਂਪ ਦੀ ਸਮਾਪਤੀ 'ਤੇ ਦਸਤਾਰ ਮੁਕਾਬਲਾ ਵੀ ਕਰਵਾਇਆ ਗਿਆ। ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਲੜੀਵਾਰ ਸ਼ਬਦ-ਵੀਚਾਰ ਕੀਤੀ ਜਾਂਦੀ ਹੈ। 18 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਸਹਿਜ ਪਾਠ ਕਰ ਰਹੇ ਹਨ ਅਤੇ 7 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**11. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਵੱਲੋਂ ਸ.ਸ.ਸ.ਸ. ਦਾਖਾ (ਲੜਕੀਆਂ) ਵਿਖੇ 2 ਦਿਨ ਗੁਰਮਤਿ ਕੈਂਪ ਲਗਾਇਆ ਗਿਆ। ਪਿੰਡ ਹੇਰਾਂ ਵਿਖੇ 5 ਦਿਨਾਂ ਗੁਰਮਤਿ ਕੈਂਪ ਲਗਾਇਆ ਗਿਆ। ਪਿੰਡ ਫੱਲੇਵਾਲ ਅਤੇ ਗੁੱਜਰਵਾਲ ਵਿਖੇ ਕਥਾ ਦੀ ਹਾਜਰੀ ਭਰੀ ਗਈ। ਪਿੰਡ ਕਾਲਖ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਕਥਾ-ਵੀਚਾਰ ਕੀਤੀ ਗਈ। 25 ਬੱਚੇ ਸਹਿਜ ਪਾਠ ਕਰ ਰਹੇ ਹਨ।

**12. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। 3 ਜੂਨ ਤੋਂ 9 ਜੂਨ ਤੱਕ ਪਿੰਡ ਬੁਰਜ ਦੁਨਾਂ, ਰਾਮੂੰਵਾਲਾ ਕਲਾਂ, ਚੁੱਪਕੀਤੀ, ਸੰਧੂਆਣਾ ਅਤੇ ਮੱਲੀਆਂ ਵਾਲਾ ਵਿਖੇ ਬੱਚਿਆਂ ਦੇ ਗੁਰਮਤਿ ਕੈਂਪ ਲਗਾਏ ਗਏ। ਪਿੰਡ ਚੁੱਪਕੀਤੀ ਵਿਖੇ 8 ਜੂਨ ਨੂੰ 3 ਪਿੰਡਾਂ ਦੇ ਕੈਂਪਾਂ ਦੀ ਸਮਾਪਤੀ ਕੀਤੀ ਅਤੇ 9 ਜੂਨ ਨੂੰ 2 ਪਿੰਡਾਂ ਦੀ ਸਮਾਪਤੀ ਪਿੰਡ ਬੁਰਜ ਦੁਨਾਂ ਵਿਖੇ ਕੀਤੀ ਗਈ, ਜਿਸ ਵਿਚ ਕੈ. ਅਵਤਾਰ ਸਿੰਘ ਜੀ ਨੇ ਸੰਗਤ ਨਾਲ ਵੀਚਾਰ ਸਾਂਝੇ ਕੀਤੇ। 30 ਬੱਚੇ ਸਹਿਜ ਪਾਠ ਕਰ ਰਹੇ ਹਨ।

**ਦੁਆਬਾ**

**13. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ ਜਾਂਦੀ ਹੈ। ਕੇਂਦਰ ਵਿਖੇ 2 ਗੁਰਦੁਆਰਿਆਂ ਵਿੱਚ ਗੁਰਮਤਿ ਦੀਆਂ ਕਲਾਸਾਂ ਦੇ ਨਾਲ-ਨਾਲ ਕੀਰਤਨ ਅਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। 11 ਜੂਨ ਤੋਂ 15 ਜੂਨ ਤੱਕ ਕੇਂਦਰ ਵਿਖੇ ਬੱਚਿਆਂ ਦਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ 9 ਪਿੰਡਾਂ ਦੇ ਬੱਚਿਆਂ ਤੇ ਸੰਗਤ ਨੇ ਹਿੱਸਾ ਲਿਆ। ਕੇਂਦਰ ਵਿਖੇ ਵੱਡੀ ਸੰਗਤ ਦੀ ਗੁਰਮਤਿ ਕਲਾਸ ਵੀ ਲਗਦੀ ਹੈ। 13 ਜੂਨ ਨੂੰ ਕੇਂਦਰ ਵਿਖੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪਹੁੰਚੇ ਹੋਏ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਸੰਚਾਰ ਕੀਤਾ ਗਿਆ, ਜਿਸ ਵਿਚ 30 ਪਰ੍ਹਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ। 14 ਜੂਨ ਨੂੰ ਬੱਚਿਆਂ ਦਾ ਧਾਰਮਿਕ ਪੇਪਰ ਲਿਆ ਗਿਆ ਅਤੇ ਅਵੱਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 15 ਜੂਨ ਨੂੰ ਕੈਂਪ ਦੀ ਸਮਾਪਤੀ ਵਾਲੇ ਦਿਨ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ ਤੇ ਲੈਕਚਰ ਪੇਸ਼ ਕੀਤੇ ਗਏ। ਭਾਈ ਗੁਰਜੀਤ ਸਿੰਘ ਦੀ ਸਮੁੱਚੀ ਟੀਮ ਨੂੰ ਸਨਮਾਨਿਤ ਕੀਤਾ ਗਿਆ। ਪਿੰਡ ਹੇਰਾਂ ਅਤੇ ਚੱਕ ਖ਼ੁਰਦ ਵਿਖੇ ਵੱਡੀ ਸੰਗਤ ਦੀ ਗੁਰਮਤਿ ਕਲਾਸ 12 ਜੂਨ ਤੋਂ 14 ਜੂਨ ਤੱਕ ਲਗਾਈ ਗਈ। 80 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ। ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ।

**14. ਖਨਾਲ ਖ਼ੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ 3.30 ਤੋਂ 4.30 ਵਜੇ ਤੱਕ ਸਵੇਰੇ ਨਿਤਨੇਮ ਅਤੇ 4.30 ਤੋਂ 5.20 ਤੱਕ ਕਥਾ-ਵੀਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ 7.15 ਤੋਂ 8.15 ਤੱਕ ਨਿਤਨੇਮ ਕੀਤਾ ਜਾਂਦਾ ਹੈ। ਕੇਂਦਰ ਵਲੋਂ 12 ਪਿੰਡਾਂ ਵਿਚ ਗੁਰਮਤਿ ਸਿਖਲਾਈ ਕੈਂਪ ਲਗਾਏ ਗਏ। 50 ਬੱਚੇ ਸਹਿਜ ਪਾਠ ਕਰ ਰਹੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**15. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਿੰਘ ਪੁਰਾ ਮੁਰਾਲੀਆਂ ਮੀਰਾਂ ਸਾਹਿਬ ਵਿਖੇ 28 ਜੂਨ ਤੋਂ 2 ਜੁਲਾਈ ਤਕ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਫਿੰਦੜ ਆਰ. ਐਸ. ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, ਖੋੜ ਭਊਆਂ, ਆਰ.ਐਸ. ਪੁਰਾ ਵਿਖੇ ਵੱਡਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 6 ਬੱਚੇ ਸਹਿਜ ਪਾਠ ਕਰ ਰਹੇ ਹਨ।

16. **ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**17. ਬੜਾ ਗੁੜਾ (ਸਿਰਸਾ) (97296-10753)-** ਪ੍ਰਚਾਰਕ ਭਾਈ ਲਖਵੀਰ ਸਿੰਘ ਮੁਕਤਸਰ ਵਲੋਂ ਪਿੰਡ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

18.**ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਸਰਹਾਲਾ ਰਾਣੂੰਆਂ ਗੁ: ਬੀਬੀ ਰੂਪ ਕੌਰ ਤਲਵੰਡੀ ਜੱਟਾਂ ਬਾਬਾ ਬੰਦਾ ਸਿੰਘ ਬਹਾਦਰ ਬਾਬਤ ਗੁਰਮਤਿ ਵੀਚਾਰਾਂ ਹੋਈਆਂ।



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਮੁਨਸ਼ੀਵਾਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਗੜ੍ਹ ਸਿੰਧੜਾਂ ਦੇ ਪਿੰਡ ਖਨਾਲ ਕਲਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਲਤਾਲਾ ਵਿਖੇ ਦਸਤਾਰ ਸਿਖਲਾਈ ਕੈਂਪ ਤੋਂ ਬਾਅਦ ਦਸਤਾਰ ਮੁਕਾਬਲਾ ਕਰਵਾਇਆ ਗਿਆ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਲਤਾਲਾ ਦੇ ਪਿੰਡ ਕਾਲਖ ਦੀ ਲਾਇਬ੍ਰੇਰੀ ਵਿਚ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।



ਪਿੰਡ ਅਨਾਇਤਪੁਰ ਵਿਖੇ ਗੁਰਮਤਿ ਕੈਂਪ ਦੌਰਾਨ ਬੱਚਿਆਂ ਵਲੋਂ ਕਵੀਸ਼ਰੀ, ਭਾਸ਼ਣ, ਕਵਿਤਾ ਮੁਕਾਬਲੇ ਕਰਵਾਏ ਗਏ ਉਪਰੰਤ ਸਨਮਾਨਤ ਵੀ ਕੀਤਾ ਗਿਆ।



ਰਾਏਪੁਰ (ਛੱਤੀਸਗੜ੍ਹ) ਵਿਖੇ ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਦੇ ਸਹਿਯੋਗ ਸਦਕਾ ਛੁੱਟੀਆਂ ਦੌਰਾਨ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ

RNI No.: PUNMUL/2019/78309 Postal Regd. No.: LDC/0786/2021-23 (31-12-2023) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਫਿਰੋਜ਼ਪੁਰ ਅਤੇ ਲੋਹੀਆਂ (ਜਲੰਧਰ) ਦੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ ਗਈ

